# ਵਤਨ

(ਈ-ਅੰਕ 5)
ਜਨਵਰੀ-ਮਾਰਚ 2008

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ

ਇਸ ਅੰਕ ਵਿੱਚ


| | | | ਸਫਾ |
|---|---|---|---|
| ਸੰਪਾਦਕੀ | | | 2 |
| ਸੰਪਰਕ | | | 3 |
| ਕਵਿਤਾਵਾਂ | | ਰਵਿੰਦਰ ਰਵੀ | 4 |
| | | ਭੁਪਿੰਦਰ ਪੁਰੇਵਾਲ | 4 |
| | | ਸੁਖਿੰਦਰ | 5 |
| | | ਉਂਕਾਰਪ੍ਰੀਤ | 8 |
| ਲੇਖ | ਸਾਲ 2008 ਦੇ ਅੰਤਰਰਾਸ਼ਟਰੀ ਮਾਂ-ਬੋਲੀ ਦਿਨ 'ਤੇ | ਸਾਧੂ ਬਿਨਿੰਗ | 10 |
| ਕਹਾਣੀਆਂ | | | |
| | ਤੂੰ ਹੀ ਬੋਲ | ਹਰਪ੍ਰੀਤ ਸੇਖਾ | 13 |
| | ਪੂਛਲ ਤਾਰਾ | ਤਲਵਿੰਦਰ ਸਿੰਘ | 23 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 34 |
| ਸਥਾਈ ਕਾਲਮ | ਪਰਦਾ ਜੋ ਉੱਠ ਗਿਆ<br>ਆਜ਼ਾਦ ਮੰਡੀ ਜਾਂ ਕਾਰਪੋਰੇਸ਼ਨਾਂ ਦਾ ਗੁਲਬਾ | ਸੁਖਵੰਤ ਹੁੰਦਲ | 47 |
| ਪੁਸਤਕ ਸੂਚੀ | ਕੈਨੇਡਾ ਦਾ ਪੰਜਾਬੀ ਸਾਹਿਤ - ਕਵਿਤਾਵਾਂ | | 53 |

# ਸੰਪਾਦਕੀ

ਵਤਨ ਦੇ ਇਸ ਅੰਕ ਨਾਲ ਅਸੀਂ ਵਤਨ ਦੀ ਪ੍ਰਕਾਸ਼ਨਾ ਵਿੱਚ ਕੁਝ ਤਬਦੀਲੀਆਂ ਕਰ ਰਹੇ ਹਾਂ:

1) ਇਸ ਅੰਕ ਤੋਂ ਵਤਨ ਦੋ ਮਹੀਨਿਆਂ ਬਾਅਦ ਛਪਣ ਦੀ ਥਾਂ ਤਿੰਨ ਮਹੀਨਿਆਂ ਬਾਅਦ ਛਪਿਆ ਕਰੇਗਾ।

2) ਇਸ ਅੰਕ ਤੋਂ ਵਤਨ ਈ-ਮੇਲ ਰਾਹੀਂ ਛਪਣ ਦੇ ਨਾਲ ਨਾਲ ਪ੍ਰਿੰਟ ਰੂਪ ਵਿੱਚ ਛਾਪਿਆ ਜਾਵੇਗਾ। ਅਜਿਹਾ ਅਸੀਂ ਉਹਨਾਂ ਪਾਠਕਾਂ ਨੂੰ ਧਿਆਨ ਵਿੱਚ ਰੱਖਦਿਆਂ ਕਰ ਰਹੇ ਹਾਂ, ਜਿਹੜੇ ਅਜੇ ਈ-ਮੇਲ ਵਰਤਣ ਨਹੀਂ ਲੱਗੇ ਜਾਂ ਜਿਹਨਾਂ ਦੀ ਅਜੇ ਅਜਿਹੀਆਂ ਚੀਜ਼ਾਂ ਈ-ਮੇਲ ਜਾਂ ਇੰਟਰਨੈੱਟ ਉੱਪਰ ਪੜ੍ਹਨ ਦੀ ਆਦਤ ਨਹੀਂ ਬਣੀ। ਹੁਣ ਜਿਹੜੇ ਪਾਠਕ ਵਤਨ ਨੂੰ ਪ੍ਰਿੰਟ ਰੂਪ ਵਿੱਚ ਪੜ੍ਹਨਾ ਚਾਹੁੰਦੇ ਹਨ, ਉਹ ਵਤਨ ਦਾ ਸਾਲਾਨਾ ਚੰਦਾ, 25 ਡਾਲਰ ਭੇਜ ਕੇ ਵਤਨ ਡਾਕ ਰਾਹੀਂ ਮੰਗਵਾ ਸਕਣਗੇ। ਇਸ ਸਮੇਂ ਅਸੀਂ ਅਜਿਹਾ ਸਿਰਫ ਉੱਤਰੀ ਅਮਰੀਕਾ (ਅਮਰੀਕਾ ਅਤੇ ਕੈਨੇਡਾ) ਲਈ ਹੀ ਕਰ ਰਹੇ ਹਾਂ। ਜਿਹੜੇ ਪਾਠਕ ਵਤਨ ਈ-ਮੇਲ ਰਾਹੀਂ ਪੜ੍ਹਨਾ ਜਾਰੀ ਰੱਖਣਾ ਚਾਹੁੰਦੇ ਹਨ ਅਸੀਂ ਉਹਨਾਂ ਨੂੰ ਵਤਨ ਅੱਗੇ ਵਾਂਗ ਮੁਫਤ ਈ-ਮੇਲ ਰਾਹੀਂ ਭੇਜਦੇ ਰਹਾਂਗੇ।

3) ਜਿਵੇਂ ਅਸੀਂ ਆਪਣੇ ਪਹਿਲੇ ਅੰਕ ਦੀ ਸੰਪਾਦਕੀ ਵਿੱਚ ਲਿਖਿਆ ਸੀ ਕਿ ਅਸੀਂ ਚਾਹੁੰਦੇ ਹਾਂ ਕਿ ਵਤਨ ਅਜਿਹੀਆਂ ਰਚਨਾਵਾਂ ਦੇ ਅਦਾਨ ਪ੍ਰਦਾਨ ਦਾ ਮੰਚ ਬਣੇ ਜਿਹੜੀਆਂ ਰਚਨਾਵਾਂ ਨਿੱਜੀ ਮੁਨਾਫੇ ਦੀ ਥਾਂ ਸਮੁੱਚੇ ਸਮਾਜ ਦਾ ਫਿਕਰ ਕਰਨ ਵਾਲੀਆਂ ਹੋਣ। ਜਿਹੜੀਆਂ ਰਚਨਾਵਾਂ ਇਕ ਮਨੁੱਖਵਾਦੀ ਅਤੇ ਆਲੋਚਨਾਤਮਕ ਨਜ਼ਰੀਏ ਤੋਂ ਮਨੁੱਖਤਾ ਨੂੰ ਦਰਪੇਸ਼ ਗੰਭੀਰ ਮਸਲਿਆਂ ਨੂੰ ਘੋਖਣ ਅਤੇ ਵਿਚਾਰਨ ਵਾਲੀਆਂ ਹੋਣ। ਇਸ ਲਈ ਅਸੀਂ ਪੰਜਾਬੀ ਲੇਖਕਾਂ ਅਤੇ ਦੂਸਰੇ ਲੋਕਾਂ ਨੂੰ ਵਤਨ ਲਈ ਆਪਣੀਆਂ ਨਵੀਂਆਂ ਅਤੇ ਤਾਜ਼ੀਆਂ ਰਚਨਾਵਾਂ ਭੇਜਣ ਲਈ ਬੇਨਤੀ ਕਰਦੇ ਹਾਂ। ਇਸ ਦੇ ਨਾਲ ਨਾਲ ਅਸੀਂ ਵਤਨ ਦੇ ਪਾਠਕਾਂ ਨੂੰ ਇਹ ਵੀ ਬੇਨਤੀ ਕਰਦੇ ਹਾਂ ਕਿ ਉਹ ਵਤਨ ਵਿੱਚ ਛਪੀਆਂ ਲਿਖਤਾਂ ਬਾਰੇ ਆਪਣੇ ਵਿਚਾਰ ਅਤੇ ਟਿੱਪਣੀਆਂ ਭੇਜਣ।

ਬੇਸ਼ੱਕ ਅਸੀਂ ਇਸ ਗੱਲ ਨੂੰ ਤਰਜੀਹ ਦੇਵਾਂਗੇ ਕਿ ਵਤਨ ਨੂੰ ਆਈਆਂ ਰਚਨਾਵਾਂ ਕੰਪਿਊਟਰ ਉੱਤੇ ਟਾਇਪ ਕੀਤੀਆਂ ਅਤੇ ਵਰਡ ਫਾਰਮੈਟ ਵਿੱਚ ਸੇਵ ਕੀਤੀਆਂ ਹੋਈਆਂ ਹੋਣ ਕਿਉਂਕਿ ਅਜਿਹਾ ਕਰਨ ਨਾਲ ਸਾਨੂੰ ਇਹਨਾਂ ਰਚਨਾਵਾਂ ਨੂੰ ਵਤਨ ਲਈ ਤਿਆਰ ਕਰਨ ਵਿੱਚ ਸੌਖ ਰਹਿੰਦੀ ਹੈ। ਪਰ ਸਾਨੂੰ ਇਹ ਵੀ ਅਹਿਸਾਸ ਹੈ ਕਿ ਅਜੇ ਬਹੁਤ ਸਾਰੇ ਪੰਜਾਬੀ ਲੇਖਕ/ਪਾਠਕ ਕੰਪਿਊਟਰ ਉੱਤੇ ਪੰਜਾਬੀ ਟਾਇਪ ਨਹੀਂ ਕਰਨ ਲੱਗੇ। ਉਹਨਾਂ ਦੀ ਸਹੂਲਤ ਲਈ ਅਸੀਂ ਉਹਨਾਂ ਦੀਆਂ ਹੱਥ-ਲਿਖਤ ਰਚਨਾਵਾਂ ਵੀ ਸਵੀਕਾਰ ਕਰਾਂਗੇ।

ਸਾਨੂੰ ਆਸ ਹੈ ਕਿ ਵਤਨ ਦੇ ਸੰਬੰਧ ਵਿੱਚ ਕੀਤੀਆਂ ਜਾ ਰਹੀਆਂ ਇਹ ਤਬਦੀਲੀਆਂ ਵਤਨ ਦੇ ਪਾਠਕ/ਲੇਖਕ ਪਰਿਵਾਰ ਦਾ ਘੇਰਾ ਵਧਾਉਣ ਵਿੱਚ ਸਹਾਈ ਹੋਣਗੀਆਂ ਅਤੇ ਵਤਨ ਦੀ ਸਮੱਗਰੀ ਹੋਰ ਵੰਨ-ਸੁਵੰਨੀ ਅਤੇ ਅਮੀਰ ਬਣੇਗੀ। ਤੁਹਾਡੇ ਭਰਵੇਂ ਹੁੰਗਾਰੇ ਦੀ ਉਡੀਕ ਰਹੇਗੀ। ❋❋❋

---

## ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | shundal@sfu.ca | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---

## ਕਾਪੀਰਾਇਟ ਨੋਟਿਸ


ਜਿਹੜੀਆਂ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – ਅਦਾਰਾ ਵਤਨ


---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.

All officeholders and members of Watan, past and present, have been and are honorary associates.

---

## ਕੀਮਤ

ਈ-ਮੇਲ ਰਾਹੀਂ ਮੁਫਤ।

ਪ੍ਰਿੰਟਿਡ ਕਾਪੀ ਡਾਕ ਰਾਹੀਂ : ਇਕ ਅੰਕ: 5 ਡਾਲਰ

ਸਾਲਾਨਾ ਚੰਦਾ (ਸਿਰਫ ਉੱਤਰੀ ਅਮਰੀਕਾ ਲਈ): 25 ਡਾਲਰ

ਆਪਣੇ ਚੈੱਕ ਸੁਖਵੰਤ ਹੁੰਦਲ ਜਾਂ ਹਰਪ੍ਰੀਤ ਸੇਖਾ ਦੇ ਨਾਂ ਬਣਾਉ।

---

## ਦੋ ਕਵਿਤਾਵਾਂ

**ਰਵਿੰਦਰ ਰਵੀ**

### ਚੁੱਪ ਦਾ ਸ਼ੋਰ

ਹਰ ਚੁੱਪ ਦਾ ਸ਼ੋਰ ਸੁਣੋ
ਕੋਈ ਨਵੀਂ ਬੁਣਤ ਬੁਣੋ
ਸ਼ਬਦਾਂ ਦੀ ਗੈਂਤੀ ਲੈ ਕੇ
ਸਮਿਆਂ ਦਾ ਸੱਚ ਖੁਣੋ

ਜੋ ਸੁਣਿਆਂ, ਉਹੀ ਬੋਲੋ
ਜੋ ਤੱਕਿਆ, ਲਿਖਤ ਬਣਾਵੋ
ਦਰਸ਼ਨ ਦੀਆਂ ਭੁੱਲ-ਭਲੱਈਆਂ
ਇਸ ਹੋਂਦ ਦਾ ਹਰ ਦਰ ਖੋਲ੍ਹ

ਅਨੁਭਵ ਨਾਲ ਸੁਪਨੇ ਜੋੜੋ
ਕੋਈ ਨਵੀਂ ਕਲਪਨਾ ਕਰ ਕੇ
ਇਤਿਹਾਸ ਸਿਰਜਦੇ ਜਾਵੋ
ਹਰ ਕਾਰ-ਵਲੇਵਾਂ ਤੋੜੋ

ਕੀ ਹੋ? ਤੇ ਕਿੱਥੇ ਜਾਣਾ?
ਕਿੰਜ ਆਏ ?ਕਿੰਜ ਮਿਟ ਜਾਣਾ?
ਇਹ ਚੱਕਰਵਯੂਹ ਸਦੀਵੀ
ਹਰ ਤੋੜ ਦੀ ਜੋਤ ਜਗਾਨਾ

ਜੀਵਨ ਹੈ ਜਸ਼ਨ ਨਿਰਾਲਾ
ਇਹ ਮੌਤ ਤੋਂ ਸਮਵਿੱਥ ਵਿਚਰੇ
ਇਹ ਸੱਤ -ਰੰਗੀਆਂ ਦਾ ਸੋਮਾ
ਇਹ ਸੂਰਜ, ਇਹੋ ਉਜਾਲਾ

ਇਹ ਭਾਸ਼ਾ ਵਿਚਲਾ ਗਿਆਨ
ਇਹ ਸ਼ਬਦ ਤੇ ਨਾਲ ਧਿਆਨ
ਇਹ ਸਭਿੱਆਤਾਵਾਂ ਦੀ ਟੀਸੀ
ਹਰ ਮੌਸਮ, ਇਹ ਇਨਸਾਨ

ਹਰ ਚੁੱਪ ਦਾ ਸ਼ੋਰ ਸੁਣੋ
ਕੋਈ ਨਵੀਂ ਬੁਣਤ ਬੁਣੋ
ਸ਼ਬਦਾਂ ਦੀ ਗੈਂਤੀ ਲੈ ਕੇ
ਸਮਿਆਂ ਦਾ ਸੱਚ ਖੁਣੋ।

•••

### ਗੁੰਮਸ਼ੁਦਾ ਰਸਤੇ

ਸੱਤ ਰੰਗੀਆਂ ਨੂੰ ਲੱਭਦੇ, ਲੱਭਦੇ
ਪੰਛੀ ਖਿੰਡਰ ਗਏ
ਕਹਿਰੀ ਬੱਦਲ, ਪੌਣ ਕੜਕਦੀ,
ਅੰਬਰ ਢੱਠ ਪਏ!!

ਤੂਫ਼ਾਨਾਂ ਵਿੱਚ ਖੰਭ, ਖੰਭ ਕਰ ਕੇ
ਪੰਛੀ ਟੁੱਟ ਗਏ
ਪੰਖੋਂ ਵਿਰਵੇ, ਅੱਖਾਂ ਅੰਦਰ,
ਸੁਫਨੇ ਤਿੜਕ ਗਏ
ਅੰਬਰੀਂ ਉੱਡਣ ਵਾਲੇ, ਕੀਕੂੰ
ਭੋਂਅ 'ਤੇ ਘਿਸਰ ਰਹੇ !!!

ਹੋਂਦ ਨਿਹੋਂਦ ਦਾ ਗੰਢ-ਵਲੇਵਾਂ
ਚਿੰਤਨ ਉਲਝ ਗਏ
ਭੁੱਲ- ਭਲੱਈਆਂ ਵਿੱਚ ਦਿਸ਼ਾਵਾਂ
ਰਸਤੇ ਕਿੱਧਰ ਗਏ???

•••

## ਖਾਲੀ ਕਾਰਤੂਸ

**ਭੁਪਿੰਦਰ ਪੁਰੇਵਾਲ**

ਲੰਘ ਗਏ ਬੱਦਲ ਬਿਨ੍ਹ ਵਰਖਾ ਵਰਸਾਇਆਂ
ਔੜਾਂ ਮਾਰੀ ਸਾਰੀ ਧਰਤੀ ਬੰਜਰ ਹੋਈ

ਕਾਂ ਅੱਖ ਨਿਕਲੇ
ਬੰਜਰ ਧਰਤ ਸੁੱਕੇ ਰੁੱਖ ਸੁੱਕੇ ਹੋਰ ਸਭ ਵਣ ਬੂਟੇ
ਨਾ ਕੋਈ ਪੰਛੀ ਬੁਰੇ ਦਿਨੀ ਇਧਰ ਆਵੇ
ਬੁਰੇ ਦਿਨੀਂ ਨਾ ਇਸ ਦੀ ਟਾਹਣੇ ਚਹਿਚਹਾਵੇ
ਲੰਘਦੇ ਪੰਛੀਆਂ ਨੂੰ ਨਾ ਕੋਲ ਬੁਲਾਵੇ
ਆਲ-ਦੁਆਲੇ ਮਲੇ ਸੱਪ ਅਨੇਕਾਂ
ਤਿੱਖੀਆਂ ਤੇਜ਼ ਤਲਵਾਰਾਂ ਸੂਲਾਂ ਥੋਹਰਾਂ ਦੀਆਂ
ਨੰਗੇ ਪੈਰ
ਨੰਗੇ ਪਿੰਡੇ

ਜੋ ਆਖੋ ਹੋਰ ਅੱਗ ਦੀ ਭਾਲ ਕਰਾਂ
ਹੋਰ ਜ਼ਹਿਰੀ ਡੰਗ ਲੜਾਵਾਂ

ਜੇ ਆਖੋ ਕੀੜ ਮਕੋੜਾ ਤਲੀ ਬਿਠਾਵਾਂ
ਪਲੋਸਾ
ਤਿੱਖੇ ਦੰਦ ਕਰਾਵਾਂ
ਲਿਸ਼ਕਾਵਾਂ ਚਮਕਾਵਾਂ ਖਿੱਚ ਪਾਊ ਬਣਾਵਾ

ਜੇ ਆਖੋ ਵਰਮੀ ਹੱਥ ਪਾਵਾਂ
ਇਸ ਵਿਚਲੇ ਜੀਆ ਜੰਤ ਨੂੰ ਆਖਾਂ ਝਾਤ

ਅਸਮਾਨੀਂ ਗਿਰਝਾਂ ਊੱਚੀਆਂ ਉੱਚੀਆਂ ਉੜ ਲੰਘ ਜਾਵਣ
ਰੱਜੀਆਂ ਧਰਤੀ ਵੱਲ ਨਾ ਵੇਖਣ
ਸ਼ਿਕਾਰੀ ਕਿਵੇਂ ਘੋਰ ਅਪਰਾਧੀ ਹੋਇਆ
ਬੰਦੂਕ ਵਿਚ ਕਾਰਤੂਸ ਖਾਲੀ

ਇਸ ਬੰਜਰ ਧਰਤ ਸੁੱਕਾ ਜੰਡ ਖੜਾ
ਜਾਂ ਕੋਲ ਪਏ ਤੋੜੇ ਤੀਰ

ਬਹਿਸ਼ਤ ਅਤੇ ਦੋਜ਼ਖ ਦੇ ਬੰਦ ਦਰਵਾਜ਼ੇ
ਸੁਰਖਿਆ ਲਈ ਭਾਰੇ ਜਿੰਦਰੇ ਲਟਕ ਰਹੇ

ਲੜਾਈ ਦੇ ਭੱਖੇ ਜੰਗ ਛੇੜੀ ਹੈ
ਸਭ ਜਿੱਤ ਜਸ਼ਨ ਦੀ ਕਰੀ ਬੇਠੈ ਤਿਆਰੀ
ਤਮਾਸ਼ਬੀਨ ਨੇੜੈ ਨੇੜੇ ਢੁੱਕ ਬੇਠੈ
ਕਦੇ ਵੀ ਤਾੜੀਆਂ ਦਾ ਸ਼ੋਰ ਉਚਾ ਹੋ ਸਕਦਾ

ਲਿਸ਼ਕਦੀ ਧੁੱਪ ਨੇ ਚੈਨ ਖੋਇਆ
ਯਾਰੀ ਅੱਧਵਾਟੇ
ਯਾਰੀ ਖੰਡਰ ਖੰਡਰ

ਉਡੀਕ ਬੱਦਲਵਾਈ ਦੀ
ਰੁਣ ਝਣ ਮੀਂਹ ਕਣੀ ਦੀ
ਕੀ ਕਰੀਏ ਬੱਦਲ ਬਾਰ ਬਿਗਾਨੇ ਬੈਠੇ।

:::

## ਤਿੰਨ ਕਵਿਤਾਵਾਂ

**ਸੁਖਿੰਦਰ**

ਗਲੋਬਲੀਕਰਨ –33

ਧੀਆਂ ਨੂੰ ਹੱਸਣ ਦਿਓ–
ਹੱਸਦੀਆਂ ਹੀ ਚੰਗੀਆਂ ਲੱਗਦੀਆਂ ਨੇ, ਉਹ

ਹੱਸਦੀਆਂ ਧੀਆਂ ਨੂੰ ਦੇਖ ਯਾਦ ਆਵੇਗਾ
ਚਿੜੀਆਂ ਦਾ ਚਹਿਕਣਾ
ਚਿੜੀਆਂ ਦੇ ਚਹਿਕਣ ਨਾਲ ਯਾਦ ਆਵੇਗੀ
ਸਵੇਰ ਦੀ ਤਾਜ਼ਗੀ
ਸਵੇਰ ਦੀ ਤਾਜ਼ਗੀ ਨਾਲ ਯਾਦ ਆਵੇਗਾ
ਫੁੱਲਾਂ ਦਾ ਖਿੜਨਾ
ਫੁੱਲਾਂ ਦੇ ਖਿੜਨ ਨਾਲ ਯਾਦ ਆਵੇਗੀ
ਚੌਗਿਰਦੇ 'ਚ ਫੈਲੀ ਮਹਿਕ
ਮਹਿਕ ਨਾਲ ਯਾਦ ਆਵੇਗਾ
ਤੁਹਾਨੂੰ ਆਪਣਾ ਹੀ ਹਸੂੰ ਹਸੂੰ ਕਰਦਾ ਚਿਹਰਾ
ਹਸੂੰ ਹਸੂੰ ਕਰਦੇ ਚਿਹਰੇ ਨਾਲ ਯਾਦ ਆਵੇਗਾ
ਕਿੰਨ੍ਹੇ ਹੀ ਖੁਸ਼ਗਵਾਰ ਮੌਸਮਾਂ ਦਾ ਇਤਿਹਾਸ

ਧੀਆਂ ਨੂੰ ਹੱਸਣ ਦਿਓ–
ਹੱਸਦੀਆਂ ਹੀ ਚੰਗੀਆਂ ਲੱਗਦੀਆਂ ਨੇ, ਉਹ

ਹੱਸਣ ਦਿਓ, ਉਨ੍ਹਾਂ ਨੂੰ–
ਘਰਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਸਕੂਲਾਂ, ਕਾਲਿਜਾਂ, ਵਿਸ਼ਵਵਿਦਿਆਲਿਆਂ ਵਿੱਚ

ਹੱਸਣ ਦਿਓ, ਉਨ੍ਹਾਂ ਨੂੰ–
ਮੈਗਜ਼ੀਨਾਂ, ਅਖਬਾਰਾਂ, ਕਿਤਾਬਾਂ ਦੇ ਪੰਨਿਆਂ ਉੱਤੇ
ਰੇਡੀਓ ਦੀਆਂ ਖਬਰਾਂ ਵਿੱਚ
ਟੈਲੀਵੀਜ਼ਨਾਂ ਦੇ ਸਕਰੀਨਾਂ ਉੱਤੇ

ਹੱਸਣ ਦਿਓ, ਉਨ੍ਹਾਂ ਨੂੰ–
ਕਵਿਤਾਵਾਂ, ਕਹਾਣੀਆਂ, ਨਾਵਲਾਂ, ਨਾਟਕਾਂ ਵਿੱਚ
ਸ਼ਬਦਾਂ, ਵਾਕਾਂ, ਅਰਥਾਂ ਵਿੱਚ

ਹੱਸਣ ਦਿਓ, ਉਨ੍ਹਾਂ ਨੂੰ–
ਇਕਾਂਤ ਵਿੱਚ
ਮਹਿਫ਼ਲਾਂ ਵਿੱਚ

ਹੱਸਣ ਦਿਓ, ਉਨ੍ਹਾਂ ਨੂੰ–
ਬਹਿਸਾਂ ਵਿੱਚ
ਮੁਲਾਕਾਤਾਂ ਵਿੱਚ

ਹੱਸਣ ਦਿਓ, ਉਨ੍ਹਾਂ ਨੂੰ–
ਸਾਜ਼ਾਂ ਵਿੱਚ
ਆਵਾਜ਼ਾਂ ਵਿੱਚ

ਹੱਸਣ ਦਿਓ, ਉਨ੍ਹਾਂ ਨੂੰ–

ਸ਼ਬਦਾਂ ਦੀਆਂ ਧੁਨੀਆਂ ਵਿੱਚ
ਗਾਇਕਾਂ ਦਿਆਂ ਅਲਾਪਾਂ ਵਿੱਚ

ਧੀਆਂ ਨੂੰ ਹੱਸਣ ਦਿਓ-
ਹੱਸਦੀਆਂ ਹੀ ਚੰਗੀਆਂ ਲੱਗਦੀਆਂ ਨੇ, ਉਹ

ਸਦੀਆਂ ਤੋਂ ਉਨ੍ਹਾਂ ਦੇ ਮਨਾਂ ਅੰਦਰ
ਕੈਦ ਹੋਏ ਪਰਿੰਦਿਆਂ ਨੂੰ ਉੱਡਣ ਦਿਓ
ਖੁੱਲ੍ਹੇ ਆਸਮਾਨਾਂ, ਖੁੱਲ੍ਹੀਆਂ ਹਵਾਵਾਂ ਵਿੱਚ
ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ ਤੱਕ ਉੱਡਣ ਦਿਓ

ਧੀਆਂ ਘਰਾਂ ਦੀ ਖੁਸ਼ਬੋ ਹੁੰਦੀਆਂ
ਧੀਆਂ ਦੇ ਹਾਸੇ ਨਾਲ ਘਰ ਮਹਿਕ ਉੱਠਣ
ਧੀਆਂ ਦੇ ਚਹਿਕਣ ਨਾਲ
ਉਦਾਸੇ ਚਿਹਰਿਆਂ ਉੱਤੇ
ਰੌਣਕ ਪਰਤ ਆਉਂਦੀ ਹੈ

ਧਰਮਾਂ, ਸਭਿਆਚਾਰਾਂ ਦੀਆਂ ਸਮਾਂ ਵਿਹਾ ਚੁੱਕੀਆਂ
ਸੜਿਆਂਦ ਮਾਰਦੀਆਂ, ਮਨੁੱਖੀ ਚੇਤਨਾ ਉੱਤੇ ਵਾਧੂ ਭਾਰ
ਬਣੀਆਂ
ਕਦਰਾਂ-ਕੀਮਤਾਂ ਦੀ, ਮਾਨਸਿਕ ਕੈਦ ਵਿੱਚ ਜਕੜੇ
ਗੱਲ ਗੱਲ ਉੱਤੇ, ਕੋਬਰਾ ਸੱਪਾਂ ਵਾਂਗ ਫੰਨ ਫੈਲਾਈ
ਮੂੰਹਾਂ 'ਚੋਂ ਜ਼ਹਿਰ ਦੀਆਂ ਪਿਚਕਾਰੀਆਂ ਮਾਰਦੇ
ਮਨੁੱਖੀ ਭਾਵਨਾਵਾਂ, ਅਹਿਸਾਸਾਂ ਤੋਂ ਖਾਲੀ
ਧੀਆਂ ਦੇ ਹਾਸਿਆਂ ਨੂੰ ਕਤਲ ਕਰਨ ਵਾਲੇ
ਧਰਤੀ ਉੱਤੇ, ਮਨੁੱਖੀ ਜਾਮਿਆਂ 'ਚ
ਤੁਰੇ ਫਿਰਦੇ ਲੋਕ

ਹਕੀਕਤ ਵਿੱਚ-
ਹੈਵਾਨੀਅਤ ਦੀ ਤਸਵੀਰ ਬਣੇ
ਪੱਥਰਾਂ ਦੇ ਬੁੱਤ ਹੁੰਦੇ ਹਨ।

•••

## ਗਲੋਬਲੀਕਰਨ -34

ਸੁਣ ਰਹੇ ਹੋ?
ਮੈਂ ਚੀਖ ਰਿਹਾ ਹਾਂ-

ਜਾਣਦਾ ਹੋਇਆ ਵੀ ਕਿ
ਕਵਿਤਾ ਵਿੱਚ ਚੀਖਣਾ ਮਨ੍ਹਾਂ ਹੈ

ਵੀਅਤਨਾਮ ਦੀ ਜੰਗ ਦੇ ਦਿਨੀਂ
ਬੌਬ ਡਿਲਨ ਨੇ ਵੀ ਸਥਿਤੀ ਨੂੰ ਸਮਝਦਿਆਂ
ਅਕੂਸਟਿਕ ਗਿਟਾਰ ਨੂੰ, ਇਲੈਕਟ੍ਰਿਕ ਗਿਟਾਰ 'ਚ
ਬਦਲ ਦਿੱਤਾ ਸੀ

ਨਸਲਵਾਦ ਦੀ ਹਨ੍ਹੇਰੀ ਸਾਹਮਣੇ
ਮਾਰਟਿਨ ਲੂਥਰ ਕਿੰਗ ਨੇ
'ਮੇਰੇ ਕੋਲ ਇੱਕ ਸੁਪਨਾ ਹੈ' ਸ਼ਬਦ ਬੋਲਦਿਆਂ
ਮਨੁੱਖੀ ਭਾਵਨਾਵਾਂ ਦਾ ਮੀਲਾਂ ਲੰਬਾ
ਪਹਾੜ ਖੜ੍ਹਾ ਕਰ ਦਿੱਤਾ ਸੀ

ਸਮਾਜ ਨੂੰ ਚੰਬੜੇ ਕਾਕਰੋਚ ਦੇਖਦਿਆਂ
ਮਾਓ-ਜ਼ੇ-ਤੁੰਗ ਨੇ
ਸਭਿਆਚਾਰਕ ਇਨਕਲਾਬ ਦੀ ਚੇਤਨਾ ਜਗਾਉਣ ਲਈ
ਹਜ਼ਾਰਾਂ ਮੀਲਾਂ ਦਾ ਸਫ਼ਰ ਤਹਿ ਕੀਤਾ ਸੀ

ਨੌਜੁਆਨ ਦਿਲਾਂ ਵਿੱਚ
ਇਨਕਲਾਬ ਦੀ ਜਾਗ ਲਗਾਉਣ ਲਈ
ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ
ਅਸੈਂਬਲੀ ਵਿੱਚ ਬੰਬ ਦਾ ਧਮਾਕਾ
ਕਰਨਾ ਪਿਆ ਸੀ

ਮਹਾਂ ਭਾਰਤ ਦੀ ਜੰਗ ਵੇਲੇ
ਦੋਸਤ ਅਤੇ ਦੁਸ਼ਮਣ ਦੀ
ਸਹੀ ਪਹਿਚਾਣ ਕਰਵਾਉਣ ਲਈ
ਕ੍ਰਿਸ਼ਨ ਨੂੰ ਅਰਜੁਨ ਸੰਗ
ਲੜਾਈ ਦੇ ਮੈਦਾਨ ਵਿੱਚ ਹੀ
ਸੰਵਾਦ ਰਚਾਉਣਾ ਪਿਆ ਸੀ

ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਉਣ ਲਈ
ਬਾਬਾ ਨਾਨਕ ਜਿਹੇ ਕਰਮ ਯੋਗੀ ਨੇ ਵੀ
ਬਾਬਰ ਵਰਗੇ ਜ਼ਾਲਮ ਨੂੰ
ਕੈਦਖ਼ਾਨੇ ਵਿੱਚ ਬੰਦ ਹੁੰਦਿਆਂ ਵੀ
ਵੰਗਾਰਿਆ ਸੀ

ਮਨੁੱਖੀ ਇਤਿਹਾਸ ਕਦੀ ਮਰਦਾ ਨਹੀਂ
ਇਤਿਹਾਸ ਸਾਡੀ ਚੇਤਨਾ ਦੇ
ਕਣ ਕਣ ਵਿੱਚ ਜਿਉਂਦਾ ਹੈ
ਇਤਿਹਾਸ ਦੀਆਂ ਪੌੜੀਆਂ ਚੜ੍ਹ ਚੜ੍ਹ ਕੇ
ਅਸੀਂ ਤੁਰਨਾ ਸਿੱਖਦੇ ਹਾਂ

ਆਪਣੇ ਸਮਿਆਂ ਦੀਆਂ ਚੁਣੌਤੀਆਂ ਨਾਲ ਲੜਨ ਲਈ
ਆਪਣੀ ਜ਼ਿੰਦਗੀ ਨੂੰ ਅਰਥਾਂ ਨਾਲ ਭਰਨ ਲਈ
ਸਾਨੂੰ, ਮਨੁੱਖੀ ਇਤਿਹਾਸ ਦੇ ਤਹਿਖ਼ਾਨਿਆਂ ਵਿੱਚ

ਬਾਰ ਬਾਰ ਉਤਰਨਾ ਪਵੇਗਾ

ਆਪਣੇ ਮਨਾਂ ਦੀਆਂ ਤਖ਼ਤੀਆਂ ਉੱਤੇ
ਸ਼ਿਲਾਲੇਖਾਂ ਵਾਂਗ ਉੱਕਰੇ
ਮਨੁੱਖੀ ਇਤਿਹਾਸ ਦੇ ਸੁਨਹਿਰੀ ਕਾਰਨਾਮਿਆਂ ਤੋਂ
ਗਰਦ ਗੁਬਾਰ ਨੂੰ ਮੁੜ, ਮੁੜ ਝਾੜਨ ਲਈ
ਸਾਨੂੰ, ਮਨੁੱਖੀ ਇਤਿਹਾਸ ਦੀਆਂ ਗੁਫ਼ਾਵਾਂ ਵਿੱਚ
ਬਾਰ, ਬਾਰ ਉੱਤਰਨਾ ਪਵੇਗਾ

ਸੁਣ ਰਹੇ ਹੋ?
ਮੈਂ ਚੀਖ ਰਿਹਾ ਹਾਂ-

ਜਾਣਦਾ ਹੋਇਆ ਵੀ ਕਿ
ਕਵਿਤਾ ਵਿੱਚ ਚੀਖਣਾ ਮਨ੍ਹਾਂ ਹੈ।

•••

## ਗਲੋਬਲੀਕਰਨ -35

ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀਆਂ
ਕੰਧਾਂ ਦੇ ਓਹਲੇ
ਸੱਪਾਂ ਦੀਆਂ ਖੁੱਡਾਂ ਨ ਬਨਣ ਦਿਓ-

ਇਨ੍ਹਾਂ ਰਾਹਾਂ ਤੋਂ ਤਾਂ
ਉਨ੍ਹਾਂ ਲੋਕਾਂ ਨੇ ਹਨ੍ਹੇਰੇ ਸਵੇਰੇ ਲੰਘਣਾ ਹੈ
ਜਿਨ੍ਹਾਂ ਦੀਆਂ ਰੂਹਾਂ, ਇਨ੍ਹਾਂ ਘਰਾਂ 'ਚ
ਗੂੰਜਦੇ ਸ਼ਬਦਾਂ ਦੀ ਤਾਲ 'ਤੇ ਨੱਚਦੀਆਂ ਹਨ
ਜਿਨ੍ਹਾਂ ਦੇ ਤਨ, ਮਨ ਨੂੰ
ਇਨ੍ਹਾਂ ਗੁੰਬਦਾਂ, ਮੀਨਾਰਾਂ 'ਚੋਂ ਉੱਠਦੇ
ਸੰਗੀਤ ਰੂਪੀ, ਸ਼ਬਦਾਂ ਦੇ ਝਰਨਿਆਂ 'ਚ
ਨਹਾ ਕੇ, ਧਰਵਾਸ ਮਿਲਦਾ ਹੈ
ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀਆਂ
ਕੰਧਾਂ ਦੇ ਓਹਲੇ
ਸੱਪਾਂ ਦੀਆਂ ਖੁੱਡਾਂ ਨ ਬਨਣ ਦਿਓ-

ਜਿਨ੍ਹਾਂ ਲੋਕਾਂ ਨੇ ਕੰਧਾਂ 'ਤੇ ਲਿਖੇ
ਸੱਚ ਨੂੰ ਪੜ੍ਹਣ ਤੋਂ ਅੱਖਾਂ ਮੀਟੀਆਂ ਹਨ
ਉਨ੍ਹਾਂ ਭੋਲਿਆਂ ਦਿਆਂ ਜਿਸਮਾਂ 'ਤੇ ਲੱਗੇ
ਇਨ੍ਹਾਂ ਸੱਪਾਂ ਦੇ ਡੰਗ ਤੱਕ ਸਕਦੇ ਹੋ
ਉਨ੍ਹਾਂ ਦੇ ਜਿਸਮਾਂ 'ਚ ਵਹਿੰਦੇ ਖ਼ੂਨ ਦਾ ਰੰਗ
ਲਾਲ ਤੋਂ ਨੀਲਾ ਹੋ ਗਿਆ ਹੈ
ਉਨ੍ਹਾਂ ਲੋਕਾਂ ਦੇ ਕਬਰਸਤਾਨ ਬਣੇ
ਘਰਾਂ 'ਚ ਹੁਣ, ਉੱਲੂ ਬੋਲਦੇ ਹਨ

ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀਆਂ
ਕੰਧਾਂ ਦੇ ਓਹਲੇ
ਸੱਪਾਂ ਦੀਆਂ ਖੁੱਡਾਂ ਨ ਬਨਣ ਦਿਓ-

ਵੇਲੇ ਕੁਵੇਲੇ ਇਨ੍ਹਾਂ ਖੁੱਡਾਂ 'ਚੋਂ ਬਾਹਰ ਆਉਂਦੇ
ਫੁੰਕਾਰੇ ਮਾਰਦੇ, ਮੂੰਹਾਂ 'ਚੋਂ ਜ਼ਹਿਰ ਥੁੱਕਦੇ
ਜ਼ਹਿਰੀ ਸੱਪਾਂ ਨੇ ਨਹੀਂ ਤੱਕਣਾ
ਸੜਕਾਂ 'ਤੇ ਤੁਰ ਰਿਹਾ ਕੋਈ
ਬੱਚਾ, ਜੁਆਨ, ਬੁੱਢਾ, ਮਰਦ ਜਾਂ ਔਰਤ ਹੈ
ਉਨ੍ਹਾਂ ਨੇ ਤਾਂ ਆਪਣੀ ਆਦਤ ਪੁਗਾਂਦੇ ਹੋਏ
ਡੰਗ ਮਾਰ ਦੇਣਾ ਹੈ
ਆਦਮੀ ਅਤੇ ਸੱਪ ਦਰਮਿਆਨ
ਸਦੀਆਂ ਤੋਂ ਚੱਲ ਰਹੇ, ਦੁਸ਼ਮਣੀ ਦੇ
ਇਤਿਹਾਸ ਨੂੰ, ਮੁੜ ਸਿਰਜਣਾ ਹੈ

ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀਆਂ
ਕੰਧਾਂ ਦੇ ਓਹਲੇ
ਸੱਪਾਂ ਦੀਆਂ ਖੁੱਡਾਂ ਨ ਬਨਣ ਦਿਓ-

ਇਹ ਕੈਸੀ ਬਦਚਲਣ ਹਵਾ ਵਗ ਰਹੀ ਹੈ
ਹਰ ਕਸਬੇ, ਹਰ ਸ਼ਹਿਰ, ਹਰ ਦੇਸ਼ 'ਚ
ਸੱਪ ਪਲ ਰਹੇ ਹਨ, ਬਸ ਹੁਣ
ਫਰਕ ਏਨਾ ਹੈ ਕਿ ਉਹ
ਆਪਣੀਆਂ ਖੁੱਡਾਂ 'ਚੋਂ ਨਿਕਲ
ਮਨੁੱਖਾਂ ਦੇ ਦਿਮਾਗ਼ਾਂ ਵਿੱਚ ਆਣ ਬੈਠੇ ਹਨ
ਜਿੱਥੇ, ਉਹ ਨਿੱਕੇ, ਨਿੱਕੇ ਸਪੋਲੀਏ ਬਣ
ਦਿਨ ਰਾਤ ਕੁਰਬਲ, ਕੁਰਬਲ ਕਰਨ
ਅਤੇ ਸਮਾਂ ਲੱਗਦਿਆਂ ਹੀ
ਹੱਥਾਂ 'ਚ ਬੰਦੂਕਾਂ, ਮਸ਼ੀਨ ਗੰਨਾਂ, ਗਰਨੇਡ ਲੈ
ਅੱਲਾ-ਹੂ-ਅਕਬਰ, ਬਜਰੰਗ ਬਲੀ,
ਵਾਹਿਗੁਰੂ, ਵਾਹਿਗੁਰੂ ਜਾਂ ਜੀਸਸ ਜੀਸਸ ਦਾ
ਜਾਪ ਕਰਦਿਆਂ, ਕਾਤਲ ਬਣ
ਸੜਕਾਂ 'ਤੇ ਦਨਦਨਾਂਦੇ ਹਨ
ਤੇ ਫਿਰ, ਬਸ
ਬਾਗ਼ਾਂ 'ਚ ਖਿੜੇ ਫੁੱਲ ਮੁਰਝਾ ਜਾਣ
ਵਿਹੜਿਆਂ 'ਚ ਚੋਗਾ ਚੁਗਦੀਆਂ ਚਿੜੀਆਂ
ਦਹਿਲਕੇ ਚੀਂ ਚੀਂ ਕਰ ਉੱਠਣ
ਮਾਵਾਂ ਦੀ ਗੋਦੀ ਚੜ੍ਹੇ ਬਾਲ
ਡਰ ਨਾਲ ਵਿਲਕਣ ਲੱਗ ਜਾਂਦੇ
ਹੱਸਦੇ-ਵੱਸਦੇ ਘਰਾਂ 'ਚ ਫਿਰ
ਬਿਖਰੀਆਂ ਹੁੰਦੀਆਂ ਨੇ ਹਰ ਪਾਸੇ
ਲਹੂ ਨਾਲ ਭਿੱਜੀਆਂ, ਵੱਢੀਆਂ, ਟੁੱਕੀਆਂ

ਬੱਚਿਆਂ, ਜੁਆਨਾਂ, ਬੁੱਢਿਆਂ ਦੀਆਂ ਲਾਸ਼ਾਂ

ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀਆਂ
ਕੰਧਾਂ ਦੇ ਓਹਲੇ
ਸੱਪਾਂ ਦੀਆਂ ਖੁੱਡਾਂ ਨ ਬਨਣ ਦਿਓ-

ਨਹੀਂ ਤਾਂ, ਮਾਵਾਂ, ਧੀਆਂ, ਭੈਣਾਂ, ਭਾਬੀਆਂ ਦੇ
ਸਿਰਾਂ ਤੋਂ ਉੱਡਦੇ, ਦੁਪੱਟੇ, ਫੁਲਕਾਰੀਆਂ
ਲਾਸ਼ਾਂ ਦੇ ਕਫਨਾਂ ਵਿੱਚ ਬਦਲਦੇ ਤੱਕ
ਪੱਥਰਾਂ ਦੇ ਬੁੱਤਾਂ 'ਚ ਢਲ
ਤੁਸੀਂ, ਜ਼ਿੰਦਗੀ ਦੇ ਆਖਰੀ
ਪਲ ਹੰਢਾਉਗੇ-

ਉਦੋਂ ਬਸ, ਹੌਂਸਲਾ ਦੇਣ ਲਈ ਤੁਹਾਨੂੰ
ਅੱਖਾਂ 'ਚ ਵਗ ਰਹੇ ਨਿਰਮਲ ਪਾਣੀਆਂ ਦਾ
ਗੰਗਾ, ਜਮਨਾ, ਰਾਵੀ, ਝਨਾਂ ਜਿਹਾ
ਠਾਠਾਂ ਮਾਰਦਾ ਕੋਈ ਦਰਿਆ ਹੋਵੇਗਾ

ਤੇ ਤੁਸੀਂ, ਉਸ ਵਿੱਚ
ਰੇਤ ਦੇ ਕਿਣਕੇ ਜਿਹੀ
ਆਪਣੀ ਹੋਂਦ ਲੈ ਕੇ
ਡੁੱਬ ਜਾਓਗੇ।

:::

## ਤਿੰਨ ਕਵਿਤਾਵਾਂ

### ਉਂਕਾਰਪ੍ਰੀਤ

ਚਲਾਣਾ...

ਉਹ ਤੂੰ ਹੀ ਸੀ?
ਜਿਸਨੇ ਕਦੇ
ਜੋਤਾ ਲਾ ਹਟੇ
ਤੂਤਾਂ ਛਾਵੇਂ ਅਲਾਣੀ ਮੰਜੀ ਤੇ ਲਿਟੇ
ਬਾਪੂ ਦੇ ਪੈਰਾਂ ਦੀਆਂ ਬਿਆਈਆਂ ਚੋਂ
ਝਾਕਦੇ ਗੁਲਾਬੀ-ਪਨ ਨੂੰ
ਲਾਵਾ ਦੱਸਿਆ ਸੀ।
ਜਿਸ ਵਿੱਚ ਜਗੀਰੂ ਕੀ ਕੋਠੀ ਨੇ
ਸੜ ਕੇ ਰਾਖ ਹੋਣਾ ਸੀ।

ਉਹ ਤੂੰ ਹੀ ਸੀ?
ਜਿਸਨੇ ਉਸ ਦੁਪਹਿਰ
ਸੁੱਤੇ ਬਾਪ ਦੀਆਂ ਹਥੇਲੀਆਂ
ਤੇ ਉਭਰੇ ਸਖਤ ਰੱਟਣਾ ਨੂੰ
ਉਹ ਚਟਾਨਾ ਦੱਸਿਆ ਸੀ
ਜਿਨਾਂ ਚੋਂ ਛੇਤੀਂ ਸੂਰਜ ਉਦੈ ਹੋਣਾ ਸੀ।

ਉਹ ਤੂੰ ਹੀ ਸੀ?
ਜਿਸਨੇ ਉਸ ਦੁਪਹਿਰ ਤਾਸ਼ ਦੀ ਡੱਬੀ
ਨੂੰ ਅੱਗ ਲਾਈ ਸੀ ਤੇ ਕਿਹਾ ਸੀ
ਆ 'ਲਾਲ-ਕਿਤਾਬ' ਪੜ੍ਹੀਏ।

ਅੱਜ ਜਦ ਮੈਂ ਵਰ੍ਹਿਆਂ ਬਾਦ
ਦੇਸ ਪਰਤਿਆ ਹਾਂ, ਤਾਂ
ਤੂੰ ਅਪਣੇ ਧਿਆਨ
'ਬਾਪੂ' ਦੀ ਫੋਟੋ ਲਾਗੇ ਬੈਠਾ
ਪੈਰਾਂ ਦੀਆਂ ਬਿਆਈਆਂ ਨੂੰ
ਬਲਦੀ ਮੋਮਬੱਤੀ ਦਾ ਮੋਮ ਚੁਆ
ਪੂਰ ਰਿਹੈਂ।

ਮੇਰੇ ਲਿਆਂਦੇ 'ਨਿਕ-ਸੁੱਕ'
ਚੋਂ 'ਨੀਵੀਆ ਕਰੀਮ'
ਅਪਣੇ ਹੱਥਾਂ ਦੇ ਰੱਟਣਾਂ ਤੇ
ਮਲਣ ਲੱਗਾਂ ਏਂ।
'ਅਮਰੀਕਨ ਕਰੀਮ' ਦੀਆਂ
ਸਿਫਤਾਂ ਦੱਸਦਾ ਏਂ
ਮੁਸਕੜੀਏ ਹੱਸਦਾ ਏਂ
ਤੇ ਉਹਲੇ ਨਾਲ ਦੱਸਦਾ ਏਂ
'ਤੇਰੀ ਭਰਜਾਈ ਬੜਾ ਚਿੜਦੀ ਏ
ਇਹਨਾਂ ਰੱਟਣਾਂ ਤੋਂ'

ਮੈਂ ਡੌਰ ਭੌਰ ਤੇਰੇ ਮੂੰਹ ਵੱਲ ਤੱਕਦਾ ਹਾਂ
ਤੂੰ ਪੁੱਛਦਾ ਏਂ ,"ਕੀ ਹੋਇਆ?"
ਜਿਵੇਂ ਮੇਰੀਆਂ ਅੱਖਾਂ ਵਿਚਲਾ
ਸੁਆਲ ਤੂੰ ਪੜ੍ਹ ਲਿਆ ਏ॥

ਮੈਂ ਚੁਪ ਚਾਪ ਉਠ ਆਇਆਂ ਹਾਂ
ਕਿ ਮੈਨੂੰ ਤੇਰੇ ਕੋਲ
'ਬਾਪੂ ਦੇ ਚਲਾਣੇ' ਦਾ ਅਫਸੋਸ ਕਰਨਾ
ਤੇਰੇ ਕੋਲੋਂ
'ਲਾਲ-ਕਿਤਾਬ' ਬਾਰੇ ਪੁੱਛਣ ਵਾਂਗ
ਬੇਤੁੱਕਾ ਲੱਗਾ ਹੈ।

...

## ਦਸਤਾਨੇ - 1

ਤੇਰੇ ਲਈ ਦਸਤਾਨੇ ਲੈਂਦਿਆਂ
ਕਿੰਨੇ ਨਿੱਘੇ ਨਿੱਘੇ ਅਹਿਸਾਸ
ਮੇਰੇ ਨਾਲ ਹਨ।
ਤੇਰੇ ਹੱਥਾਂ ਨੂੰ
ਹਰ ਸੀਤ ਹਵਾ ਤੋਂ
ਬਚਾਉਣ ਦੀ ਦੁਆ ਵਰਗੇ।

ਤੇਰੇ ਹੱਥ ਜੋ...
ਪਿਆਰ ਦੀ ਛੋਹ ਦਾ ਘਰ ਹਨ
ਅਪਣੱਤ ਦੇ ਪਿੰਡ ਦਾ ਦਰ ਹਨ।
ਜਿਹਨਾਂ ਦੀ ਛੋਹ ਦੇ ਕਦਮਾਂ ਨਾਲ
ਆਦਿ-ਜੁਗਾਦਿ ਤੋਂ
ਨਿੱਘ ਦੇ ਕਾਫ਼ਲੇ ਰਵਾਂ ਹਨ।

'ਹੱਥ', ਜਿਹਨਾਂ ਦੇ ਨਿੱਘ ਨਾਲ:
ਦਿਲਾਂ 'ਚ ਧੜਕਣ ਹੈ,
ਪਰਾਂ 'ਚ ਪਰਵਾਜ ਹੈ,
ਚੁੱਲਿਆਂ 'ਚ ਅੱਗ ਹੈ,
ਦੀਵਿਆਂ 'ਚ ਲੋਅ ਹੈ,
ਬੀਜ 'ਚ ਪੁੰਗਰਾਅ ਹੈ,
ਜੀਵਨ ਹਰਾ-ਭਰਾ ਹੈ।

ਤੇਰੇ ਲਈ ਦਸਤਾਨੇ ਲੈਂਦਿਆਂ
ਮੇਰਾ ਪੂਰਾ ਵਜੂਦ
'ਪ੍ਰੀਤ-ਨਿੱਘ' ਦੀ ਬੁੱਕਲ ਵਿੱਚ ਹੈ
ਬਰਫਾਨੀ ਮੌਸਮ 'ਚ
ਕਿਸੇ ਹੱਥ ਦੁਆਲੇ ਲਿਪਟੇ
ਦਸਤਾਨੇ ਵਾਂਗ।

ਤੇਰੇ ਲਈ ਦਸਤਾਨੇ ਲੈਂਦਿਆਂ
ਕਿੰਨੇ ਨਿੱਘੇ ਨਿੱਘੇ ਅਹਿਸਾਸ
ਮੇਰੇ ਨਾਲ ਹਨ।

•••

## ਦਸਤਾਨੇ - 2

ਨਿੱਘੇ ਹੱਥਾਂ ਵਾਲਿਓ!!
ਇਸ ਤੋਂ ਪਹਿਲਾਂ ਕਿ:
ਨਿੱਘ ਦੀ ਹਰ ਕਣੀ ਨੂੰ
ਸੀਤ ਮੌਸਮ ਦਾ ਗਲੇਸ਼ੀਅਰ
ਨਿਗਲ ਜਾਏ।
ਅਪਣੇ ਹੱਥਾਂ ਤੋਂ ਹਰ 'ਦਸਤਾਨਾ'
ਲਾਹ ਦਿਓ!!

ਸੀਤ ਹਵਾਵਾਂ ਦੇ ਹੱਥਾਂ 'ਚ
ਸੌਂਪ ਦੇਵੋ ਅਪਣੇ ਹੱਥ।
ਤਾਂ ਕਿ
ਨਿੱਘ ਦਾ ਸੰਚਾਰ ਹੋਵੇ।
ਹਰ ਕਰੂੰਬਲ ਤੋਂ ਲਹੇ
ਕੋਰੇ ਦੀ ਪਰਤ।

ਮੌਸਮਾਂ 'ਚ ਮੁੜ ਨਿੱਘ ਪਰਤੇ
ਰਗਾਂ 'ਚ ਲਹੂ ਪੰਘਰੇ।
ਧਰਤੀ ਦੀ ਗੋਦ ਭਰੇ
ਬੇਲਿਆਂ 'ਚ ਮੁੜ ਪਰਤਣ
ਹੀਰ- ਰਾਂਝੇ
ਮੁੜ ਲਿਖੇ ਜਾਣ ਮੋਹ ਦੇ ਵਰਕੇ।

ਠਰਨ ਦੀ ਕੈਦ ਚੋਂ
ਨਿਘਾਸ ਹੋਵੇ ਆਜ਼ਾਦ
ਨਿੱਘੇ ਦਿਲਾਂ, ਹੱਥਾਂ,ਅੱਖਾਂ
ਚਿਹਰੇ-ਮੋਹਰਿਆਂ ਵਾਲੇ
ਮੁੜ ਹੋਣ ਆਬਾਦ।

ਨਿੱਘੇ ਹੱਥਾਂ ਵਾਲਿਓ!!
ਇਸ ਤੋਂ ਪਹਿਲਾਂ ਕਿ:
ਨਿੱਘ ਦੀ ਹਰ ਕਣੀ ਨੂੰ
ਸੀਤ ਮੌਸਮ ਦਾ ਗਲੇਸ਼ੀਅਰ
ਨਿਗਲ ਜਾਏ।
ਅਪਣੇ ਹੱਥਾਂ ਤੋਂ ਹਰ ਦਸਤਾਨਾ
ਲਾਹ ਦਿਓ।

***

# ਸਾਲ 2008 ਦੇ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ’ਤੇ

**ਸਾਧੂ ਬਿਨਿੰਗ**
sadhu.binning@gmail.com

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਰ੍ਹੇ ਵੀ ਪਲੀ (ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ) ਵੱਲੋਂ 24 ਫਰਵਰੀ ਵਾਲੇ ਦਿਨ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਮੰਨਾਇਆ ਜਾਵੇਗਾ। ਦੁਨੀਆਂ ਭਰ ਵਿਚ ਮੰਨਾਏ ਜਾਂਦੇ ਇਸ ਦਿਨ ਦੀ ਸ਼ੁਰੂਆਤ 1999 ਵਿਚ ਹੋਈ ਜਦੋਂ ਬੰਗਲਾਦੇਸ਼ ਵਲੋਂ ਪੇਸ਼ ਕੀਤੇ ਰੈਜ਼ੂਲੇਸ਼ਨ ਦੇ ਨਤੀਜੇ ਵਜੋਂ ਯੁਨੈਸਕੋ ਨੇ ਫੈਸਲਾ ਕੀਤਾ ਕਿ ਹਰ ਵਰ੍ਹੇ 21 ਫਰਵਰੀ ਦਾ ਦਿਨ ਮਾਂ-ਬੋਲੀ ਦਿਨ ਹੋਵੇਗਾ। ਇਸ ਦਿਨ 1952 ਵਿੱਚ, ਬੰਗਲਾਦੇਸ਼, ਜੋ ਉਸ ਵੇਲੇ ਪੂਰਬੀ ਪਾਕਿਸਤਾਨ ਸੀ, ਵਿੱਚ ਆਪਣੀ ਭਾਸ਼ਾ ਦੀ ਪਹਿਚਾਣ ਲਈ ਜਦੋਜਹਿਦ ਕਰ ਰਹੇ ਨੌਜਵਾਨਾਂ ਨੇ ਆਪਣੇ ਜੀਵਨ ਦੀਆਂ ਕੁਰਬਾਨੀਆਂ ਦਿੱਤੀਆਂ ਸਨ। ਹੁਣ ਇਹ ਦਿਨ ਦੁਨੀਆਂ ਭਰ ਵਿਚ ਮਾਂ-ਬੋਲੀ ਦੇ ਦਿਨ ਵਜੋਂ ਮੰਨਾਇਆ ਜਾਂਦਾ ਹੈ।

ਪਲੀ ਵਲੋਂ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਦਾ ਇਹ ਛੇਵਾਂ ਸਲਾਨਾ ਸਮਾਗਮ ਹੋਵੇਗਾ। ਇਸ ਸਮੇਂ ਸਾਡੀ ਕੋਸ਼ਸ਼ ਹੁੰਦੀ ਹੈ ਕਿ ਪੰਜਾਬੀ ਬੋਲੀ ਨੂੰ ਦਰਪੇਸ਼ ਪਹਾੜਾਂ ਜਿੱਡੀਆਂ ਸਮੱਸਿਆਵਾਂ ਦੇ ਬਾਵਜੂਦ ਕੁਝ ਹਾਂ-ਪੱਖੀ ਵਿਚਾਰ ਕੀਤੇ ਜਾਣ। ਪੰਜਾਬੀਆਂ ਵਲੋਂ ਵੱਡੀ ਪੱਧਰ ’ਤੇ ਜੀਵਨ ਵਿਚ ਕਾਮਯਾਬ ਹੋਣ ਦੀ ਕੁਦਰਤੀ ਖਾਹਿਸ਼ ਵਿਚ ਆਪਣੀ ਮਾਂ-ਬੋਲੀ ਨੂੰ ਛੱਡ ਕੇ ਦੂਜੀਆਂ ਬੋਲੀਆਂ ਨੂੰ ਅਪਨਾਉਣ ਨਾਲ ਪੈਦਾ ਹੋਈਆਂ ਸਮੱਸਿਆਵਾਂ ਤੋਂ ਬਹੁਤ ਲੋਕ ਜਾਣੂ ਵੀ ਹਨ ਅਤੇ ਫਿਕਰਮੰਦ ਵੀ। ਭਾਰਤ, ਪਾਕਿਸਤਾਨ ਅਤੇ ਬਾਹਰ ਵਸਣ ਵਾਲੇ ਸੂਝਵਾਨ ਪੰਜਾਬੀ ਆਪਣੀ ਜ਼ਿੰਮੇਵਾਰੀ ਨੂੰ ਪਹਿਚਾਣਦੇ ਹੋਏ ਅਕਸਰ ਇਨ੍ਹਾਂ ਮਸਲਿਆਂ ਨੂੰ ਵਿਚਾਰਦੇ ਅਤੇ ਲਿਖਦੇ ਰਹਿੰਦੇ ਹਨ। ਪਰ ਬਹੁਤੀ ਵਾਰੀ, ਬਹੁਤਾ ਧਿਆਨ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੱਲ ਹੀ ਕੇਂਦਰਿਤ ਕੀਤਾ ਜਾਂਦਾ ਹੈ ਅਤੇ ਸਮੱਸਿਆਵਾਂ ਏਨੀਆਂ ਜ਼ਿਆਦਾ ਅਤੇ ਗੰਭੀਰ ਹਨ ਕਿ ਪੜ੍ਹਨ ਸੁਣਨ ਵਾਲਾ ਸਗੋਂ ਹੋਰ ਨਿਰਾਸ਼ ਹੋ ਜਾਂਦਾ ਹੈ।

ਪਲੀ ਵਿਚ ਸਰਗਰਮ ਵਿਅਕਤੀਆਂ ਨੂੰ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਹੈ ਕਿ ਅਸੀਂ ਇਕੱਲੇ ਹੀ ਪੰਜਾਬੀ ਸਬੰਧੀ ਹਰ ਮਸਲੇ ਨੂੰ ਸਮਝਦੇ ਹਾਂ ਜਾਂ ਕੋਈ ਬਹੁਤ ਵੱਡਾ ਕੰਮ ਕਰ ਸਕਦੇ ਹਾਂ। ਅਸੀਂ ਪਿਛਲੇ ਪੰਦਰਾਂ ਸਾਲਾਂ ਤੋਂ ਆਪਣੀ ਸੂਝ ਤੇ ਹਿੰਮਤ ਦੀ ਸੀਮਾ ਨੂੰ ਧਿਆਨ ਵਿਚ ਰੱਖਦਿਆਂ ਸਿਰਫ ਉਨ੍ਹਾਂ ਹੀ ਕੁਝ ਮਸਲਿਆਂ ਵੱਲ ਸਮਾਂ ਤੇ ਸ਼ਕਤੀ ਲਾਈ ਹੈ ਜਿਸ ਬਾਰੇ ਸਾਡੀ ਸਮਝ ਅਨੁਸਾਰ ਅਮਲੀ ਤੌਰ ’ਤੇ ਕੁਝ ਕੀਤਾ ਕਰਵਾਇਆ ਜਾ ਸਕਦਾ ਹੈ। ਸਾਡੇ ਸਾਹਮਣੇ ਦੋ ਮੁੱਖ ਨਿਸ਼ਾਨੇ ਹਨ। *ਇਕ)* ਪੰਜਾਬੀ ਬੋਲੀ ਦੀ ਪੜ੍ਹਾਈ ਨੂੰ ਇੱਥੋਂ ਦੇ ਹਰ ਪੱਧਰ ਦੇ ਵਿਦਿਅਕ ਅਦਾਰਿਆ ਵਿਚ ਪੱਕੇ ਪੈਰੀਂ ਸਥਾਪਤ ਕਰਾਉਣਾ; *ਦੂਜਾ)* ਪੰਜਾਬੀ ਬੋਲੀ ਨੂੰ ਕਨੇਡਾ ਵਿਚ ਇਕ ਕਨੇਡੀਅਨ ਬੋਲੀ ਦੇ ਤੌਰ ’ਤੇ ਮਾਨਤਾ ਦੁਆਉਣੀ।

ਆਪਣੇ ਪਹਿਲੇ ਨਿਸ਼ਾਨੇ ਨੂੰ ਲੈ ਕੇ ਸਾਡੀ ਸਰਗਰਮੀ ਦੀ ਸ਼ੁਰੂਆਤ 1993 ਵਿਚ ਉਸ ਸਮੇਂ ਹੋਈ ਜਦੋਂ ਬੀ ਸੀ ਦੇ ਸਕੂਲਾਂ ਵਿਚ ਪੜ੍ਹਾਈ ਲਈ ਨਵੀਂ ਭਾਸ਼ਾ ਨੀਤੀ ਬਣਾਈ ਜਾਣ ਦੀ ਗੱਲ ਚੱਲ ਰਹੀ ਸੀ। ਜੁਲਾਈ 1994 ਵਿਚ ਇਹ ਨਵੀਂ ਨੀਤੀ ਬਣੀ ਜਿਸ ਵਿਚ ਪੰਜਾਬੀ ਨੂੰ ਵੀ ਦੂਜੀਆਂ ਬੋਲੀਆਂ ਦੇ ਬਰਾਬਰ ਸਕੂਲਾਂ ਵਿਚ ਪੜ੍ਹਾਏ ਜਾਣ ਦਾ ਦਰਜਾ ਦਿੱਤਾ ਗਿਆ। ਅਸੀਂ ਉਦੋਂ ਤੋਂ ਹੀ ਬੀ ਸੀ ਦੇ ਅਤੇ ਖਾਸ ਕਰ ਵੈਨਕੂਵਰ ਦੇ ਆਸ ਪਾਸ ਦੇ ਪਬਲਿਕ ਸਕੂਲਾਂ ਵਿਚ ਨਵੀਂ ਨੀਤੀ ਅਨੁਸਾਰ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਦੇ ਯਤਨ ਕਰ ਰਹੇ ਹਾਂ। ਹੋਰ ਵੀ ਬਹੁਤ ਸਾਰੇ ਲੋਕਾਂ ਨੇ ਆਪੋ ਆਪਣੀ ਥਾਂ ਇਸ ਸਬੰਧੀ ਕੋਸ਼ਸ਼ਾਂ ਕੀਤੀਆਂ ਹਨ ਅਤੇ ਕਰ ਰਹੇ ਹਨ। ਨਤੀਜੇ ਵਜੋਂ ਕੁਝ ਪ੍ਰਾਪਤੀਆਂ ਹੋਈਆਂ ਹਨ ਪਰ ਜਿੰਨੀ ਸਭਾਵਨਾ ਸੀ ਜਾਂ ਹੈ ਉਸ ਨਾਲੋਂ ਕਿਤੇ ਘੱਟ। ਇਸ, ਨੀਤੀ ਅਨੁਸਾਰ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਾਉਣ ਅਤੇ ਚਲਦੀ ਰੱਖਣ ਦੇ, ਸਧਾਰਨ ਦਿਸਦੇ ਕੰਮ ਵਿਚ ਅਨੇਕਾਂ ਵੱਖਰੀਆਂ ਵੱਖਰੀਆਂ ਅੜਚਨਾਂ ਆ ਰਹੀਆਂ ਹਨ।

ਸਕੂਲਾਂ ਵਿਚ ਪੜ੍ਹਾਈ ਲਾਗੂ ਕਰਾਉਣ ਵਿਚ ਆਉਂਦੀਆਂ ਸਮੱਸਿਆਵਾਂ ਵਿੱਚੋਂ ਇਕ ਵੱਡੀ ਸਮੱਸਿਆ ਪੰਜਾਬੀ ਮਾਪਿਆਂ, ਵਿਦਿਆਰਥੀਆਂ ਅਤੇ ਇਕ ਤਰ੍ਹਾਂ ਸਮੁੱਚੇ ਭਾਈਚਾਰੇ ਨੂੰ ਇਸ ਗੱਲ ਲਈ ਰਾਜੀ ਕਰਨਾ ਹੈ ਕਿ ਪੰਜਾਬੀ ਪੜ੍ਹਨੀ, ਖਾਸ ਕਰ ਸਕੂਲ ਦੀ ਪੱਧਰ ’ਤੇ, ਉਨ੍ਹਾਂ ਲਈ ਕਈ ਪੱਖਾਂ ਤੋਂ ਲਾਹੇਵੰਦ ਹੈ। ਦਰਅਸਲ ਇਹ ਸਮੱਸਿਆ ਹੀ ਅਸਲੀ ਜੜ੍ਹ ਹੈ। ਹੁਣ ਸੰਚਾਰ

ਤੇ ਅਵਾਜਾਈ ਵਿਚ ਆਏ ਇਨਕਲਾਬ ਕਰਕੇ ਪੰਜਾਬ ਨਾਲ ਸਾਡੀ ਪਲ ਪਲ ਦੀ ਸਾਂਝ ਹੈ। ਜਿੱਥੇ ਇਸ ਦੇ ਅਨੇਕਾਂ ਵੱਡਮੁੱਲੇ ਫਾਇਦੇ ਹਨ ਉੱਥੇ ਇਹ ਗੱਲ ਵੀ ਹੈ ਕਿ ਜਿਸ ਕਿਸਮ ਦਾ ਰਵੱਈਆਂ ਬਹੁਗਿਣਤੀ ਪੰਜਾਬੀਆਂ ਦਾ ਪੰਜਾਬ ਵਿਚ ਹੈ, ਖਾਸ ਕਰ ਸ਼ਹਿਰਾਂ ਅਤੇ ਉੱਪਰਲੀਆਂ ਜਮਾਤਾਂ ਵਿਚ, ਉਸ ਦਾ ਸਿੱਧਾ ਅਸਰ ਕਨੇਡਾ ਦੇ ਪੰਜਾਬੀਆਂ ਉੱਪਰ ਵੀ ਨਿੱਤ ਪੈਂਦਾ ਹੈ। ਇਸ ਨਾਲ ਉਨ੍ਹਾਂ ਨੂੰ ਏਥੇ ਪੰਜਾਬੀ ਦੀ ਲੋੜ ਵਲ ਰੁਚਿਤ ਕਰਨਾ ਉਨਾਂ ਹੀ ਔਖਾ ਹੋ ਜਾਂਦਾ ਹੈ। ਸੋ ਸਾਡੀ ਜਾਚੇ ਮੁੱਢਲਾ ਮਸਲਾ ਪੰਜਾਬੀ ਬੋਲੀ ਦੀ ਕਨੇਡਾ ਵਿਚ ਅਹਿਮੀਅਤ ਬਾਰੇ ਆਮ ਪੰਜਾਬੀ ਦੀ ਚੇਤਨਾ ਨੂੰ ਉਭਾਰਨ ਦਾ ਹੈ। ਇਸੇ ਮਕਸਦ ਲਈ ਪਲੀ ਵਲੋਂ ਹੋਰ ਸਰਗਰਮੀਆਂ ਦੇ ਨਾਲ ਨਾਲ ਹਰ ਵਰ੍ਹੇ ਅੰਤਰਰਾਸ਼ਟਰੀ ਮਾਂ-ਬੋਲੀ ਦਿਨ 'ਤੇ ਗੰਭੀਰ ਵਿਚਾਰ ਵਟਾਂਦਰੇ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਪਿਛਲੇ ਵਰ੍ਹਿਆਂ ਦੇ ਸਮਾਗਮਾਂ ਵਿਚ ਅਸੀਂ ਪੰਜਾਬੀ ਅਧਿਆਪਕਾਂ, ਵਿਦਿਆਰਥੀਆਂ, ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ, ਪੰਜਾਬੀ ਮੀਡੀਏ ਦੇ ਲੋਕਾਂ ਅਤੇ ਸਿਆਸੀ ਨੇਤਾਵਾਂ ਨੂੰ ਵਿਚਾਰ ਵਟਾਂਦਰੇ ਲਈ ਸੱਦਾ ਦਿੱਤਾ ਹੈ। ਇਸੇ ਹੀ ਲੜੀ ਵਿਚ ਇਸ ਸਾਲ ਅਸੀਂ ਪੰਜਾਬੀ ਭਾਈਚਾਰੇ ਵਿਚੋਂ ਕੁਝ ਸੂਝਵਾਨ ਤੇ ਸੰਵੇਦਨਸ਼ੀਲ ਵਪਾਰੀ ਲੋਕਾਂ ਨੂੰ ਇਕ ਪੈਨਲ ਵਿਚ ਵਿਚਾਰ ਕਰਨ ਦਾ ਸੱਦਾ ਦੇ ਰਹੇ ਹਾਂ। ਇਸ ਵਰ੍ਹੇ ਦੀ ਪੰਜਾਬੀ ਵਪਾਰੀਆਂ ਦੀ ਪੈਨਲ ਦੀ ਮਹੱਤਤਾ ਬਾਰੇ ਕੁਝ ਗੱਲਾਂ ਵਿਸਥਾਰ ਵਿਚ ਕਰਨ ਦੀ ਲੋੜ ਹੈ।

ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਕਨੇਡਾ ਵਿਚ ਪੰਜਾਬੀ ਬੋਲੀ ਦੇ ਵਿਕਾਸ ਵਿਚ ਮੁਕਾਬਲਤਨ ਤੌਰ 'ਤੇ ਸਭ ਤੋਂ ਵੱਡਾ ਯੋਗਦਾਨ ਪੰਜਾਬੀ ਭਾਈਚਾਰੇ ਦੇ ਵਪਾਰਾਂ ਵਲੋਂ ਹੀ ਪਾਇਆ ਜਾ ਰਿਹਾ ਹੈ। ਕਨੇਡਾ ਵਿਚ ਪੰਜਾਬੀ ਬੋਲੀ ਲੋਕਾਂ ਤੱਕ ਅਖਬਾਰਾਂ, ਰੇਡੀਓ ਅਤੇ ਟੈਲੀਵਿਯਨ ਰਾਹੀਂ ਪਹੁੰਚਦੀ ਹੈ। ਇਨ੍ਹਾਂ ਸਭਨਾਂ ਨੂੰ ਸੰਭਵ ਬਣਾਉਣ ਵਾਲੀ ਸ਼ਕਤੀ ਪੰਜਾਬੀ ਵਪਾਰ ਹਨ ਜੋ ਆਪਣੇ ਕਾਰੋਬਾਰ ਦੀ ਜਾਣਕਾਰੀ ਲੋਕਾਂ ਤੱਕ ਇਨ੍ਹਾਂ ਮਾਧਿਅਮਾਂ ਰਾਹੀਂ ਪਹੁੰਚਾਉਂਦੇ ਹਨ। ਇੱਥੇ ਇਹ ਗੱਲ ਮੰਨਣ ਵਿਚ ਵੀ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ ਕਿ ਪੰਜਾਬੀ ਵਪਾਰਾਂ ਦਾ ਨਿਸ਼ਾਨਾ ਕਨੇਡਾ ਵਿਚ ਪੰਜਾਬੀ ਬੋਲੀ ਦਾ ਵਿਕਾਸ ਨਹੀਂ ਸਗੋਂ ਆਪਣੇ ਵਪਾਰਾਂ ਦਾ ਵਾਧਾ ਹੈ। ਇਸ ਮਕਸਦ ਲਈ ਉਹ ਪੰਜਾਬੀ ਲੋਕਾਂ ਤੱਕ ਪਹੁੰਚ ਲਈ ਬੋਲੀ ਦੀ ਵਰਤੋਂ ਕਰਦੇ ਹਨ ਅਤੇ ਲੋੜ ਅਨੁਸਾਰ ਅੰਗ੍ਰੇਜ਼ੀ ਜਾਂ ਹਿੰਦੀ ਵੀ ਵਰਤ ਲੈਂਦੇ ਹਨ। ਪਰ ਕਿਉਂਕਿ ਕਨੇਡਾ ਵਿਚ ਅਤੇ ਖਾਸ ਕਰ ਵੈਨਕੂਵਰ ਦੇ ਆਲੇ ਦੁਆਲੇ ਪੰਜਾਬੀਆਂ ਦੀ ਬਹੁਤ ਵੱਡੀ ਵਸੋਂ ਹੈ ਇਸ ਲਈ ਪੰਜਾਬੀ ਬੋਲੀ ਦੀ ਇਸ ਵੇਲੇ ਵਰਤੋਂ ਕਾਫੀ ਵੱਡੀ ਪੱਧਰ 'ਤੇ ਹੋ ਰਹੀ ਹੈ। ਨਤੀਜੇ ਵਜੋਂ ਪੰਜਾਬੀ ਵਪਾਰੀ ਭਾਈਚਾਰਾ ਪੰਜਾਬੀ ਬੋਲੀ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ। ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਵਪਾਰੀ ਭਾਈਚਾਰਾ ਪੰਜਾਬੀ ਬੋਲੀ ਦੀ ਕਨੇਡਾ ਵਿਚ ਸਾਂਭ ਸੰਭਾਲ, ਵਿਕਾਸ ਅਤੇ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਨਾਲ ਪੱਕੇ ਤੌਰ 'ਤੇ ਜੋੜਨ ਵਾਸਤੇ ਹੋਰ ਵੀ ਵੱਧ ਹਿੱਸਾ ਪਾ ਸਕਦਾ ਹੈ। ਇਸ ਪੈਨਲ ਰਾਹੀਂ ਪੰਜਾਬੀ ਬੋਲੀ ਦੇ ਵਿਕਾਸ ਅਤੇ ਪੜ੍ਹਾਈ ਸਬੰਧੀ ਹੋਰ ਸਿੱਧੇ ਯੋਗਦਾਨ ਦੀਆਂ ਸੰਭਾਵਨਾਵਾਂ ਨੂੰ ਵਿਚਾਰਿਆ ਜਾਵੇਗਾ। ਉਦਾਹਰਨ ਵਜੋਂ, ਪੰਜਾਬੀ ਵਪਾਰੀ ਭਾਈਚਾਰਾ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਅਤੇ ਪੜ੍ਹਾਈ ਸਬੰਧੀ ਆਉਂਦੀਆਂ ਹੇਠ ਲਿਖੀਆਂ ਅਤੇ ਅਜਿਹੀਆਂ ਹੋਰ ਸਮੱਸਿਆਵਾਂ ਵਿੱਚ ਆਰਥਿਕ ਸਹਿਯੋਗ ਦੇ ਕੇ ਮਦਦਗਾਰ ਹੋ ਸਕਦਾ ਹੈ:

- ਆਮ ਪੰਜਾਬੀਆਂ ਵਿਚ ਪੰਜਾਬੀ ਪ੍ਰਤੀ ਚੇਤਨਾ ਵਧਾਉਣ ਲਈ ਮਲਟੀਮੀਡੀਆ ਪ੍ਰੋਮੋਸ਼ਨਲ ਮੈਟੀਰੀਅਲ ਤਿਆਰ ਕਰਵਾਉਣਾ।
- ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਯੋਗ ਕਿਤਾਬਾਂ ਤੇ ਕੰਪਿਊਟਰ ਦੇ ਸਾਫਟੇਵਰ ਤਿਆਰ ਕਰਵਾਉਣੇ;
- ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਨਾਮਾਂ,ਵਜ਼ੀਫਿਆਂ ਆਦਿ ਰਾਹੀਂ ਮਾਇਕ ਸਹਾਇਤਾ ਦੇ ਕੇ ਪੰਜਾਬੀ ਦੀ ਅੱਗੋਂ ਹੋਰ ਪੜ੍ਹਾਈ ਲਈ ਉਤਸਾਹਿਤ ਕਰਨਾ।
- ਕਨੇਡਾ ਵਿੱਚ ਪੰਜਾਬੀ ਦੀ ਉੱਚ ਪੱਧਰੀ ਪੜ੍ਹਾਈ - ਬੀ ਏ, ਐਮ ਏ ਅਤੇ ਪੀ ਐਚ ਡੀ - ਦੀਆਂ ਡਿਗਰੀਆਂ ਚਾਲੂ ਕਰਵਾਉਣ ਲਈ ਵਿਦਿਅਕ ਅਦਾਰਿਆ ਨੂੰ ਲੋੜੀਂਦਾ ਆਰਥਿਕ ਸਹਿਯੋਗ ਦੇਣ ਦਾ ਭਰੋਸਾ ਦਿਵਾਉਣਾ।

- ਲਿਖਤੀ ਵਪਾਰਿਕ ਇਸ਼ਤਿਹਾਰਾਂ ਵਿਚ ਢੁੱਕਵੇਂ ਪੰਜਾਬੀ ਸ਼ਬਦ ਅਤੇ ਪੰਜਾਬੀ ਸ਼ਬਦ ਜੋੜਾਂ ਵੱਲ ਧਿਆਨ ਦੇਣ ਨਾਲ ਅਤੇ ਵੱਧ ਤੋਂ ਵੱਧ ਦੁਕਾਨਾਂ ਦੇ ਨਾਂਅ ਅਤੇ ਜਾਣਕਾਰੀ ਪੰਜਾਬੀ ਵਿਚ ਲਿਖਣ ਨਾਲ।

ਇਹ ਉੱਪਰ ਦਿੱਤੀਆਂ ਕੁਝ ਉਦਾਹਰਨਾਂ ਹਨ, ਬੋਲੀ ਨਾਲ ਸਬੰਧਤ ਇਹੋ ਜਿਹੇ ਹੋਰ ਵੀ ਬਹੁਤ ਸਾਰੇ ਪਹਿਲੂ ਹਨ ਜਿਨ੍ਹਾਂ ਵਿਚ ਪੰਜਾਬੀ ਵਪਾਰੀ ਭਾਈਚਾਰਾ ਸਿੱਧੇ ਤੌਰ 'ਤੇ ਆਪਣਾ ਯੋਗਦਾਨ ਪਾ ਸਕਦਾ ਹੈ। ਇੱਥੇ ਇਹ ਸਵਾਲ ਉਠਾਉਣਾ ਤੇ ਵਿਚਾਰਨਾ ਵੀ ਕੁਥਾਵਾਂ ਨਹੀਂ ਕਿ ਪੰਜਾਬੀ ਭਾਈਚਾਰਾ ਇਹ ਸਭ ਕੁਝ ਕਿਉਂ ਕਰੇ? ਇਹ ਬਹੁਤ ਮਹੱਤਵਪੂਰਨ ਸਵਾਲ ਹੈ ਜਿਸ 'ਤੇ ਵਿਚਾਰ ਕਰਨਾ ਜ਼ਰੂਰੀ ਹੈ। ਅਸੀਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਏਥੇ ਬੋਲੀਆਂ ਜਾਂਦੀਆਂ ਬਹੁਤ ਸਾਰੀਆਂ ਹੋਰ ਬੋਲੀਆਂ, ਜਿਵੇਂ ਚੀਨੀ, ਜਾਪਾਨੀ ਆਦਿ ਤੋਂ ਉਲਟ, ਪੰਜਾਬੀ ਬੋਲੀ ਦੀ ਫਿਕਰ ਕਰਨ ਵਾਲੀ ਕੋਈ ਸਟੇਟ ਸ਼ਕਤੀ ਨਹੀਂ ਹੈ। ਕਨੇਡਾ ਦੀ ਸਰਕਾਰ ਨੇ ਅਜੇ ਤੱਕ ਪੰਜਾਬੀ ਬੋਲੀ ਨੂੰ ਕਨੇਡਾ ਦੀ ਇਕ ਬੋਲੀ ਵਜੋਂ ਮਾਨਤਾ ਨਹੀਂ ਦਿੱਤੀ। ਇਸ ਕਰਕੇ ਕਨੇਡਾ ਵਿਚ ਪੰਜਾਬੀ ਬੋਲੀ ਦੀ ਸਾਂਭ ਸੰਭਾਲ ਲਈ ਕਨੇਡਾ ਦੀ ਸਟੇਟ ਆਪਣੇ ਆਪ ਨੂੰ ਜ਼ਿੰਮੇਵਾਰ ਨਹੀਂ ਸਮਝਦੀ। ਪਾਕਿਸਤਾਨ ਵਿਚ, ਜਿੱਥੋਂ ਦੀ ਕੁੱਲ ਆਬਾਦੀ ਵਿਚ 63% ਤੋਂ ਉੱਪਰ ਪੰਜਾਬੀ ਬੋਲਣ ਵਾਲੇ ਲੋਕ ਹਨ, ਪੰਜਾਬੀ ਨੂੰ ਇਕ ਅਧੁਨਿਕ ਬੋਲੀ ਵਜੋਂ ਹੀ ਮਾਨਤਾ ਨਹੀਂ ਦਿੱਤੀ ਜਾ ਰਹੀ। ਸੋ ਉਨ੍ਹਾਂ ਕੋਲੋਂ ਪੰਜਾਬੀ ਬੋਲੀ ਦਾ ਫਿਕਰ ਕਰਨ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ। ਭਾਰਤੀ ਪੰਜਾਬ ਵਿਚ ਪੰਜਾਬੀ ਸਰਕਾਰੀ ਬੋਲੀ ਤਾਂ ਹੈ ਪਰ ਸਰਕਾਰ ਇਸ ਨੂੰ ਪ੍ਰਫੁਲਤ ਕਰਨ ਵਲ ਲੋੜੀਂਦਾ ਧਿਆਨ ਦੇਣ ਲਈ ਤਿਆਰ ਨਹੀਂ। ਕਨੇਡਾ ਵਿਚ ਪੰਜਾਬੀ ਬੋਲੀ ਸਬੰਧੀ ਕਿਸੇ ਕਿਸਮ ਦੇ ਸਹਿਯੋਗ ਦੀ ਉਨ੍ਹਾਂ ਕੋਲੋਂ ਆਸ ਰੱਖਣੀ ਗਲਤ ਹੋਵੇਗੀ। ਸੋ ਪੰਜਾਬੀ ਬੋਲੀ ਆਪਣੀਆਂ ਲੋੜਾਂ ਲਈ ਕਿਸ ਅੱਗੇ ਹੱਥ ਅੱਡੇ? ਅਸੀਂ ਸਮਝਦੇ ਹਾਂ ਕਿ ਕਨੇਡਾ ਵਸਦੇ ਪੰਜਾਬੀ ਭਾਈਚਾਰੇ ਦੇ ਵਪਾਰ ਸਟੇਟ ਦੀ ਅਣਹੋਂਦ ਨੂੰ ਪੂਰਾ ਕਰ ਸਕਦੇ ਹਨ। ਪਰ ਇਹੋ ਜਿਹੀ ਕੋਈ ਸ਼ਕਤੀ, ਦਲੀਲ, ਸੰਸਥਾ ਜਾਂ ਵਿਅਕਤੀ ਨਹੀਂ ਹੈ ਜੋ ਪੰਜਾਬੀ ਵਪਾਰੀਆਂ ਨੂੰ ਇਸ ਗੱਲ ਲਈ ਮਜਬੂਰ ਕਰ ਸਕੇ। ਸੋ ਇਹ ਗੱਲ ਉਨ੍ਹਾਂ ਦੇ ਆਪਣੇ ਵਿਚਾਰਨ ਦੀ ਹੈ ਕਿ ਉਹ ਆਪਣੀ ਮਾਂ-ਬੋਲੀ ਨੂੰ ਕਨੇਡਾ ਵਿਚ ਪੱਕੇ ਤੌਰ 'ਤੇ ਸਥਾਪਤ ਕਰਨ ਵਿਚ ਕੀ ਯੋਗਦਾਨ ਪਾਉਣਾ ਚਾਹੁੰਦੇ ਹਨ।

ਅਸੀਂ ਆਸ ਕਰਦੇ ਹਾਂ ਕਿ ਪੰਜਾਬੀ ਭਾਈਚਾਰੇ ਦੇ ਵਪਾਰੀ ਵੀਰ ਇਨ੍ਹਾਂ ਮਸਲਿਆਂ ਵਲ ਧਿਆਨ ਦੇਣਗੇ। ਪਲੀ ਦੀ 24 ਫਰਵਰੀ ਵਾਲੇ ਦਿਨ ਦੀ ਪੈਨਲ 'ਤੇ ਵੀ ਉਮੀਦ ਹੈ ਕਿ ਇਹ ਗੱਲਾਂ ਵਿਚਾਰੀਆਂ ਜਾਣਗੀਆਂ। ਪਰ ਸਾਡੀ ਇਹ ਆਸ ਹੈ ਕਿ ਕਨੇਡਾ ਦੇ ਵੱਖ ਵੱਖ ਹਿੱਸਿਆਂ ਵਿਚ ਪੰਜਾਬੀ ਵਪਾਰੀਆਂ ਦੀਆਂ ਆਪਣੀਆਂ ਜਥੇਬੰਦੀਆਂ ਵਿਚ ਵੀ ਇਹ ਮਸਲੇ ਉਨ੍ਹਾਂ ਦੇ ਏਜੰਡਿਆਂ ਦਾ ਹਿੱਸਾ ਬਣਨਗੇ।

***

## ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ)

**ਪਲੀ ਕੁਝ ਵਰ੍ਹੇ ਪਹਿਲਾਂ ਉਨ੍ਹਾਂ ਲੋਕਾਂ ਵਲੋਂ ਹੋਂਦ ਵਿਚ ਲਿਆਂਦੀ ਗਈ ਜੋ ਪਿਛਲੇ ਲੰਮੇ ਸਮੇਂ ਤੋਂ ਵੱਖ ਵੱਖ ਜਥੇਬੰਦੀਆਂ ਅਤੇ ਅਦਾਰਿਆਂ ਰਾਹੀਂ ਬੀ ਸੀ ਵਿਚ ਪੰਜਾਬੀ ਬੋਲੀ ਦੀ ਸਾਂਭ ਤੇ ਪ੍ਰਫੁੱਲਤਾ ਲਈ ਕੋਸ਼ਸ਼ਾਂ ਕਰਦੇ ਆ ਰਹੇ ਸਨ। ਇਸ ਸਮੇਂ ਬੀ ਸੀ ਤੇ ਖਾਸ ਕਰ ਵੈਨਕੂਵਰ ਅਤੇ ਆਸ ਪਾਸ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਪੜ੍ਹਾ ਰਹੇ ਅਧਿਆਪਕ ਅਤੇ ਪੰਜਾਬੀ ਭਾਸ਼ਾ ਨਾਲ ਸਨੇਹ ਰੱਖਣ ਵਾਲੇ ਭਾਈਚਾਰੇ ਦੇ ਲੋਕ ਇਸ ਜਥੇਬੰਦੀ ਵਿਚ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ। ਪਲੀ ਦੇ ਮੁੱਖ ਨਿਸ਼ਾਨੇ ਇਹ ਹਨ:**

1. **ਕਨੇਡਾ ਵਸਦੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਭਾਸ਼ਾ ਦੀ ਵਿਦਿਆ ਰਾਹੀਂ ਪੰਜਾਬੀ ਸੱਭਿਆਚਾਰ ਨਾਲ ਜੋੜਨਾ।**
2. **ਪੰਜਾਬੀ ਭਾਸ਼ਾ ਨੂੰ ਕਨੇਡਾ ਵਿਚ ਇਸ ਦਾ ਬਣਦਾ ਮਾਣਯੋਗ ਸਥਾਨ ਦੁਆਉਣਾ।**

**ਪਲੀ ਵਿੱਚ ਸਰਗਰਮ ਲੋਕਾਂ ਦਾ ਯਕੀਨ ਹੈ ਕਿ ਸਮੱਸਿਆਵਾਂ ਦੇ ਭਾਰ ਥੱਲੇ ਦੱਬ ਕੇ ਰਹਿ ਜਾਣ ਨਾਲੋਂ ਸਿਰ ਉਠਾ ਕੇ ਕੁਝ ਕਰਨਾ ਚੰਗਾ ਹੈ। ਸਾਨੂੰ ਜੇ ਕਿਸੇ ਗੱਲ ਦਾ ਮਾਣ ਹੈ ਤਾਂ ਸਿਰਫ ਏਨਾ ਕਿ ਅਸੀਂ ਕੋਸ਼ਸ਼ ਕਰ ਰਹੇ ਹਾਂ। ਸਾਡੀਆਂ ਕੋਸ਼ਸ਼ਾਂ ਦੇ ਨਤੀਜੇ ਛੋਟੇ ਹਨ ਜਾਂ ਵੱਡੇ ਸਾਨੂੰ ਇਸ ਗੱਲ ਦਾ ਏਨਾ ਫਿਕਰ ਨਹੀਂ। ਸਾਡੇ ਵਾਂਗ ਮਹਿਸੂਸ ਕਰਨ ਵਾਲੇ ਸਾਰੇ ਪੰਜਾਬੀਆਂ ਨੂੰ ਅਸੀਂ ਖੁੱਲ੍ਹਾ ਸੱਦਾ ਦਿੰਦੇ ਹਾਂ ਕਿ ਆਓ ਪਲੀ ਨਾਲ ਜੁੜੋ ਅਤੇ ਪੰਜਾਬੀ ਮਾਂ-ਬੋਲੀ ਦਾ ਕਨੇਡਾ ਵਿੱਚ ਪੱਕਾ ਤੇ ਸਥਾਈ ਸਥਾਨ ਕਾਇਮ ਕਰਨ ਵਿਚ ਆਪਣਾ ਯੋਗਦਾਨ ਪਾਓ।**

ਸੰਪਰਕ ਲਈ:

***ਬਲਵੰਤ ਸੰਘੇੜਾ - 604-275-8977 ਸਾਧੂ ਬਿਨਿੰਗ - 604-437-9014***

ਕਹਾਣੀ

# ਤੂੰ ਹੀ ਬੋਲ


## ਹਰਪ੍ਰੀਤ ਸੇਖਾ

hsekha@hotmail[com


ਸਭਨੀ ਥਾਈਂ ਇੱਕੋ ਖ਼ਬਰ ਦੀ ਹੀ ਚਰਚਾ ਸੀ ਅਤੇ ਉਸੇ ਖਬਰ ਨੂੰ ਆਪਣੇ ਅੰਦਰ ਰਿੜਕਦਾ ਤਰਸੇਮ ਜਦ ਘਰ ਪਹੁੰਚਿਆ ਤਾਂ ਆਮ ਦੀ ਤਰ੍ਹਾਂ ਟੀ. ਵੀ. ਮੂਹਰੇ ਬੈਠੀ ਉਸ ਦੀ ਅੱਠ-ਸਾਲਾ ਧੀ ਗੁਰਨੀਤ ਅਤੇ ਚਾਰ-ਸਾਲਾ ਪੁੱਤਰ ਸੁਮੀਤ ਨੇ ਰਲਵੀਂ ਆਵਾਜ਼ ਵਿੱਚ ਕਿਹਾ, "ਸਾਸਰੀ 'ਕਾਲ, ਡੈਡੀ।" 'ਸਾਸਰੀ 'ਕਾਲ' ਦਾ ਜਵਾਬ ਦਿੱਤੇ ਬਿਨਾਂ ਗੁਰਨੀਤ ਵੱਲ ਕ੍ਰੋਧ ਨਾਲ ਵੇਖਦੇ ਹੋਏ ਤਰਸੇਮ ਨੇ ਕਿਹਾ, "ਟੀ. ਵੀ. ਮੂਹਰੇ ਬਹਿ ਜਿਆ ਕਰ ਸਕੂਲੋਂ ਆਉਣ ਸਾਰ, ਨਾਲੇ ਜੁਆਕ ਨੂੰ ਸਿਖਾ ਇਹ ਪੁੱਠੀਆਂ ਆਦਤਾਂ।" ਅਤੇ ਫਿਰ ਉਹ ਬੱਚਿਆਂ ਨਾਲ ਸੋਫੇ 'ਤੇ ਬੈਠੀ ਆਪਣੀ ਮਾਂ ਅਤੇ ਚਾਹ ਬਨਾਉਣ ਲਈ ਸਟੋਵ ਕੋਲ ਖੜ੍ਹੀ ਆਪਣੀ ਪਤਨੀ ਮਨਦੀਪ ਵੱਲ ਵਾਰੀ-ਵਾਰੀ ਵੇਖ ਕੇ ਬੋਲਿਆ, "ਤੁਸੀਂ ਵੀ ਨਾ ਹਟਾਇਆ ਕਰੋ ਏਹਨਾਂ ਨੂੰ।" ਤਰਸੇਮ ਦੀ ਮਾਂ ਨੇ ਸਾਖੀਆਂ ਦੀ ਕਿਤਾਬ 'ਚੋਂ ਧਿਆਨ ਹਟਾ ਕੇ ਤਰਸੇਮ ਵੱਲ ਵੇਖਿਆ ਅਤੇ ਫਿਰ ਆਪਣਾ ਧਿਆਨ ਕਿਤਾਬ ਵੱਲ ਕਰ ਲਿਆ। ਮਨਦੀਪ ਨੇ ਤਰਸੇਮ ਦੀ ਚੜ੍ਹੀ ਘੂਰੀ ਨੂੰ ਤੱਕ ਕੇ ਆਪਣਾ ਧਿਆਨ ਉਬਾਲੇ ਖਾ ਰਹੀ ਚਾਹ ਵੱਲ ਕਰ ਲਿਆ। ਆਪਣੀ ਲੰਚ-ਕਿੱਟ ਨੂੰ ਕਿਚਨ-ਕਾਊਂਟਰ 'ਤੇ ਪਟਕਾ ਕੇ ਤਰਸੇਮ ਵਾਸ਼ਰੂਮ ਵਿੱਚ ਵੜ੍ਹ ਕੇ ਟਾਇਲਟ 'ਤੇ ਬੈਠ ਗਿਆ।

ਜੇ ਉਸ ਦਾ ਮੂਡ ਇਸ ਤਰ੍ਹਾਂ ਦਾ ਨਾ ਹੁੰਦਾ ਤਾਂ ਉਸ ਨੇ ਕੰਮ ਤੋਂ ਮੁੜ ਕੇ ਬੱਚਿਆਂ ਵਿੱਚ ਬੈਠੀ ਆਪਣੀ ਮਾਂ ਦੇ ਗੋਡੀਂ ਹੱਥ ਲਾਉਣਾ ਸੀ ਫਿਰ ਗੁਰਨੀਤ ਦੇ ਸਿਰ 'ਤੇ ਹੱਥ ਰੱਖਣ ਤੋਂ ਬਾਅਦ ਸੁਮੀਤ ਨੂੰ ਆਪਣੇ ਨਾਲ ਘੁੱਟਦਿਆਂ ਮਨਦੀਪ ਵੱਲ ਵੇਖਣਾ ਸੀ। ਛੇ ਕੁ ਮਹੀਨੇ ਪਹਿਲਾਂ ਤਰਸੇਮ ਨੇ ਇੱਕ ਰੇਡੀਓ ਪ੍ਰੋਗਰਾਮ 'ਤੇ ਸੁਣਿਆ ਸੀ ਕਿ ਬੱਚਿਆਂ ਨੂੰ ਉਪਦੇਸ਼ ਦੇਣ ਨਾਲੋਂ ਉਨ੍ਹਾਂ ਨੂੰ ਰੋਲ-ਮਾਡਲ ਬਣ ਕੇ ਵਿਖਾਓ ਤਾਂ ਬੱਚਿਆਂ ਉੱਪਰ ਜ਼ਿਆਦਾ ਅਸਰ ਕਰਦਾ ਹੈ। ਉਦੋਂ ਤੋਂ ਤਰਸੇਮ ਆਪਣੀ ਮਾਂ ਦੇ ਗੋਡੀਂ ਹੱਥ ਲਾਉਣ ਲੱਗਿਆ ਸੀ। ਕੁਝ ਦਿਨਾਂ ਬਾਅਦ ਉਸ ਨੇ ਗੁਰਨੀਤ ਨੂੰ ਕਿਹਾ ਸੀ, "ਵੇਖਿਆ, ਜਦੋਂ ਮੈਂ ਬਾਹਰੋਂ ਆਉਣੈ ਆਪਣੀ ਮਾਂ ਦੇ ਪੈਰੀਂ ਹੱਥ ਲਾਉਣੈ, ਤੂੰ ਵੀ ਜਦੋਂ ਅਸੀਂ ਬਾਹਰੋਂ ਆਈਏ 'ਸਾਸਰੀ 'ਕਾਲ' ਬੁਲਾਇਆ ਕਰ।" ਫਿਰ ਗੁਰਨੀਤ ਦੀ ਦੇਖਾ-ਦਾਖੀ ਸੁਮੀਤ ਵੀ ਬਾਹਰੋਂ ਆਇਆਂ ਤੋਂ 'ਸਾਸਰੀ 'ਕਾਲ' ਬੁਲਾਉਣ ਲੱਗਾ ਸੀ।

ਪਰ ਜੇ ਤਰਸੇਮ ਦੇ ਦਿਮਾਗ ਵਿੱਚ ਕੋਈ ਖਲਬਲੀ ਮੱਚੀ ਹੁੰਦੀ ਤਾਂ ਉਹ ਟਾਇਲਟ ਸੀਟ 'ਤੇ ਜਾ ਬੈਠਦਾ। ਉੱਥੇ ਬੈਠ ਕੇ ਉਹ ਸਮੱਸਿਆ ਨੂੰ ਰਿੜਕਦਾ। ਟਾਇਲਟ ਸੀਟ 'ਤੇ ਬੈਠੇ ਤਰਸੇਮ ਨੂੰ ਲੱਗਾ ਜਿਵੇਂ ਬੱਚਿਆਂ ਨੇ ਟੀ. ਵੀ. ਦੀ ਆਵਾਜ਼ ਉੱਚੀ ਕਰ ਦਿੱਤੀ ਹੋਵੇ। ਫਿਰ ਉਸ ਨੂੰ ਲੱਗਾ ਜਿਵੇਂ ਉਹ ਰੌਲਾ ਪਾ ਰਹੇ ਹੋਣ। ਉਸ ਦਾ ਜੀਅ ਕੀਤਾ ਕਿ ਉੱਠ ਕੇ ਦੋਹਾਂ ਦੇ ਇੱਕ-ਇੱਕ ਜੜ ਆਵੇ। ਉਸ ਨੇ ਕਚੀਚੀ ਵੱਟੀ ਅਤੇ ਉੱਚੀ ਆਵਾਜ਼ ਵਿੱਚ ਕਿਹਾ, "ਆਵਾਂ ਬਾਹਰ? ਕਿਵੇਂ ਰੌਲਾ ਪਾਇਐ।"

"ਕਦੋਂ ਰੌਲਾ ਪਾਉਣੇ ਆਂ ਡੈਡੀ," ਗੁਰਨੀਤ ਦੀ ਉੱਚੀ ਆਵਾਜ਼ ਆਈ।

"ਵੇਖ ਕਿਵੇਂ ਬੋਲਦੀ ਐ। ਦੱਸਾਂ ਪਤਾ ਕਿਵੇਂ ਵੱਡਿਆਂ ਨਾਲ ਗੱਲ ਕਰੀਦੀਐ," ਤਰਸੇਮ ਕੜਕਵੀਂ ਆਵਾਜ਼ ਵਿੱਚ ਬੋਲਿਆ।

"ਕੋਈ ਰੌਲਾ-ਰੱਪਾ ਨੀ ਪਾਉਂਦੇ ਕਾਕਾ, ਆਪਸ 'ਚ ਖੇਡਣ ਲੱਗੇ ਆ। ਜੇ ਆਹਨੈਂ ਤਾਂ ਬਾਹਰ ਲੈ ਜਾਨੀ ਆਂ। ਪਤਾ ਨੀ ਕੀ ਹੋ ਜਾਂਦੈ ਤੈਨੂੰ ਕਦੇ-ਕਦੇ," ਮਾਂ ਦੀ ਆਵਾਜ਼ ਉਸ ਦੇ ਕੰਨੀ ਪਈ। 'ਮਾਂ ਵਿਗਾੜੂ ਏਹਨੂੰ' ਸੋਚ ਕੇ ਉਸ ਨੂੰ ਆਪਣੀ ਮਾਂ 'ਤੇ ਕ੍ਰੋਧ ਆਇਆ। ਪਰ ਉਹ ਕੁਝ ਬੋਲਿਆ ਨਾ। 'ਮੈਨੂੰ ਕਹਿੰਦੀ ਐ ਬਈ ਪਤਾ ਨੀ ਕੀ ਹੋ ਜਾਂਦੈ, ਓਹ ਬੋਲਦੀ ਨੀ ਦਿੱਸਦੀ ਬਈ ਕਿਵੇਂ ਹੀਂਜਰਦੀ ਐ। ਪਤਾ ਨੀ ਸਾਲਾ ਕੀ ਬਨਣੈ, ਹੁਣੇ ਈ ਅੱਖਾਂ ਵਿਖਾਉਂਦੀ ਐ, ਵੱਡੀ ਹੋ ਕੇ ਪਤਾ ਨੀ ਕੀ ਰੰਗ ਲਾਊ।'

ਤਰਸੇਮ ਨੂੰ ਲੱਗਾ ਜਿਵੇਂ ਗੁਰਨੀਤ ਇੱਕ-ਦਮ ਵੱਡੀ ਹੋ ਗਈ ਹੋਵੇ। ਉਸ ਦੇ ਅੰਦਰ ਇੱਕ ਚੀਸ ਉੱਠੀ। ਫਿਰ ਉਸ ਨੂੰ ਲੱਗਾ ਜਿਵੇਂ ਗੁਰਨੀਤ ਕਿਸੇ ਗੋਰੇ ਮੁੰਡੇ ਦੇ ਹੱਥ ਵਿੱਚ ਹੱਥ ਪਾਈ ਕਿਤੇ ਜਾ ਰਹੀ ਹੋਵੇ। ਅਤੇ ਉਹ ਲੋਕਾਂ ਤੋਂ ਨਜ਼ਰਾਂ ਬਚਾ ਰਿਹਾ ਹੋਵੇ। ਇਹ ਸੋਚ ਕੇ ਤਰਸੇਮ ਡਰ ਨਾਲ ਕੰਬ ਗਿਆ। ਤਰਸੇਮ ਦੇ ਅੰਦਰੋਂ ਇੱਕ ਹਾਉਕਾ ਨਿਕਲਿਆ। ਉਸ ਨੇ ਸਿਰ ਝਟਕਿਆ। ਫਿਰ

ਉਸ ਨੇ ਸੋਚਿਆ, 'ਜੇ ਪਤਾ ਹੁੰਦਾ ਤਾਂ ਪਹਿਲਾਂ ਈ ਟੈਸਟ-ਟੁਸਟ ਕਰਵਾ ਲੈਂਦੇ। ਹੁਣ ਜਿੰਨਾਂ ਚਿਰ ਵੱਡੀ ਹੋ ਕੇ ਵਿਆਹੀ ਨੀ ਜਾਂਦੀ, ਸੂਲੀ ਟੰਗੇ ਰਹਾਂਗੇ।' ਸੋਚਦੇ ਹੋਏ ਤਰਸੇਮ ਦੀ ਨਿਗ੍ਹਾ ਅਚਾਨਕ ਟਾਇਲਟ ਸਾਹਮਣੇ ਟੰਗੇ ਸ਼ੀਸ਼ੇ ਨਾਲ ਟਕਰਾਈ। ਸ਼ੀਸ਼ੇ 'ਤੇ ਕ੍ਰੋਧ ਕੱਢਦਾ ਉਹ ਬੁੜਬੜਾਇਆ, "ਭੈਣ ਦਾ ਘੜੁੱਕ" ਅਤੇ ਉਸ ਨੇ ਆਪਣੀ ਨਿਗ੍ਹਾ ਸ਼ੀਸ਼ੇ ਤੋਂ ਪਾਸੇ ਕਰ ਲਈ। ਉਸ ਨੂੰ ਮਨਦੀਪ 'ਤੇ ਖਿਝ ਆਈ। 'ਸੇਹਲੀਆਂ ਪੁੱਟਣ ਬਹਿ ਜਾਂਦੀ ਸੀ ਸਾਹਮਣੇ। ਐਂ ਨੀ ਵੇਂਹਦੀ ਬਈ ਕੁੜੀ ਵੱਡੀ ਹੋ ਗਈ ਐ।'

ਇਹ ਸ਼ੀਸ਼ਾ ਤਰਸੇਮ ਨੇ ਆਪ ਹੀ ਇੱਥੇ ਟੰਗਿਆ ਸੀ। ਇੱਕ ਦਿਨ ਜਦ ਬੈੱਡਰੂਮ 'ਚ ਬੈਠੀ ਮਨਦੀਪ ਆਪਣੇ ਭਰਵੱਟੇ ਸਵਾਰ ਰਹੀ ਸੀ ਤਾਂ ਤਰਸੇਮ ਖਿਝ ਕੇ ਬੋਲਿਆ ਸੀ, "ਆਹ ਹੀ ਕੁਝ ਸਿਖਾਏਂਗੀ ਜਵਾਕੜੀ ਨੂੰ। ਡੋਰ ਭੇੜ ਲਿਆ ਕਰ ਜਦੋਂ ਏਹੋ ਜਾ ਕੁਛ ਕਰਨਾ ਹੁੰਦੈ।"

"ਸੌਰੀ, ਮੈਂ ਡੋਰ ਬੰਦ ਕਰਨਾ ਭੁੱਲ ਗਈ। ਪਲੀਜ਼, ਲੌਕ ਕਰ ਜਾਇਓ ਬਾਹਰ ਨਿਕਲਣ ਲੱਗੇ," ਮਨਦੀਪ ਬੋਲੀ। ਤਰਸੇਮ ਬੁੜ-ਬੁੜ ਕਰਦਾ ਦਰਵਾਜ਼ਾ ਬੰਦ ਕਰ ਕੇ ਕਮਰੇ 'ਚੋਂ ਬਾਹਰ ਨਿਕਲ ਗਿਆ। ਅਗਲੇ ਦਿਨ ਉਸ ਨੇ ਟਾਇਲਟ ਸਾਹਮਣੇ ਸ਼ੀਸ਼ਾ ਟੰਗ ਕੇ ਨਰਮ ਆਵਾਜ਼ ਵਿੱਚ ਮਨਦੀਪ ਨੂੰ ਕਿਹਾ ਸੀ, "ਗੁਰਨੀਤ ਹੁਣ ਵੱਡੀ ਹੋ ਰਹੀ ਐ। ਆਪਾਂ ਨੂੰ ਖਿਆਲ ਰੱਖਣਾ ਪੈਣੈ। ਮੈਂ ਟਾਇਲਟ ਸਾਹਮਣੇ ਸ਼ੀਸ਼ਾ ਟੰਗ ਦਿੱਤੈ। ਟਾਇਲਟ ਬੈਠਣ ਦੇ ਬਹਾਨੇ ਬਣਾ ਲਿਆ ਕਰ ਆਵਦੇ ਆਈ-ਬਰੋ।" ਇਹ ਗੱਲ ਭਾਵੇਂ ਤਰਸੇਮ ਨੇ ਨੀਵੀਂ ਆਵਾਜ਼ ਵਿੱਚ ਮਨਦੀਪ ਨੂੰ ਆਖੀ ਸੀ ਪਰ ਪਰ੍ਹੇ ਬੈਠੀ ਉਸ ਦੀ ਮਾਂ ਦੇ ਕੰਨਾਂ ਤੱਕ ਵੀ ਅੱਪੜ ਗਈ ਸੀ। ਉਸ ਨੇ ਉੱਥੈ ਬੈਠੀ ਨੇ ਹੀ ਕਿਹਾ, "ਫੂਕ-ਫੂਕ ਪੈਰ ਧਰਨਾ ਪੈਣੈ ਭਾਈ। ਜਵਾਕਾਂ ਨੇ ਤਾਂ ਜਿਵੇਂ ਥੋਨੂੰ ਕਰਦਿਆਂ ਨੂੰ ਵੇਖਣੈ, ਉਵੇਂ ਹੀ ਕਰਨੈ। ਹੁਣ ਪੁਰਾਣੇ ਜਮਾਨੇ ਤਾਂ ਹੈ ਨੀ ਬਈ ਕੁੜੀਆਂ ਸਿਰ ਤੋਂ ਚੁੰਨੀ ਨੀ ਲਹਿਣ ਦਿੰਦੀਆਂ। ਸ਼ਰਮ-ਹਯਾ ਵਾਲਾ ਤਾਂ ਆਵਾ ਈ ਊਤਿਆ ਪਿਐ।"

ਮਾਂ ਦੀਆਂ ਇਹੋ-ਜਿਹੀਆਂ ਗੱਲਾਂ ਤਰਸੇਮ ਨੂੰ ਹੋਰ ਫ਼ਿਕਰਮੰਦ ਕਰ ਦਿੰਦੀਆਂ। ਉਸ ਦਿਨ ਤਾਂ ਉਹ ਜ਼ਿਆਦਾ ਹੀ ਫ਼ਿਕਰਮੰਦ ਹੋ ਗਿਆ ਸੀ, ਜਿਸ ਦਿਨ ਉਸ ਦੀ ਮਾਂ ਨੇ ਉਮਰ ਦੇ ਸੱਤਵੇਂ ਵਰ੍ਹੇ 'ਚ ਗੁਜ਼ਰ ਰਹੀ ਗੁਰਨੀਤ ਨੂੰ ਟੋਕਦੇ ਹੋਏ ਕਿਹਾ ਸੀ, "ਕੁੜੇ, ਹੁਣ ਤੂੰ ਜਵਾਕੜੀ ਨੀ ਰਹੀ। ਪੈਂਟ ਪਾਇਆ ਕਰ। ਕੁੜੀਆਂ ਲੱਤਾਂ ਨੀ ਨੰਗੀਆਂ ਰੱਖਦੀਆਂ ਹੁੰਦੀਆਂ।"

"ਆਈ ਡੌਂਟ ਵਾਂਟ ਟੂ, ਇਟਸ ਸੋ ਹਾਟ ਆਊਟ ਦੇਅਰ," ਮੋਢੇ ਚੜ੍ਹਾ ਕੇ ਗੁਰਨੀਤ ਬੈਕਯਾਰਡ ਵਾਲੀਆਂ ਪੌੜ੍ਹੀਆਂ ਉੱਤਰ ਗਈ।

"ਬੋਲਦੀ ਵੇਖ ਕਿਵੇਂ ਐ। ਮੇਰੀਆਂ ਕਦੇ ਅੱਖ 'ਚ ਪਾਈਆਂ ਨੀ ਸੀ ਰੜਕੀਆਂ। ਹੁਣੇ ਈ ਮਾਨ ਨੀ, ਵੱਡੀ ਹੋ ਕੇ ਪਤਾ ਨੀ ਕੀ ਚੰਦ ਚੜ੍ਹਾਊਗੀ---," ਤਰਸੇਮ ਦੀ ਮਾਂ ਹੋਰ ਵੀ ਬੋਲਦੀ ਰਹੀ ਸੀ ਪਰ ਤਰਸੇਮ ਦੇ ਦਿਮਾਗ ਵਿੱਚ ਤਾਂ 'ਵੱਡੀ ਹੋ ਕੇ ਪਤਾ ਨੀ ਕੀ ਚੰਦ ਚੜ੍ਹਾਊਗੀ' ਅੜ ਗਿਆ ਸੀ। ਉਸੇ ਸ਼ਾਮ ਗਰੋਸਰੀ ਲੈ ਕੇ ਮੁੜੀ ਮਨਦੀਪ ਬੋਲੀ ਸੀ, " ਪਤਾ ਨੀ ਕੀ ਬਨਣੈ, ਬੇੜਾ ਗਰਕਣ 'ਤੇ ਆਇਆ ਪਿਐ।" ਤਰਸੇਮ ਨੇ ਹੈਰਾਨੀ ਨਾਲ ਮਨਦੀਪ ਵੱਲ ਵੇਖਿਆ ਜਿਵੇਂ ਪੁੱਛ ਰਿਹਾ ਹੋਵੇ ਕਿ ਤੈਨੂੰ ਸਟੋਰ ਫਿਰਦੀ ਨੂੰ ਕਿੱਥੋਂ ਸੁਪਨਾ ਆ ਗਿਆ ਕਿ ਮੈਂ ਵੀ 'ਪਤਾ ਨੀ ਕੀ ਬਨਣੈ?' ਬਾਰੇ ਫਿਕਰਮੰਦ ਹਾਂ। ਮਨਦੀਪ ਬੋਲੀ, "ਆਹ ਆਪਣੇ ਸਾਹਮਣੇ ਜਿਹੜਾ ਬੱਸ ਸਟਾਪ ਐ ਨਾ ਓਥੇ ਬੈਠੇ ਆ ਬੁੱਲ੍ਹ ਜੋੜੀ, ਮਸਾਂ ਬਾਰਾਂ-ਤੇਰਾਂ ਸਾਲਾਂ ਦੇ ਹੋਣੇ ਆ। ਕੁੜੀ ਤਾਂ ਆਪਣਿਆਂ ਦੀ ਲੱਗਦੀ ਐ। ਮੈਨੂੰ ਤਾਂ ਦੱਸਦਿਆਂ ਵੀ ਸ਼ਰਮ ਆਉਂਦੀ ਐ, ਮੁੰਡੇ ਨੇ ਕੁੜੀ ਦੇ ਬਲਾਉਜ਼ 'ਚ ਹੱਥ ਪਾਇਆ ਵਿਐ। ਮੇਰਾ ਤਾਂ ਜਾਣੀ ਸਰੀਰ ਝੂਠਾ ਜਿਆ ਪੈ ਗਿਆ। ਨਿਆਣੇ ਜਿਹੜਾ ਕੁਛ ਦੇਖਣਗੇ ਓਹੀ ਕਰਨਗੇ।"

ਸੁਣ ਕੇ ਤਰਸੇਮ ਹੋਰ ਫਿਕਰਮੰਦ ਹੋ ਗਿਆ। 'ਪਤਾ ਨੀ ਕੀ ਬਨਣੈ' ਸੋਚਦਾ ਤਰਸੇਮ ਟਾਇਲਟ ਸੀਟ 'ਤੇ ਜਾ ਬੈਠਾ। ਉਸ ਦੇ ਦਿਮਾਗ ਵਿੱਚ ਆਈ ਕਿ ਜੇ ਪਤਾ ਹੁੰਦਾ ਬਈ ਕੁੜੀਆਂ ਪਾਲਣੀਆਂ ਐਨੀਆਂ ਔਖੀਐਂ ਤਾਂ ਪਹਿਲਾਂ ਈ ਗਰਭ-ਟੈਸਟ ਕਰਵਾ ਲੈਂਦੇ,' ਪਰ ਅਗਲੇ ਦਿਨ ਜਦ ਗੁਰਨੀਤ ਸਕੂਲ ਤੋਂ ਆਪਣਾ ਰਿਪੋਰਟ ਕਾਰਡ ਲੈ ਕੇ ਆਈ ਸੀ ਤਾਂ ਸਾਰੇ ਵਿਸ਼ਿਆਂ ਵਿੱਚ 'ਐਕਸੀਡਡ' ਵੱਲੀ ਡੱਬੀ ਵਿੱਚ ਨਿਸ਼ਾਨੀਆਂ ਲੱਗੀਆਂ ਵੇਖ ਕੇ ਤਰਸੇਮ ਨੂੰ ਆਪਣੀ ਸੋਚ 'ਤੇ ਸ਼ਰਮਿੰਦਗੀ ਮਹਿਸੂਸ ਹੋਈ ਸੀ ਤੇ ਉਹ ਸ਼ੀਸ਼ੇ ਨਾਲ ਅੱਖ ਨਹੀਂ ਸੀ ਮਿਲਾ ਸਕਿਆ।

ਹੁਣ ਵੀ ਤਰਸੇਮ ਦੇ ਦਿਮਾਗ ਵਿੱਚ ਗਰਭ ਟੈਸਟ ਕਰਾਉਣ ਵਾਲੀ ਗੱਲ ਆਉਣ ਵੇਲੇ ਉਸ ਤੋਂ ਸ਼ੀਸ਼ੇ ਨਾਲ ਅੱਖ ਨਹੀਂ ਸੀ ਮਿਲਾਈ ਗਈ ਤੇ ਉਸ ਨੇ ਸ਼ੀਸ਼ੇ ਨੂੰ 'ਭੈਣ ਦਾ ਘੜੁੱਕ' ਆਖ ਕੇ ਅੱਖਾਂ ਫੇਰ ਲਈਆਂ । 'ਕੀ ਕਰੇ ਬੰਦਾ ਕਿ ਐਹੋ-ਜਿਹਾ ਦਿਨ ਨਾ ਵੇਖਣਾ ਪਵੇ?' ਤਰਸੇਮ ਨੇ ਸੋਚਿਆ। ਪਰ ਉਸ ਨੂੰ ਆਪਣੇ ਅੰਦਰੋਂ ਇਸ ਸਵਾਲ ਦਾ ਜਵਾਬ ਨਾ ਲੱਭਾ। ਉਸ ਨੂੰ ਪਹਿਲਾਂ

ਨਾਲੋਂ ਹੌਲੀ  ਆ ਰਹੀ ਬੱਚਿਆਂ ਦੀ ਆਵਾਜ਼ ਹੋਰ ਉੱਚੀ ਆਉਂਦੀ ਮਹਿਸੂਸ ਹੋਈ। ਉਸ ਨੂੰ ਤਲਖੀ ਮਹਿਸੂਸ ਹੋਈ। ਤਰਸੇਮ ਨੇ ਸੋਚਿਆ ਕਿ ਠੰਡੇ ਪਾਣੀ ਦਾ ਸ਼ਾਵਰ ਚਲਾ ਦੇਵੇ। ਸ਼ਾਵਰ ਦੀ ਆਵਾਜ਼ ਬਾਹਰਲੀਆਂ ਆਵਾਜ਼ਾਂ ਨੂੰ ਰੋਕ ਲੈਂਦੀ ਅਤੇ ਉਹ ਆਪਣੇ ਅੰਦਰਲੇ ਸ਼ੋਰ ਵਿੱਚ ਉਲਝ ਜਾਂਦਾ। ਪਰ ਤਰਸੇਮ ਨੂੰ ਪਾਣੀ ਵਾਲੇ ਮੀਟਰ ਦਾ ਝੱਟ ਖਿਆਲ ਆ ਗਿਆ। ' ਭੈਣ ਦੇ ਘੜੁੱਕ ਨਵੇਂ ਥਾਂ ਦੇ ਸਾਲੇ ਸੌ ਹੋਰ ਜੱਬ।' ਉਸ ਨੂੰ ਆਪਣਾ ਪੁਰਾਣਾ ਮਕਾਨ ਚੇਤੇ ਆਇਆ ਜਿੱਥੇ ਪਾਣੀ ਦਾ ਸਾਲ ਭਰ ਦਾ ਫਲੈਟ ਰੇਟ ਸੀ ਅਤੇ ਉਹ ਅਜੇਹੇ ਮੌਕਿਆਂ 'ਤੇ ਠੰਡੇ ਪਾਣੀ ਦਾ ਸ਼ਾਵਰ ਚਲਾ ਲਿਆ ਕਰਦਾ ਸੀ।

'ਪੁਰਾਣੀਆਂ ਆਦਤਾਂ ਛੱਡਣ 'ਚ ਮੇਹਨਤ ਤਾਂ ਕਰਨੀ ਪੈਂਦੀ ਹੈ, ਦੁੱਖ ਵੀ ਹੁੰਦੈ ਪਹਿਲਾਂ-ਪਹਿਲਾਂ। ਪਰ ਜਦੋਂ ਛੁੱਟ ਜਾਂਦੀਐਂ ਤਾਂ ਸੁਖ ਵੀ ਮਿਲਦੈ।' ਮਾਮੇ ਜੀਤ ਦੀ ਕਹੀ ਗੱਲ ਤਰਸੇਮ ਦੇ ਦਿਮਾਗ ਵਿੱਚੋਂ ਲੰਘੀ। ਪਰ ਅਗਲੇ ਹੀ ਪਲ ਉਸ ਨੇ ਸੋਚਿਆ, 'ਮਾਮੇ ਨੂੰ ਹੁਣ ਆਉਂਦੀਐਂ ਗੱਲਾਂ, ਕੁੜੀਆਂ ਦੋਹੇਂ ਡਾਕਟਰ ਬਣਗੀਐਂ ਤੇ ਲੋਕਾਂ ਨੂੰ ਮੱਤਾਂ ਦੇਣ ਲੱਗ ਪਿਐ।'

ਤਰਸੇਮ ਨੂੰ ਜੀਤ ਮਾਮਾ ਅੱਜ ਦਿਨੇ ਵੀ ਯਾਦ ਆਇਆ ਸੀ, ਜਦ ਉਹ ਕੰਮ 'ਤੇ ਖੜ੍ਹਾ ਸੀ। ਤਰਸੇਮ ਨੂੰ ਜੀਤ ਮਾਮਾ ਆਪਣੇ ਘਰ ਦੇ ਫੈਮਲੀ-ਰੂਮ ਵਿੱਚ ਸੋਫ਼ੇ 'ਤੇ ਬੈਠਾ ਉਵੇਂ ਹੀ ਦਿਸਿਆ ਸੀ ਜਿਵੇਂ ਉਹ ਦੋ ਕੁ ਸਾਲ ਪਹਿਲਾਂ ਕਨੇਡਾ 'ਚ ਨਵੇਂ ਆਏ  ਆਪਣੀ ਭੂਆ ਦੇ ਧੀ-ਜਵਾਈ ਜਾਣੀ ਤਰਸੇਮ ਦੇ ਮਾਂ-ਪਿਓ ਨੂੰ ਮਿਲਣ ਵੈਨਕੂਵਰ ਆਇਆ ਬੈਠਾ ਸੀ। ਆਪ ਤਾਂ ਜੀਤ ਮਾਮਾ ਕੋਈ ਤੀਹ ਸਾਲਾਂ ਤੋਂ ਸਸਕਾਟੂਨ ਰਹਿੰਦਾ ਸੀ, ਜਿੱਥੇ ਉਹ ਇੱਕ ਸਕੂਲ ਵਿੱਚ ਹਿਸਾਬ ਪੜ੍ਹਾਉਂਦਾ ਸੀ। ਗੱਲਾਂ-ਬਾਤਾਂ ਕਰਦਿਆਂ ਉਸ ਨੇ ਕਿਹਾ ਸੀ, "ਭੈਣੇ ਆਪਾਂ ਤਾਂ ਹੁਣ ਜਿੰਮੇਵਾਰੀਆਂ ਤੋਂ ਫਰੀ ਆਂ। ਬੱਚੀਆਂ ਦੋਹੇਂ ਡਾਕਟਰ ਬਣ ਗਈਐਂ। ਦੋਹਾਂ ਦੇ ਵਿਆਹ ਹੋ ਗਏ ਆ।"

"ਅੱਛਾ, ਆਹ ਤਾਂ ਭਾਈ ਬਹੁਤ ਚੰਗਾ ਹੋਇਆ ਜਾਣੀ ਦੋਹੇਂ ਕੁੜੀਆਂ ਈ ਡਾਕਟਰ ਬਣਾਤੀਆਂ। ਬਣਾਉਣਾ ਈ ਸੀ ਤੂੰ ਆਪ ਕਿਹੜਾ ਘੱਟ ਪੜ੍ਹਿਆ-ਲਿਖਿਆ ਸੀ। ਕੁੜੀਆਂ ਦੇ ਫਿਰ ਕਿੱਥੇ ਕੀਤੇ ਰਿਸ਼ਤੇ?" ਤਰਸੇਮ ਦੀ ਮਾਂ ਨੇ ਪੁੱਛਿਆ।

"ਆਪਾਂ ਕਿੱਥੇ ਕਰਨੇ ਸੀ ਰਿਸ਼ਤੇ। ਆਪਾਂ ਤਾਂ ਹਾਂ ਕਰਨ ਵਾਲੇ ਸੀ। ਉਨ੍ਹਾਂ ਦੀ ਆਪਣੀ ਲਾਈਫ਼ ਐ ਜਿੱਥੇ ਉਨ੍ਹਾਂ ਕਿਹਾ ਬਈ ਵਿਆਹ ਕਰਾਉਣੈ ਆਪਾਂ ਹਾਂ ਕਰ ਦਿੱਤੀ। ਮੁੰਡੇ ਵੀ ਦੋਹੇਂ ਡਾਕਟਰ ਈ ਐ। ਯੂਨੀਵਰਸਿਟੀ 'ਚ ਦੋਹਾਂ ਦੇ ਨਾਲ ਈ ਪੜ੍ਹਦੇ ਸੀ।"

"ਊਂ ਤਾਂ ਆਪਣੇ ਈ ਹੋਣੇ ਆ?" ਤਰਸੇਮ ਦੀ ਮਾਂ ਨੇ ਹੈਰਾਨੀ ਜਿਹੀ 'ਚ ਪੁੱਛਿਆ।

ਜੀਤ ਹੱਸਿਆ, ਫੇਰ ਬੋਲਿਆ, "ਸਾਰੀ ਦੁਨੀਆ  ਈ ਆਪਣੀ ਐ। ਪਰ ਮੈਨੂੰ ਪਤੈ ਭੈਣ ਤੂੰ ਕੀ ਪੁੱਛਣਾ ਚਾਹੁੰਨੀ ਆਂ। ਨਾ ਤਾਂ ਉਹ ਜੱਟ ਐ ਤੇ ਨਾ ਹੀ ਸਿੱਖ-----

ਤਰਸੇਮ ਨੇ ਆਪਣੇ ਮਾਮੇ ਦੇ ਚੇਹਰੇ ਵੱਲ ਵੇਖਿਆ। ਮਾਮੇ ਦੇ ਚੇਹਰੇ ਦਾ ਜਲੌਅ ਵੇਖ ਕੇ ਤਰਸੇਮ ਨੂੰ ਹੈਰਾਨੀ ਜਿਹੀ ਹੋਈ।

ਜੀਤ ਨੇ ਗੱਲ ਪੂਰੀ ਕੀਤੀ, "ਵੱਡਾ ਗੋਰਾ ਐ ਤੇ ਛੋਟਾ ਚੀਨਾ।"

"ਤੈਨੂੰ ਕੋਈ ਉੱਜਰ ਨੀ ਹੋਇਆ?" ਤਰਸੇਮ ਦੀ ਮਾਂ ਨੇ ਹੈਰਾਨੀ ਨਾਲ ਅੱਖਾਂ ਸਕੋੜੀਆਂ।

"ਮੈਨੂੰ ਕੀ ਪ੍ਰੋਬਲਮ ਹੋਣੀ ਸੀ। ਮੁੰਡੇ ਦੋਹੇਂ ਨਾਈਸ ਐ। ਆਪਣੀਆਂ ਬੱਚੀਆ ਵੀ ਬਹੁਤ ਇੰਟੈਲੀਜੈਂਟ ਆ। ਸਾਡਾ ਫ਼ਰਜ਼ ਸੀ ਉਨ੍ਹਾਂ ਨੂੰ ਪੜ੍ਹਾਉਣਾ-ਲਿਖਾਉਣਾ। ਬਾਕੀ ਉਨ੍ਹਾ ਦੀ ਲਾਈਫ਼ ਐ," ਜੀਤ ਨੇ ਕਿਹਾ।

"ਤੂੰ ਤਾਂ ਭਾਈ ਜਵਾਂ ਈ ਗੋਰਿਆਂ ਅਰਗਾ ਬਣ ਗਿਆ। ਤਕਲੀਫ਼ ਤਾਂ ਹੁੰਦੀ ਈ ਐ। ਲੋਕੀਂ ਕੀ ਕਹਿੰਦੇ ਹੋਣਗੇ?" ਤਰਸੇਮ ਦੀ ਮਾਂ ਨੇ ਕਿਹਾ।

ਜੀਤ ਹੱਸਿਆ, ਫੇਰ ਬੋਲਿਆ, "ਨਹੀਂ ਭੈਣ ਮੈਨੂੰ ਕੋਈ ਤਕਲੀਫ ਨਹੀਂ ਹੋਈ। ਅਸਲ 'ਚ ਲੋਕ ਦੂਜਿਆਂ ਦੀ ਪ੍ਰਵਾਹ ਨਹੀਂ ਕਰਦੇ ਹੁੰਦੇ ਸਗੋਂ ਬੰਦੇ ਦੇ ਆਪਣੇ ਅੰਦਰ ਕੋਈ ਕੰਪਲੈਕਸ ਹੁੰਦੈ ਜਿਸ ਦੇ ਅਸਰ ਹੇਠ ਉਹ ਲੋਕਾਂ ਦੀ ਪ੍ਰਵਾਹ ਕਰਦਾ ਹੁੰਦੈ। ਜੇ ਬੰਦੇ ਅੰਦਰ ਕੋਈ ਗੰਢ ਨਾ ਹੋਵੇ ਤਾਂ ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦਾ । ਅਸੀਂ ਪੰਜਾਬੀਆਂ ਨੇ ਆਪਣੀ ਇੱਜ਼ਤ ਨੂੰ ਕੁੜੀਆਂ ਨਾਲ ਜੋੜਿਆ ਹੋਇਐ। ਵੇਖੋ ਗੋਰੇ ਕਦੇ ਪ੍ਰਵਾਹ ਨੀ ਕਰਦੇ ਕਿ ਓਹਨਾਂ ਦੀ ਧੀ-ਭੈਣ ਕੀਹਦੇ ਨਾਲ ਉੱਠਦੀ-ਬੈਠਦੀ ਐ। ਉਨ੍ਹਾਂ ਲਈ  ਇਹ ਇੱਜ਼ਤ ਦਾ ਸਵਾਲ ਨੀ ਹੁੰਦਾ। ਸਾਡੇ  ਬੱਚੀਆਂ ਦੀ ਕਿਸੇ ਨਾਲ ਮਾੜੀ-ਮੋਟੀ ਗੱਲ ਹੋ ਜੇ ਤਾਂ ਪਿਓ-ਦਾਦੇ ਦਾ ਚਾਰ ਬੰਦਿਆਂ 'ਚ ਖੜ੍ਹਨਾ ਦੁੱਭਰ ਕਰ ਦਿੰਦੇ ਐ ਲੋਕੀ। ਇਹ ਕੋਈ ਵਧੀਆ ਗੱਲਾਂ ਨਹੀਂ ਸਾਡੇ ਲੋਕਾਂ ਦੀਆਂ। ਸਮੇਂ ਦੇ ਨਾਲ ਸਾਨੂੰ ਬਦਲਣਾ ਚਾਹੀਦੈ। ਇਹ ਜਿਹੜੀਆਂ ਸਾਡੇ ਅੰਦਰ ਗੰਢਾਂ ਬੱਝੀਆਂ ਹੋਈਐਂ ਇਨ੍ਹਾਂ ਨੂੰ ਖੋਰਨਾ ਪੈਂਣੈ।"

ਟਾਇਲਟ ਸੀਟ ਉੱਪਰ ਬੈਠੇ ਤਰਸੇਮ ਨੂੰ ਮਾਮੇ ਦੀ ਕਹੀ ਇਹ ਗੰਢ ਵਾਲੀ ਗੱਲ ਚੇਤੇ ਆਈ। ਉਸ ਨੇ ਸੋਚਿਆ, 'ਉਂਝ ਮਾਮੇ ਦੀ ਗੱਲ ਤਾਂ ਠੀਕ ਲੱਗਦੀ ਐ। ਪਰ ਭੈਣ ਦੇ ਘੜੁੱਕ ਲੋਕੀ ਪਤਾ ਨੀ ਕਦੋਂ ਛੱਡਣਗੇ ਇਓਂ ਸੋਚਣਾ।'

'ਤੂੰ ਛੱਡ ਦਿੱਤੈ ਇਸ ਤਰ੍ਹਾਂ ਸੋਚਣਾ?' ਤਰਸੇਮ ਨੂੰ ਲੱਗਾ ਜਿਵੇਂ ਸ਼ੀਸ਼ੇ ਵਿਚਲੇ ਉਸ ਦੇ ਪ੍ਰਤੀਬਿੰਬ ਨੇ ਪੁੱਛਿਆ ਹੋਵੇ। ਉਸ ਨੂੰ ਕੋਈ ਗੱਲ ਨਾ ਸੁੱਝੀ ਫਿਰ ਉਸ ਦੇ ਦਿਮਾਗ 'ਚ ਆਈ 'ਐਂ ਕਿਵੇਂ ਗੰਢਾਂ ਖੁਰ ਜਾਂਦੀਐਂ?' ਉਸ ਨੇ ਆਪਣਾ ਧਿਆਨ ਸ਼ੀਸ਼ੇ ਵੱਲੋਂ ਪਾਸੇ ਕਰ ਲਿਆ।

ਇਹ ਸਵਾਲ ਤਰਸੇਮ ਦੇ ਦਿਮਾਗ ਵਿੱਚ ਮਾਮੇ ਜੀਤ ਦੀ ਗੱਲ ਸੁਣ ਕੇ ਉਦੋਂ ਹੀ ਉਪਜਿਆ ਸੀ ਪਰ ਉਸ ਨੇ ਮਾਮੇ ਨੂੰ ਪੁੱਛਿਆ ਨਹੀਂ ਸੀ ਸਗੋਂ ਉਸ ਨੇ ਕਿਹਾ ਸੀ, "ਮਾਮਾ ਜੀ ਇਹ ਔਖਾ ਕੰਮ ਐ। ਸਾਡੇ ਇੱਥੇ ਪਿੱਛੇ ਜਿਹੇ ਆਪਣੇ ਇੱਕ ਜੱਟਾਂ ਦੀ ਕੁੜੀ ਨੇ ਛੀਂਬਿਆਂ ਦੇ ਮੁੰਡੇ ਨਾਲ ਵਿਆਹ ਕਰਵਾਇਐ। ਲੋਕੀਂ ਵਿਆਹ ਤਾਂ ਉਹਨੂੰ ਆਖਦੇ ਈ ਨੀ ਸੀ ਕਹਿਣ ਛੀਂਬਿਆਂ ਦੇ ਮੁੰਡੇ ਨਾਲ ਨਿਕਲ ਗਈ।"

"ਐਹੋ-ਜਿਹੇ ਲੋਕਾਂ ਦੀਆਂ ਗੱਲਾਂ ਪਿੱਛੇ ਆਪਣੇ ਬੱਚਿਆਂ ਦੀ ਜ਼ਿੰਦਗੀ ਖਰਾਬ ਕਰਨੀ ਕਿੱਥੋਂ ਦੀ ਸਿਆਣਪ ਹੈ?" ਜੀਤ ਮਾਮੇ ਨੇ ਕਿਹਾ।

"ਇਸ ਤਰ੍ਹਾਂ ਦੀਆਂ ਗੱਲਾਂ ਤਾਂ ਉਹ ਲੋਕ ਈ ਕਰਦੇ ਹੁੰਦੇ ਐ ਜਿਨ੍ਹਾਂ ਨੇ ਆਪਣੀਆਂ ਜਾਤ-ਬਰਾਦਰੀ 'ਚ ਵਿਆਹ ਲਈਆਂ ਹੁੰਦੀਐਂ ਜਾਂ ਜਿਨ੍ਹਾਂ ਦੇ ਹੁੰਦੀਆਂ ਈ ਨਹੀਂ," ਤਰਸੇਮ ਦੇ ਬਾਪੂ ਨੇ ਡੂੰਘੀ ਜਿਹੀ ਆਵਾਜ਼ 'ਚ ਕਿਹਾ ਜਿਵੇਂ ਉਹ ਕਿਤੇ ਬਹੁਤ ਦੂਰੋਂ ਬੋਲ ਰਿਹਾ ਹੋਵੇ।

ਅੱਜ ਕੰਮ 'ਤੇ ਖੜ੍ਹੇ ਤਰਸੇਮ ਨੂੰ ਬਾਪੂ ਦੀ ਕਹੀ ਇਹ ਗੱਲ ਯਾਦ ਆਉਂਦੇ ਹੀ ਉਸ ਦੇ ਦਿਮਾਗ ਵਿੱਚ ਪਿੰਡ ਵਾਲਾ ਤੇਜਾ ਨੰਬਰਦਾਰ ਘੁੰਮ ਗਿਆ ਸੀ। ਉਸ ਦਾ ਖਿਆਲ ਆਉਂਦੇ ਹੀ ਤਰਸੇਮ ਅੰਦਰ ਖਿਝ ਉੱਠੀ ਸੀ। ਉਸ ਦਾ ਮੂੰਹ ਕੌੜਾ-ਕੌੜਾ ਹੋ ਗਿਆ। "ਸਾਲਾ ਨੰਬਰਦਾਰੀ ਦਾ"ਬੁੜਬੜਾ ਕੇ ਉਸ ਨੇ ਥੁੱਕ ਅੰਦਰ ਲੰਘਾਇਆ। ਤੇਜਾ ਨੰਬਰਦਾਰ ਉਸ ਨੂੰ ਦੰਦ ਕੱਢਦਾ ਉਵੇਂ ਦਿਸਿਆ ਜਿਵੇਂ ਆਖ ਰਿਹਾ ਹੋਵੇ, 'ਹੁਣ ਵੀ ਮੰਨੇ ਈ ਐਂ ਕੰਧ ਦਾ ਅੱਧ ਦੇਣਾ ਜੇ ਪਹਿਲਾਂ ਮੰਨ ਜਾਂਦੇ' ਤਰਸੇਮ ਨੇ ਆਪਣਾ ਸਿਰ ਝਟਕਿਆ ਪਰ ਨੰਬਰਦਾਰ ਉਸ ਦੇ ਦਿਮਾਗ ਵਿੱਚੋਂ ਨਹੀਂ ਸੀ ਨਿਕਲ ਰਿਹਾ। ਉਸ ਦੀ ਆਖੀ ਗੱਲ ਤਰਸੇਮ ਦੇ ਅੰਦਰ ਠਾਹ-ਠਾਹ ਕਰ ਰਹੀ ਸੀ।

ਬਹੁਤ ਸਾਲ ਪਹਿਲਾਂ ਜਦੋਂ ਹਾਲੇ ਤਰਸੇਮ ਤੇਰ੍ਹਾਂ-ਚੌਦਾਂ ਸਾਲਾਂ ਦਾ ਸੀ। ਤੇਜੇ ਨੰਬਰਦਾਰ ਨਾਲ ਤਰਸੇਮ ਦੇ ਬਾਪੂ ਦਾ ਬਾਹਰਲੇ ਘਰ ਦੇ ਵਲਗਣ ਨੂੰ ਲੈ ਕੇ ਝਗੜਾ ਹੁੰਦਾ-ਹੁੰਦਾ ਟਲਿਆ ਸੀ। ਤੇਜਾ ਨੰਬਰਦਾਰ ਘਰ ਦੀ ਵਲਗਣ ਕਰਨ ਲਈ ਸਾਂਝੀ ਕੰਧ ਕਰਨੀ ਚਾਹੁੰਦਾ ਸੀ ਪਰ ਤਰਸੇਮ ਦਾ ਬਾਪੂ ਪਸ਼ੂਆਂ ਵਾਲੇ ਘਰ ਦੀ ਵਲਗਣ ਕਰਨ ਲਈ ਕੰਧ ਨੂੰ ਵਾਧੂ ਦਾ ਖਰਚ ਹੀ ਸਮਝਦਾ ਸੀ। ਤਰਸੇਮ ਦੇ ਬਾਪੂ ਦਾ ਇਨਕਾਰ ਸੁਣ ਕੇ ਨੰਬਰਦਾਰ ਦਾ ਵਿਚਲੇ ਬੰਦੇ ਹੱਥ ਸੁਨੇਹਾ ਆਇਆ ਸੀ। ਉਸ ਨੇ ਕਿਹਾ ਸੀ, "ਕੋਈ ਗੱਲ ਨੀ, ਨਾ ਮੰਨਣ ਕੰਧ ਕਰਨੀ। ਜਦੋਂ ਉਹਦੀਆਂ ਕੁੜੀਆਂ ਬਾਹਰਲੇ ਘਰ ਆਇਆ ਕਰਨਗੀਆਂ ਮੈਂ ਆਵਦੇ ਮੁੰਡਿਆਂ ਨੂੰ ਆਖ ਦਿਆ ਕਰਨੈ ਬਈ ਓਹਨਾ ਵੱਲ ਮੂੰਹ ਕਰਕੇ ਮੂਤੋ।"ਸੁਣ ਕੇ ਤਰਸੇਮ ਦਾ ਬਾਪੂ ਕੋਨੇ 'ਚ ਪਈ ਗੰਡਾਸੀ ਵੱਲ ਅਹੁਲਿਆ ਸੀ ਪਰ ਤਰਸੇਮ ਦੀ ਮਾਂ ਅਤੇ ਵਿਚਲੇ ਬੰਦੇ ਨੇ ਉਸ ਨੂੰ ਫੜ ਲਿਆ ਸੀ ਅਤੇ ਫਿਰ , "ਚਗਲਾਂ ਨਾਲ ਪੰਗਾ ਲੈਣ 'ਚ ਘਾਟਾ ਈ ਘਾਟਾ ਐ" ਅਤੇ ਹੋਰ ਗੱਲਾਂ ਕਰ ਕੇ ਉਸ ਨੂੰ ਠਾਰ ਵੀ ਲਿਆ ਸੀ। ਪਰ ਉਹ ਗੱਲ ਜਦੋਂ ਤਰਸੇਮ ਦੇ ਚੇਤਿਆਂ 'ਚ ਆਉਂਦੀ ਤਾਂ ਉਸ ਦੇ ਅੰਦਰ ਹਲ-ਚਲ ਮਚਾ ਦਿੰਦੀ।

ਅੱਜ ਵੀ ਕੰਮ 'ਤੇ ਦਿਮਾਗ 'ਚ ਹੁੰਦੀ ਉਸੇ ਹਲਚਲ ਨਾਲ ਤਰਸੇਮ ਹੱਥਾਂ ਨਾਲ ਮਸ਼ੀਨ ਨੂੰ ਫੀਡ ਦਿੰਦਾ ਰਿਹਾ। 'ਕਿਤੇ ਹੋ ਗੀ ਹੋਵੇ ਸਾਲੇ ਦੇ ਪੋਤੀ-ਪਾਤੀ ਈ, ਭੈਣ ਦੇ ਘੜੁੱਕ ਦੀ ਦੇ ਮੂਹਰੇ ਨੰਗਾ ਹੋ ਕੇ ਨੱਚਾਂ' ਸੋਚਦੇ ਤਰਸੇਮ ਨੇ ਮਸ਼ੀਨ ਵਿੱਚੋਂ ਤਿਆਰ ਹੋਇਆ ਪੀਸ ਬਾਹਰ ਕੱਢ ਕੇ ਬੈਚ ਉੱਪਰ ਪਟਕਾ ਕੇ ਰੱਖਿਆ ਅਤੇ ਨਵਾਂ ਪੀਸ ਮਸ਼ੀਨ ਦੀ ਵਾਈਸ ਵਿੱਚ ਕਸ ਦਿੱਤਾ। ਨਵਾਂ ਪੀਸ ਤਿਆਰ ਕਰਦੇ ਤਰਸੇਮ ਦੀਆਂ ਸੋਚਾਂ ਵਿੱਚ ਪੱਦਲਾਂ ਦਾ ਛਾਨਾ ਆ ਗਿਆ, ਜਿਹੜਾ ਤਰਸੇਮ ਕੇ ਪਿੰਡ ਵਾਲੇ ਘਰ ਦੇ ਮੂਹਰੇ ਪਏ ਖੁੰਢ 'ਤੇ ਬੈਠਾ ਅੰਦਰਲੇ ਘਰੋਂ ਗਲੀ ਪਾਰ ਕਰਕੇ ਬਾਹਰਲੇ ਘਰ ਜਾਂਦੀ ਤਰਸੇਮ ਦੀ ਵੱਡੀ ਭੈਣ ਨੂੰ ਘੂਰਦਾ ਰਹਿੰਦਾ। ਅੱਠਵੀਂ 'ਚ ਪੜ੍ਹਦੇ ਤਰਸੇਮ ਦੇ ਹਾਣੀ ਜਦੋਂ ਛਾਨੇ ਜਾਂ ਪੱਦਲ ਦਾ ਨਾਂ ਲੈਂਦੇ ਤਾਂ ਤਰਸੇਮ ਨੂੰ ਲੱਗਦਾ ਜਿਵੇਂ ਉਹ ਤਰਸੇਮ ਨੂੰ ਲਾ ਕੇ

ਸੁਣਾ ਰਹੇ ਹੋਣ। ਓਹਨੀਂ ਦਿਨੀ ਤਰਸੇਮ ਘਰ ਦੇ ਬਾਹਰਲੇ ਦਰਵਾਜੇ ਦਾ ਭੋਰਾ ਵਿਸਾਹ ਨਾ ਕਰਦਾ। ਜਦੋਂ ਵੀ ਥੋੜ੍ਹੀ ਵਿਰਲ ਉਸ ਨੂੰ ਦਿਸਦੀ ਉਹ ਝੱਟ ਬੂਹਾ ਭੇੜ ਦਿੰਦਾ।

ਤਰਸੇਮ ਨੂੰ ਲੱਗਾ ਜਿਵੇਂ ਮਸ਼ੀਨ ਦੀ ਛਾਂ-ਛਾਂ ਦੀ ਆਵਾਜ਼ ਛਾਨਾ-ਛਾਨਾ ਆਖ ਰਹੀ ਹੋਵੇ। ਜੇ ਉਹ ਕਿਸੇ ਚੰਗੇ ਮੂਡ ਵਿੱਚ ਹੁੰਦਾ ਤਾਂ ਮਸ਼ੀਨ ਦੀ ਇਹੀ ਛਾਂ-ਛਾਂ ਦੀ ਆਵਾਜ਼ ਉਸ ਨੂੰ ਕਿਸੇ ਗੀਤ ਦੀ ਤਰਜ਼ ਲੱਗਣੀ ਸੀ ਅਤੇ ਉਸ ਨੇ ਨਾਲ ਨਾਲ ਗੁਣ-ਗੁਣਾਉਣਾ ਸੀ। ਇਸ ਤਰ੍ਹਾਂ ਗੁਣ-ਗਣਾਉਂਦਾ ਉਹ ਮਸੀਨ ਨੂੰ ਹੱਥ ਨਾਲ ਫੀਡ ਦਿੰਦਾ ਉਸ ਨਾਲ ਇੱਕ-ਮਿੱਕ ਹੋ ਜਾਂਦਾ ਅਤੇ ਉਸ ਨੂੰ ਸਮਾਂ ਬੀਤਣ  ਦਾ ਖਿਆਲ ਹੀ ਨਾ ਰਹਿੰਦਾ। ਇਸ ਤਰ੍ਹਾਂ ਕਰਦੇ-ਕਰਦੇ ਉਸ ਨੂੰ ਮਸ਼ੀਨ ਦੀ ਆਟੋ-ਮੈਟਿਕ ਫੀਡ ਦੇ ਹੁੰਦੇ ਹੋਏ ਵੀ ਹੱਥ ਨਾਲ ਫੀਡ ਦੇਣ ਦੀ ਆਦਤ ਪੈ ਗਈ ਸੀ। ਪਰ ਅੱਜ ਉਸੇ ਆਵਾਜ਼ ਨੂੰ ਛਾਨਾ-ਛਾਨਾ ਮਹਿਸੂਸ ਕਰ ਕੇ ਤਰਸੇਮ ਦੇ ਅੰਦਰ ਅੱਗ ਜਿਹੀ ਮੱਚੀ ਅਤੇ ਉਸ ਤੋਂ ਝਟਕੇ ਨਾਲ ਮਸ਼ੀਨ ਨੂੰ ਫੀਡ ਦਿੱਤੀ ਗਈ। ਕੁਆਟਰ ਇੰਚ ਦੀ ਇੰਡਮਿੱਲ (ਕਟਰ) ਪੀਸ ਵਿੱਚ ਖੁੱਭ ਕੇ ਤੜੱਕ ਦੇ ਕੇ ਟੁੱਟ ਗਈ। 'ਭੈਣ ਦਾ ਘੜੁੱਕ' ਆਖ ਕੇ ਤਰਸੇਮ ਨੇ ਆਸੇ-ਪਾਸੇ ਵੇਖਿਆ ਕਿ ਕੋਈ ਵੇਖ ਤਾਂ ਨਹੀਂ ਰਿਹਾ। ਫਿਰ ਉਸ ਨੇ ਪੀਸ ਵੱਲ ਵੇਖਿਆ ਜਿਸ ਵਿੱਚ ਇੰਡਮਿੱਲ ਖੁੱਭਣ ਕਰਕੇ ਨਿਸ਼ਾਨ ਪੈ ਗਿਆ ਸੀ। ਉਸ ਨੇ ਪੀਸ ਨੂੰ ਮਸ਼ੀਨ ਵਿੱਚੋਂ ਕੱਢਿਆ ਅਤੇ ਉਸ ਵੱਲ ਵੇਖਦਾ ਰਿਹਾ । ਉਸ ਨੇ ਸੋਚਿਆ ਕਿ ਇਸ ਨੂੰ ਸਕਰੈਪ ਬਿੰਨ ਵਿੱਚ ਸੁੱਟ ਦੇਵੇ ਫਿਰ ਉਸ ਨੇ ਸੋਚਿਆ ਕਿ ਕੀ ਐ ਰੇਤੀ ਨਾਲ ਰਗੜ ਕੇ ਨਿਸ਼ਾਨ ਠੀਕ ਹੋ ਈ ਜਾਵੇ। ਪਰ ਨਿਸ਼ਾਨ ਡੂੰਘਾ ਸੀ ਉਸ ਨੂੰ ਲੱਗਾ ਕਿ ਇਹ ਨਿਸ਼ਾਨ ਇਸ ਤਰ੍ਹਾਂ ਮਿਟਣ ਵਾਲਾ ਨਹੀਂ ਫਿਰ ਵੀ ਉਸ ਨੇ ਇਹ ਪੀਸ ਸਕਰੈਪ ਬਿੰਨ ਵਿੱਚ ਨਹੀਂ ਸੁੱਟਿਆ। ਉਸ ਨੇ ਸੋਚਿਆ ਕਦੇ ਕਿਸੇ ਹੋਰ ਜੌਬ ਵਿੱਚ ਕੰਮ ਆ ਜਾਵੇਗਾ ਅਤੇ ਉਸ ਨੇ  ਆਪਣੇ ਬੈਂਚ ਦੇ ਹੇਠਾਂ ਇੱਕ ਖੂੰਝੇ ਜਿਹੇ 'ਚ ਪੀਸ ਸੁੱਟ ਦਿੱਤਾ ਜਿੱਥੇ ਇਸ ਤਰ੍ਹਾਂ ਖਰਾਬ ਹੋਏ ਕਈ ਪੀਸ ਸਾਲਾਂ ਤੋਂ ਬਿਨ ਛੂਹੇ ਪਏ ਸਨ। ਤਰਸੇਮ ਦੇ ਦਿਮਾਗ ਵਿੱਚ ਜੀਤ ਮਾਮੇ  ਦੀ ਕਹੀ ਗੱਲ ਆਈ ਕਿ ਗੰਢਾਂ ਨੂੰ ਸਾਰੀ ਉਮਰ ਨਾਲ ਨਹੀਂ ਚੁੱਕੀ ਫਿਰੀਦਾ ਅੰਦਰਲੇ ਕੋਹੜ ਨੂੰ ਚੁੱਕ ਕੇ ਬਾਹਰ ਮਾਰੋ।' 'ਗੰਢਾਂ ਕਿਤੇ ਲੋਹੇ ਦਾ ਪੀਸ ਹੁੰਦੀਐਂ ਬਈ ਚੁੱਕ ਕੇ ਬਾਹਰ ਮਾਰੋ। ਭੈਣ ਦੇ ਮਾਮਿਆਂ ਦੇਣਾ,' ਬੁੜ-ਬੜਾ ਕੇ ਤਰਸੇਮ ਨੇ ਨਵਾਂ ਪੀਸ ਮਸ਼ੀਨ ਵਿੱਚ ਫਿੱਟ ਕਰ ਦਿੱਤਾ ਅਤੇ ਮਸ਼ੀਨ ਨੂੰ ਆਟੋ-ਮੈਟਿਕ ਫੀਡ ਦੇ ਕੇ ਪਾਸੇ ਹੋ ਕੇ ਖੜ੍ਹ ਗਿਆ।  ਛਾਨਾ ਫਿਰ ਉਸ ਦੀਆਂ ਸੋਚਾਂ ਵਿੱਚ ਆ ਗਿਆ। ਪਰ ਇਸ ਵਾਰ ਪਹਿਲਾਂ ਵਾਲਾ ਛਾਨਾ ਨਹੀਂ ਸਗੋਂ ਪਿਛਲੀ ਵਾਰ ਜਦ ਉਹ ਸਾਲ ਕੁ ਪਹਿਲਾਂ ਇੰਡੀਆ ਗਿਆ ਸੀ ਉਦੋਂ ਵਾਲਾ ਛਾਨਾ ਉਸ ਦੀਆਂ ਅੱਖਾਂ ਮੂਹਰੇ ਸੀ, ਜਿਹੜਾ ਉਸ ਨੂੰ ਗਲੀ ਵਿੱਚ ਤੁਰੇ ਜਾਂਦੇ ਨੂੰ  ਬਾਹੋਂ ਫੜ੍ਹ ਕੇ ਆਪਣੇ ਘਰ ਲੈ ਗਿਆ ਸੀ ਅਤੇ ਫਿਰ ਚਾਹ ਫੜਾ ਕੇ ਗਈ ਆਪਣੀ ਧੀ ਵੱਲ ਇਸ਼ਾਰਾ ਕਰਦਾ ਬੋਲਿਆ ਸੀ, "ਤਰਸੇਮ ਸਿਆਂ, ਇਹ ਆਪਣੀ ਕੁੜੀ ਕਾਲਜ 'ਚ ਪੜ੍ਹਦੀ ਐ। ਓਧਰ ਕਨੇਡੇ ਕੰਨੀਂ ਵੇਖਿਓ ਜੇ ਕੋਈ ਬਨ-ਸੁਬ ਹੁੰਦਾ ਹੋਇਆ ਤਾਂ ਖਿਆਲ ਰੱਖਿਓ।"

"ਹਾਂ, ਕੁੜੀ ਤਾਂ ਥੋਡੀ ਸੱਚੀਂ ਕਨੇਡਾ ਜਾਣ ਵਾਲੀ ਐ," ਤਰਸੇਮ ਨੇ ਕਿਹਾ ਸੀ। ਛਾਨੇ ਦੇ ਘਰੋਂ ਵਾਪਸ ਮੁੜਦੇ ਤਰਸੇਮ ਅੰਦਰ ਇੱਕ ਅਜੀਬ ਕਿਸਮ ਦਾ ਸਕੂਨ ਸੀ। ਫਿਰ ਉਸ ਨੇ ਕਈ ਵਾਰ ਆਪਣੀਆਂ ਸੋਚਾਂ ਵਿੱਚ ਛਾਨੇ ਦੀ ਧੀ ਨੂੰ ਨੈਨੀ ਦੇ ਤੌਰ 'ਤੇ ਕਨੇਡਾ ਮੰਗਵਾ ਕੇ ਇੱਕ ਬੇਸਮੈਂਟ ਵਿੱਚ ਰਖੇਲ ਬਣਾ ਕੇ ਰੱਖਿਆ। ਛਾਨੇ ਦੀ ਧੀ ਨਾਲ ਰਾਸ-ਲੀਲ੍ਹਾ ਬਾਰੇ ਸੋਚ ਕੇ ਤਰਸੇਮ ਦੇ ਅੰਗਾਂ ਵਿੱਚ ਅਕੜਾ ਹੋਣ ਲੱਗਦਾ ਅਤੇ ਉਸ ਅੰਦਰ ਇੱਕ ਵੱਖਰੀ ਕਿਸਮ ਦਾ ਨਸ਼ਾ ਛਾ ਜਾਂਦਾ।

ਪਰ ਅੱਜ ਮਸ਼ੀਨ 'ਤੇ ਖੜ੍ਹੇ ਤਰਸੇਮ ਦੇ ਖਿਆਲ ਜਦ ਛਾਨੇ ਤੋਂ ਹੁੰਦੇ ਹੋਏ ਉਸ ਦੀ ਧੀ ਤੱਕ ਪਹੁੰਚੇ ਤਾਂ ਉਸ ਦੇ ਅੰਗਾਂ ਵਿੱਚ ਕੋਈ ਹਰਕਤ ਨਾ ਹੋਈ ਅਤੇ ਅਗਲੇ ਹੀ ਪਲ ਉਸ ਨੂੰ ਆਪਣੀ ਧੀ  ਗੁਰਨੀਤ  ਦਾ ਚੇਹਰਾ ਦਿਸਿਆ। ਉਹ ਤਰਸੇਮ ਨੂੰ ਮੁਟਿਆਰ ਹੋ ਗਈ ਲੱਗੀ। ਤਰਸੇਮ ਨੇ ਆਪਣਾ ਸਿਰ ਝਟਕਿਆ ਅਤੇ ਪਾਣੀ ਦੀ ਬੋਤਲ ਵਿੱਚੋਂ ਘੁੱਟ ਭਰੀ। 'ਪੁੱਠੀਆਂ-ਸਿੱਧੀਆਂ ਗੱਲਾਂ ਸੋਚ ਕੇ ਅੱਜ ਕੋਈ ਐਵੇਂ ਐਕਸੀਡੈਂਟ ਨਾ ਕਰਾਂ ਬੈਠਾਂ,' ਇਹ ਖਿਆਲ ਆਉਂਦੇ ਹੀ ਤਰਸੇਮ ਨੇ ਮਸ਼ੀਨ ਬੰਦ ਕਰ ਦਿੱਤੀ ਅਤੇ ਲੰਮੇ-ਲੰਮੇ ਸਾਹ ਲਏ। ਫਿਰ ਉਸ ਨੇ ਸੋਚਿਆ ਕਿ ਲੀਡਹੈਂਡ ਹੋਣ ਦਾ ਲਾਹਾ ਲਏ ਅਤੇ ਉਸ ਨੇ ਨਵੇਂ ਆਏ ਕੱਚੇ-ਮਾਲ ਅਤੇ ਸੰਦਾਂ ਦੀ ਸਾਂਭ-ਸੰਭਾਲ ਵਿੱਚ ਆਪਣੇ-ਆਪ ਨੂੰ ਉਲਝਾ ਲਿਆ। ਲੰਚ ਬਰੇਕ ਵੇਲੇ ਵੀ ਉਹ ਲੰਚ-ਰੂਮ ਵਿੱਚ ਨਾ ਗਿਆ। ਉਹ ਆਪਣੇ ਸਹਿ-ਕਾਮਿਆਂ ਤੋਂ ਬਚ ਰਿਹਾ ਸੀ ਕਿ ਰਾਤ ਵਾਲੀ ਖ਼ਬਰ ਦਾ ਜ਼ਿਕਰ ਨਾ ਛੇੜ ਲੈਣ। ਉਸ ਦੇ ਸਵੇਰੇ ਕੰਮ 'ਤੇ ਪਹੁੰਚਣ ਤੋਂ ਝੱਟ ਬਾਅਦ ਹੀ ਬਰਾਇਨ ਨੇ ਇਹ ਜ਼ਿਕਰ ਛੇੜ ਦਿੱਤਾ ਸੀ। ਬਰਾਇਨ ਨੂੰ ਜਿਵੇਂ ਮਸਾਂ ਮੌਕਾ ਮਿਲਿਆ ਸੀ ਆਪਣੀਆਂ ਦਲੀਲਾਂ ਸੱਚ ਸਾਬਤ ਕਰਨ ਲਈ। ਤਰਸੇਮ ਅਤੇ ਬਰਾਇਨ ਬਹੁਤ ਵਾਰ ਅਰੈਂਜ਼ਡ-ਮੈਰਿਜ਼ 'ਤੇ ਬਹਿਸ ਕਰ ਚੁੱਕੇ ਸਨ। ਬਰਾਇਨ ਦੀਆਂ ਅਰੇਂਜ਼ਡ-ਮੈਰਿਜ਼ ਦੇ ਖ਼ਿਲਾਫ਼ ਦਲੀਲਾਂ ਦੇ ਜਵਾਬ ਜਦ ਤਰਸੇਮ ਕੋਲੋਂ ਮੁੱਕ ਜਾਂਦੇ ਤਾਂ ਉਹ ਤੋੜਾ ਝਾੜਦਾ

ਆਖਦਾ, "ਤਲਾਕ ਦੱਸ ਫਿਰ ਅਰੇਂਜ਼ਡ ਮੈਰਿਜ਼ ਵਾਲੇ ਸਾਡੇ ਲੋਕਾਂ ਦੇ ਜਿਆਦਾ ਹੁੰਦੇ ਹਨ ਜਾਂ ਤੁਹਾਡੇ ਪਿਆਰ ਵਿਆਹ ਵਾਲਿਆਂ ਦੇ?" ਤੇ ਅੱਜ ਜਦੋਂ ਬਰਾਇਨ ਨੇ ਤਰਸੇਮ ਦੇ ਕੰਮ 'ਤੇ ਪਹੁੰਚਣ ਸਾਰ ਹੀ ਖ਼ਬਰ ਦੀ ਗੱਲ ਤੋਰ ਲਈ ਤਾਂ ਤਰਸੇਮ ਛੇਤੀ ਛੇਤੀ ਉਸ ਦੀਆਂ ਦੋ ਕੁ ਗੱਲਾਂ ਦੇ ਜਵਾਬ ਦੇ ਕੇ ਪਾਸਾ ਵੱਟ ਗਿਆ। 'ਅੱਜ ਸਾਰਾ ਦਿਨ ਐਹੋ ਜੀਆਂ ਗੱਲਾਂ ਈ ਹੋਣਗੀਆਂ' ਸੋਚ ਕੇ ਤਰਸੇਮ ਦੀਆਂ ਅੱਖਾਂ ਮੱਚਣ ਲੱਗੀਆਂ। ਉਸ ਦਾ ਜੀਅ ਕੀਤਾ ਕਿ ਘਰ ਵਾਪਿਸ ਚਲਾ ਜਾਵੇ ਪਰ ਅਗਲੇ ਹੀ ਪਲ ਉਸ ਨੇ ਇਹ ਖਿਆਲ ਝਟਕ ਦਿੱਤਾ, 'ਕਰੀ ਜਾਣ ਗੱਲਾਂ, ਦਿਹਾੜੀ ਜ਼ਰੂਰ ਭੰਨਣੀ ਐ' ਸੋਚ ਕੇ ਉਹ ਵਾਸ਼ਰੂਮ ਵਿੱਚ ਵੜ ਗਿਆ। ਉਸ ਨੇ ਆਪਣੀਆਂ ਅੱਖਾਂ ਉੱਪਰ ਠੰਡੇ ਪਾਣੀ ਦੇ ਛਿੱਟੇ ਮਾਰੇ ਅਤੇ ਮਸ਼ੀਨ-ਸ਼ਾਪ ਵਿੱਚ ਜਾ ਕੇ ਘੜੀ 'ਤੇ ਅੱਠ ਵੱਜਣ ਤੋਂ ਚਾਰ ਮਿੰਟ ਪਹਿਲਾਂ ਹੀ ਏਅਰ-ਕੰਮਪਰੈਸ਼ਰ ਚਲਾ ਦਿੱਤਾ। ਜਿਸ ਦੇ ਚੱਲਣ ਦੇ ਖੜ੍ਹਕੇ ਦਾ ਮਤਲਬ ਸੀ ਕਿ ਗੱਲਾਂ ਦਾ ਸਮਾਂ ਸਮਾਪਤ। ਉਸ ਦੇ ਸਹਿ-ਕਾਮਿਆਂ ਨੇ ਉਸ ਵੱਲ ਘੂਰ ਕੇ ਵੇਖਿਆ ਪਰ ਉਸ ਨੇ ਕਿਸੇ ਦੀ ਪ੍ਰਵਾਹ ਕੀਤੇ ਬਿਨ੍ਹਾਂ ਆਪਣੀ ਮਿਲਿੰਗ ਮਸ਼ੀਨ ਚਲਾ ਲਈ।

ਪਰ ਕੰਮ ਤੋਂ ਘਰ ਵਾਪਸ ਮੁੜਦੇ ਸਮੇਂ ਪੰਜਾਬੀ ਰੇਡੀਓ ਉੱਪਰ ਫਿਰ ਉਸੇ ਖ਼ਬਰ ਦੀ ਚਰਚਾ ਚੱਲ ਰਹੀ ਸੀ। ਰੇਡੀਓ ਹੋਸਟ ਬੋਲ ਰਿਹਾ ਸੀ, "-----ਇਹ ਬਹੁਤ ਮੰਦਭਾਗੀ ਗੱਲ ਐ ਕਿ ਅਸੀਂ ਕਨੇਡਾ ਵਰਗੇ ਖੁਲ੍ਹੇ-ਡੁਲ੍ਹੇ ਮੁਲਕ 'ਚ ਰਹਿੰਦੇ ਹੋਏ ਵੀ ਆਪਣੀਆਂ ਸੰਕੀਰਨ ਸੋਚਾਂ ਤੋਂ ਖਹਿੜਾ ਨਹੀਂ ਛੁਡਾ ਸਕੇ। ਖੈਰ, ਨਿਕਸਟ ਕਾਲਰ ਪਲੀਜ਼---"

ਫਿਰ ਜਦੋਂ ਤਰਸੇਮ ਦੇ ਮਸੇਰ ਬਲਵੀਰ ਸਿੰਘ ਨੇ ਕਾਲ ਕੀਤੀ ਤਾਂ ਤਰਸੇਮ ਨੇ ਝੱਟ ਆਵਾਜ਼ ਪਹਿਚਾਣ ਲਈ। ਉਹ ਆਖ ਰਿਹਾ ਸੀ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਜੀ"

"ਕੀ ਕਹਿਣਾ ਚਾਹੋਗੇ ਜੀ," ਰੇਡੀਓ ਹੋਸਟ ਨੇ ਕਿਹਾ।

"ਗੱਲ ਵੀਰ ਜੀ ਏਦਾਂ ਬਈ ਸਾਨੂੰ ਆਪਣੇ ਬੱਚਿਆਂ ਦੀ ਸਾਂਭ-ਸੰਭਾਲ ਇਸ ਤਰ੍ਹਾਂ ਕਰਨੀ ਚਾਹੀਦੀ ਐ ਕਿ ਐਹੋ-ਜਿਹਾ ਦਿਨ ਵੇਖਣਾ ਹੀ ਨਾ ਪਵੇ।---

'ਭੈਣ ਦਾ ਘੜੁੱਕ ਹੁਣ 'ਕੇਰਾਂ ਈ ਜੱਥੇਦਾਰ ਬਣਿਆ ਫਿਰਦੈ,' ਤਰਸੇਮ ਨੇ ਸੋਚਿਆ ਅਤੇ ਰੇਡੀਓ ਸੁਨਣ ਲੱਗਾ।

"—ਵੀਰ ਜੀ ਸਾਡੇ ਘਰ ਮਹਾਰਾਜ਼ ਦਾ ਪ੍ਰਕਾਸ਼ ਐ। ਜਦ ਲੋਕੀਂ ਪਾਰਟੀਆਂ 'ਚ ਭਟਕ ਰਹੇ ਹੁੰਦੇ ਆ ਅਸੀਂ ਸਾਰਾ ਪ੍ਰੀਵਾਰ ਬੈਠ ਕੇ ਕੀਰਤਨ ਕਰਦੇ-ਸੁਣਦੇ ਆਂ। ਮੇਰੇ ਦੋਹਾਂ ਬੱਚਿਆਂ ਦਾ ਅਮ੍ਰਿਤ ਛਕਿਆ ਹੋਇਐ। ਜਦੋਂ ਅਮ੍ਰਿਤ ਛਕਾਉਂਦੇ ਆ ਨਾ ਜੀ, ਉਦੋਂ ਉਹ ਆਖ ਦਿੰਦੇ ਆ ਬਈ ਪਾਰਟੀਆਂ-ਸ਼ਾਰਟੀਆਂ 'ਚ ਨੀ ਜਾਣਾ। ਤੇ ਐਥੋਂ ਦੇ ਬੱਚੇ ਐਨੇ ਈਮਾਨਦਾਰ ਐ ਬਈ ਜੇ ਉਨ੍ਹਾਂ ਦੇ ਅੰਦਰ ਇੱਕ ਵਾਰੀ ਗੱਲ ਵੜ ਗਈ ਕਿ ਇਸ ਤਰ੍ਹਾਂ ਨਹੀਂ ਕਰਨਾ ਤੇ ਉਹ ਉਸ ਰਸਤੇ ਨੀ ਪੈਂਦੇ। ਹੁਣ ਸਾਡੇ ਬੱਚਿਆਂ ਦੀ ਸੰਗਤ ਆਪਣੇ ਵਰਗੇ ਹੀ ਅਮ੍ਰਿਤਧਾਰੀ ਬੱਚਿਆਂ ਨਾਲ ਹੈ। ਜਦੋਂ ਉਹ ਵਿਆਹ ਕਰਵਾਉਣਗੇ ਤਾਂ ਫੇਰ ਵੀ ਆਪਣੇ ਵਰਗਿਆਂ ਨਾਲ ਹੀ ਕਰਵਾਉਣਗੇ। ਪਰ ਬੱਚਿਆਂ ਨੂੰ ਇਸ ਤਰ੍ਹਾਂ ਦੇ ਬਨਾਉਣ ਲਈ ਮਾਂ-ਪਿਓ ਨੂੰ ਰੋਲ ਮਾਡਲ ਬਨਣਾ ਪੈਂਦੈ।-----

'ਵੱਡਾ ਰੋਲ-ਮਾਡਲ, ਆਵਦਾ ਨੀ ਪਤਾ ਜਦੋਂ ਅੱਧੀ-ਅੱਧੀ ਰਾਤੀਂ ਦਾਰੂ ਨਾਲ ਡੱਕਿਆ ਘਰ ਆਉਂਦਾ ਸੀ। ਹੁਣ ਲੋਕਾਂ ਨੂੰ ਉਪਦੇਸ਼ ਦੇਣ ਲੱਗੈ। ਅਖੇ ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।' ਤਰਸੇਮ ਨੇ ਸੋਚਿਆ।

ਇਹੀ ਗੱਲ ਕਿਸੇ ਨੇ ਤਰਸੇਮ ਦੀ ਹਾਜ਼ਰੀ 'ਚ ਨਵੇਂ-ਨਵੇਂ ਸਿੰਘ ਸਜੇ ਬਲਵੀਰ ਨੂੰ ਮਜ਼ਾਕ ਕਰਦਿਆਂ ਕਹੀ ਸੀ, "ਕਿਓਂ ਬਲਵੀਰ ਸਿਆਂ ਚੂਹੇ ਪੂਰੇ ਨੌਂ ਸੌ ਹੋ ਗੇ ਸੀ ਕਿ ਇੱਕ-ਅੱਧਾ ਘਟ ਵਧ ਗਿਆ ਸੀ?" ਸੁਣ ਕੇ ਤਰਸੇਮ ਮੁਸਕੜੀਏਂ ਹੱਸਿਆ ਸੀ ਪਰ ਬਲਵੀਰ ਦਾ ਜਵਾਬ ਸੁਣ ਕੇ ਉਸ ਨੂੰ ਲੱਗਾ ਸੀ ਜਿਵੇਂ ਬਲਵੀਰ ਨੇ ਉਸ ਨੂੰ ਸੁਣਾ ਕੇ ਕਿਹਾ ਸੀ, "ਅਸੀਂ ਨੌਂ ਸੌ ਖਾ ਕੇ ਹੱਜ ਨੂੰ ਤਾਂ ਤੁਰ ਪਏ ਆਂ ਪਰ ਕਈ ਬਿੱਲੀਆਂ ਹੁੰਦੀਐਂ, ਜਿਨ੍ਹਾਂ ਚੂਹੇ ਵੀ ਨੀ ਖਾਦੇ ਹੁੰਦੇ ਤੇ ਹੱਜ ਵੀ ਨੀ ਜਾਂਦੀਆਂ। ਜਿਹੋ-ਜਿਹੀਆਂ ਆਈਆਂ ਧਰਤੀ 'ਤੇ ਜਿਹੋ-ਜਿਹੀਆਂ ਨਾ ਆਈਆਂ। ਟੈਮ ਹੁੰਦੈ ਹਰੇਕ ਕੰਮ ਦਾ ਭਾਈ ਸਾਹਬ । ਬੰਦੇ ਨੂੰ ਸਮੇਂ ਅਨੁਸਾਰ ਢਲ ਜਾਣਾ ਚਾਹੀਦੈ।"

ਇਹ ਯਾਦ ਕਰਕੇ ਤਰਸੇਮ ਅੰਦਰ ਕ੍ਰੋਧ ਉੱਠਿਆ 'ਅੰਦਰੋਂ ਹੋਰ ਤੇ ਬਾਹਰੋਂ ਹੋਰ, ਵੇਖ ਕਿਵੇਂ ਪਖੰਡ ਕਰਦੇ ਆ'। ਸੋਚ ਕੇ ਤਰਸੇਮ ਰੇਡੀਓ ਸੁਨਣ ਲੱਗਾ। ਇਸੇ ਤਰ੍ਹਾਂ ਰੇਡੀਓ ਸੁਣਦਾ ਉਹ ਘਰ ਪਹੁੰਚ ਕੇ ਟਾਇਲਟ ਸੀਟ 'ਤੇ ਜਾ ਬੈਠਾ ਸੀ।

ਟਾਇਲਟ ਸੀਟ 'ਤੇ ਬੇਠੈ ਤਰਸੇਮ ਨੂੰ ਬਲਵੀਰ ਦੀ ਉਸ ਦਿਨ ਵਾਲੀ ਗੱਲ ਚੇਤੇ ਆਈ ਜਿਸ ਦਿਨ ਉਸ ਨੇ ਤਰਸੇਮ ਨੂੰ ਅੰਿਮਤ ਛਕਣ ਲਈ ਪ੍ਰੇਰਦੇ ਕਿਹਾ ਸੀ, "ਤਰਸੇਮ ਥੋਨੂੰ ਵੀ ਹੁਣ ਅਮ੍ਰਿਤ ਛਕ ਲੈਣਾ ਚਾਹੀਦੈ। ਇਨ੍ਹਾਂ ਬੱਚਿਆਂ ਨੂੰ ਹੁਣ ਜਿੱਧਰ ਮੋੜ ਲਓ ਓਧਰ ਏਨਾਂ ਲੱਗ ਜਾਣੈ। ਜੇ ਵੱਡੇ ਹੋਇਆਂ ਤੋਂ ਕਹੋਂਗੇ ਤਾਂ ਫੇਰ ਨੀ ਏਨ੍ਹਾਂ ਆਖੇ ਲੱਗਣਾ। ਨਾਲੇ ਤੈਨੂੰ ਤਾਂ ਕੋਈ ਔਖਿਆਈ ਈ ਨੀ। ਤੂੰ ਤਾਂ ਨਾ ਕੁਝ ਖਾਂਵੇ ਨਾ ਪੀਵੇਂ। ਬੱਸ ਕੇਸ ਈ ਰੱਖਣੇ ਆ।"

"ਬਾਈ ਜੀ ਜਿਹੜਾ ਕੁਝ ਮੈਂ ਹੈ ਈ ਨਹੀਂ ਉਹ ਹੋਣ ਦਾ ਭੁਲੇਖਾ ਕਿਓਂ ਪਾਵਾਂ ਲੋਕਾਂ ਨੂੰ। ਅੰਦਰੋਂ ਮੈਂ ਆਵਦੇ ਤੋਂ ਬਿਨ੍ਹਾਂ ਕਿਸੇ ਦਾ ਕੁਛ ਸੰਵਾਰਨ ਵਾਲਾ ਨਹੀਂ ਤੇ ਬਾਹਰੋਂ ਮੈਂ ਦਿਸਾਂ ਬਈ ਮੈਂ ਮਜ਼ਲੂਮਾਂ ਦਾ ਰਾਖਾ ਗੁਰੂ ਗੋਬਿੰਦ ਸਿੰਘ ਦਾ ਸਿੰਘ ਹਾਂ। ਇਹ ਮੈਥੋਂ ਨੀ ਹੋਣਾ," ਤਰਸੇਮ ਨੇ ਜਵਾਬ ਦਿੱਤਾ।

"ਤੂੰ ਸਿੰਘ ਤਾਂ ਸਜ ਗੁਰੂ ਮਾਹਾਰਾਜ ਆਪੇ ਕ੍ਰਿਪਾ ਕਰਨਗੇ," ਬਲਵੀਰ ਨੇ ਕਿਹਾ।

ਤਰਸੇਮ ਦੇ ਚਿੱਤ 'ਚ ਆਈ ਕਿ ਬਲਵੀਰ ਦੀਆਂ ਦੋ-ਤਿੰਨ ਮਿੰਟ ਪਹਿਲਾਂ ਕੀਤੀਆਂ ਗੱਲਾਂ ਨੂੰ ਆਧਾਰ ਬਣਾ ਕੇ ਕਹੇ ਕਿ ਤੇਰੇ 'ਤੇ ਤਾਂ ਗੁਰੂ ਮਾਹਾਰਾਜ ਨੇ ਕ੍ਰਿਪਾ ਕੀਤੀ ਨਹੀਂ, ਸਿੰਘ ਸਜ ਕੇ ਤੇਰੇ ਅੰਦਰੋਂ ਤਾਂ ਕੁਝ ਬਦਲਿਆ ਨਹੀਂ। ਸਾਰੇ ਜਹਾਨ ਦੀਆਂ ਨਿੰਦਾ ਚੁਗਲੀਆਂ ਕਰਦਾ ਹਟਿਆ ਹੈਂ' ਪਰ ਉਸ ਨੇ ਕਿਹਾ, "ਬਾਈ ਜੀ ਗੁੱਸਾ ਨਾ ਕਰਿਓ, ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦੇ ਖਿਲਾਫ਼ ਲੜਨ ਲਈ ਫੌਜ ਤਿਆਰ ਕਰਨ ਵਾਸਤੇ ਸਿੰਘ ਸਜਾਏ ਸੀ। ਥੋਨੂੰ ਸਾਲ ਹੋ ਗਿਆ ਸਿੰਘ ਸਜਿਆਂ ਨੂੰ ਤੁਸੀਂ ਕਦੇ ਕਿਸੇ ਮਾੜੇ ਬੰਦੇ ਦੀ ਰਾਖੀ ਲਈ ਹੋਏ ਐਂ ਖੜ੍ਹੇ।"

ਤਰਸੇਮ ਨੂੰ ਲੱਗਾ ਕਿ ਬਲਵੀਰ ਦਾ ਚੇਹਰਾ ਸਖਤ ਹੋ ਗਿਆ। ਬਲਵੀਰ ਨੇ ਆਮ ਨਾਲੋਂ ਉੱਚੀ ਆਵਾਜ਼ ਵਿੱਚ ਕਿਹਾ, "ਹੁਣ ਤੂੰ ਕਰਦੈਂ ਨਾਸਤਿਕਾਂ ਵਾਲੀਆਂ ਗੱਲਾਂ। ਅਸੀਂ ਕੀ ਲੈਣੇ ਤੂੰ ਸਿੰਘ ਸਜ ਜਾਂ ਨਾ। ਜਵਾਕਾਂ ਪਿੱਛੇ ਬਹੁਤ ਕੁਝ ਕਰਨਾ ਪੈਂਦੈ ਭਾਈ ਸਾਹਬ। ਜਦੋਂ ਉਲਾਦ ਹੱਥੋਂ ਨਿਕਲ ਗਈ ਫਿਰ ਤੂੰ ਪਛਤਾਉਣੈ ਕਿ ਬਾਈ ਠੀਕ ਈ ਕਹਿੰਦਾ ਸੀ।"

'ਉਲਾਦ ਹੱਥੋਂ ਨਿਕਲਣ ' ਵਾਲੀ ਗੱਲ ਤਰਸੇਮ ਦੇ ਦਿਮਾਗ ਵਿੱਚ ਆਉਂਦੇ ਹੀ ਫਿਕਰਮੰਦੀ 'ਚ ਉਸ ਨੇ ਸੋਚਿਆ, 'ਪਤਾ ਨੀ ਕੀ ਬਨਣੈ? ਐਹੋ ਜਿਹਾ ਦਿਨ ਨਾ ਦਿਖਾਈਂ ਰੱਬਾ ਕਿਸੇ ਨੂੰ?' ਸੋਚਕੇ ਉਸ ਦੇ ਹੱਥ ਆਪ ਮੁਹਾਰੇ ਹੀ ਉੱਪਰ ਵੱਲ ਉੱਠ ਗਏ।

ਔਲਾਦ ਬਾਰੇ, ਖਾਸ ਕਰ ਆਪਣੀ ਧੀ ਦੇ ਭਵਿੱਖ ਬਾਰੇ ਸੋਚ ਕੇ ਤਰਸੇਮ ਹਮੇਸ਼ਾ ਹੀ ਪ੍ਰੇਸ਼ਾਨ ਹੋ ਜਾਂਦਾ ਸੀ। ਜਿਸ ਦਿਨ ਬਲਵੀਰ ਨੇ ਇਹ ਗੱਲ ਕਹੀ ਸੀ ਉਸ ਰਾਤ ਵੀ ਉਹ ਬਿਸਤਰੇ 'ਚ ਪਾਸੇ ਪਰਤਦਾ ਰਿਹਾ ਸੀ। ਕਾਫ਼ੀ ਰਾਤ ਗਏ ਉਸ ਦੀ ਪਤਨੀ ਮਨਦੀਪ ਬੋਲੀ ਸੀ, "ਇੱਕ ਗੱਲੋਂ ਬਲਵੀਰ ਵੀਰ ਜੀ ਦੀ ਗੱਲ ਤਾਂ ਠੀਕ ਸੀ।" ਸ਼ਾਇਦ ਉਹ ਵੀ ਅੱਖਾਂ ਮੀਚੀ ਇਹੀ ਸੋਚਦੀ ਰਹੀ ਸੀ।

"ਪਤਾ ਨੀ ਕੀ ਠੀਕ ਐ ਤੇ ਕੀ ਗਲਤ," ਆਖ ਕੇ ਤਰਸੇਮ ਨੇ ਪਾਸਾ ਪਰਤ ਲਿਆ ਸੀ। ਜਦ ਤਰਸੇਮ ਨੇ ਹਫ਼ਤਾ ਕੁ ਦਾਹੜੀ ਸ਼ੇਵ ਨਾ ਕੀਤੀ ਤਾਂ ਮਨਦੀਪ ਨੇ ਮਜ਼ਾਕ ਜਿਹਾ ਕਰਦੀ ਨੇ ਕਿਹਾ ਸੀ, "ਲੱਗਦੈ ਵੀਰ ਜੀ ਦੀ ਗੱਲ ਦੇ ਅਸਰ ਨਾਲ ਸਿੰਘ ਸਜਣ ਦੀਆਂ ਤਿਆਰੀਆਂ ਹੋ ਰਹੀਐ?"

"ਮੈਂ ਤਾਂ ਸਜ ਜਾਊਂ, ਤੂੰ ਆਵਦਾ ਫ਼ਿਕਰ ਕਰ ਜਿਹੜੀ ਘੰਟਾ-ਘੰਟਾ ਸ਼ੀਸ਼ੇ ਮੂਹਰੇ ਖੜ੍ਹੀ ਰਹਿਨੀ ਐਂ," ਤਰਸੇਮ ਨੇ ਉਸੇ ਲਹਿਜ਼ੇ 'ਚ ਜਵਾਬ ਦਿੱਤਾ।

"ਮੇਰਾ ਫ਼ਿਕਰ ਨਾ ਕਰੋ, ਮੈਂ ਤਾਂ ਪਰਮਾਨੈਂਟ ਫੇਸ਼ੀਅਲ ਕਰਾ ਲੂੰਗੀ।"

ਮਨਦੀਪ ਦੀ ਇਹ ਗੱਲ ਚੇਤੇ ਕਰਕੇ ਤਰਸੇਮ ਨੇ ਆਪਣੀਆਂ ਗੱਲ੍ਹਾਂ ਉੱਪਰ ਹੱਥ ਫੇਰਿਆ। 'ਮੈਂ ਕਿਹੜਾ ਦਾਹੜੀ ਕਿਤੋਂ ਲੈਣ ਜਾਣੀ ਐ, ਹਫ਼ਤੇ 'ਚ ਵਧ ਜਾਣੀ ਐ।' ਇਸ ਤਰ੍ਹਾਂ ਸੋਚਦੇ ਤਰਸੇਮ ਨੇ ਸ਼ੀਸ਼ੇ ਵੱਲ ਵੇਖਿਆ। ਉਸ ਨੂੰ ਲੱਗਾ ਜਿਵੇਂ ਸ਼ੀਸ਼ਾ ਪੁੱਛ ਰਿਹਾ ਹੋਵੇ, 'ਬਾਹਰਲੀ ਦਿੱਖ ਤਾਂ ਜਦੋਂ ਮਰਜੀ ਬਦਲ ਲਓ, ਤੇਰੇ ਅੰਦਰਲਾ ਦੱਸ ਰਾਜ਼ੀ ਐ?' ਤਰਸੇਮ ਨੇ ਆਪਣੀਆਂ ਅੱਖਾਂ ਸ਼ੀਸ਼ੇ ਤੋਂ ਹਟਾ ਲਈਆਂ।

ਜਦ ਪਿਛਲੀ ਵਾਰ ਤਰਸੇਮ ਨੇ ਦਾਹੜੀ ਵਧਾਈ ਸੀ ਤਾਂ ਇਸੇ ਸ਼ੀਸ਼ੇ ਵਿੱਚ ਵੇਖਦੇ ਉਸ ਨੂੰ ਆਪਣਾ-ਆਪ ਓਪਰਾ-ਓਪਰਾ ਲੱਗਾ ਸੀ। ਉਹ ਕਾਫ਼ੀ ਦੇਰ ਐਵੇਂ ਹੀ ਸ਼ੀਸ਼ੇ ਵੱਲ ਵੇਖਦਾ ਰਿਹਾ ਸੀ ਜਿਵੇਂ ਕਿਸੇ ਹੋਰ ਨੂੰ ਵੇਖ ਰਿਹਾ ਹੋਵੇ।

ਫਿਰ ਵਾਸ਼ਰੂਮ 'ਚੋਂ ਬਾਹਰ ਨਿਕਲ ਕੇ ਉਸ ਨੇ ਮਨਦੀਪ ਨੂੰ ਕਿਹਾ ਸੀ, " ਦਾਹੜੀ ਨਾਲ ਜਾਣੀ ਮੈਨੂੰ ਲੱਗਦਾ ਹੀ ਨਹੀਂ ਕਿ ਮੈਂ, ਮੈਂ ਹਾਂ।"

ਸੁਣ ਕੇ ਮਨਦੀਪ ਹੱਸ ਪਈ। ਬੋਲੀ, "ਦਾਹੜੀ ਵਧਣ ਨਾਲ ਬੰਦਾ ਕੋਈ ਹੋਰ ਬਣ ਜਾਂਦੈ?" ਬੋਲਦੀ ਮਨਦੀਪ ਇੱਕ ਦਮ ਚੁੱਪ ਕਰ ਗਈ। ਉਸ ਨੂੰ ਲੱਗਾ ਜਿਵੇਂ ਉਹ ਕੁਝ ਗਲਤ ਆਖ ਗਈ ਸੀ। ਫਿਰ ਬੋਲੀ, "ਉਂਝ ਹੀ ਥੋਨੂੰ ਓਪਰਾ ਲੱਗਦਾ ਹੋਣੈ ਬਹੁਤ ਚਿਰ ਬਾਅਦ ਰੱਖੀ ਐ ਨਾ ਦਾਹੜੀ। ਸੱਚੀਂ ਬਹੁਤ ਸੋਹਣੀ ਲੱਗਦੀ ਐ।"

"ਹੁਣ ਤੈਨੂੰ ਸੋਹਣੀ ਲੱਗਣ ਲੱਗ ਪਈ ਪਹਿਲਾਂ ਜੇ ਦੋ ਦਿਨ ਸ਼ੇਵ ਨਾ ਹੋਣੀ ਤਾਂ ਤੇਰੇ ਵਾਲ ਚੁਭਣ ਲੱਗਦੇ ਸੀ।"

"ਟਾਈਮ-ਟਾਈਮ ਦੀ ਗੱਲ ਹੁੰਦੀ ਐ। ਉਦੋਂ ਹੱਸਣ-ਖੇਡਣ ਦੇ ਦਿਨ ਸੀ ਹੁਣ ਮਾਂ-ਪਿਓ ਵਾਲੀਆਂ ਜ਼ਿੰਮੇਵਾਰੀਆਂ ਦੇ ਦਿਨ ਆ ਗੇ।"

"ਓਹ ਤਾਂ ਠੀਕ ਐ ਪਰ ਮੈਨੂੰ ਲੱਗਦੈ ਜਿਵੇਂ ਮੈਂ ਕੋਈ ਐਕਟਿੰਗ ਜਿਹੀ ਕਰ ਰਿਹਾ ਹੋਵਾਂ।"

"ਐਕਟਿੰਗ ਆਲੀ ਕਿਹੜੀ ਗੱਲ ਐ ਇਹ ਦੇ 'ਚ ਪਹਿਲਾਂ ਵੀ ਤਾਂ ਥੋੜੇ ਕੇਸ ਰੱਖੇ ਈ ਹੁੰਦੇ ਸੀ?"

"ਉਦੋਂ ਕਦੇ ਇਹੋ-ਜਿਹੀ ਗੱਲ ਦਿਮਾਗ 'ਚ ਆਈ ਹੀ ਨੀ ਸੀ। ਦਾਹੜੀ-ਕੇਸ ਆਵਦਾ ਹਿੱਸਾ ਜਿਹਾ ਲੱਗਦੇ ਸੀ। ਜਿਵੇਂ ਨੱਕ ਐ, ਕੰਨ ਐ, ਪਰ ਹੁਣ ਜਦੋਂ ਦਿਮਾਗ 'ਚ ਇਓਂ ਐ ਬਈ ਦਾਹੜੀ-ਕੇਸ ਸਿੱਖ ਸਜਣ ਲਈ ਵਧਾ ਰਿਹਾ ਹਾਂ ਤਾਂ ਹੋਰੂੰ-ਹੋਰੂੰ ਲੱਗਦੈ।"

"ਆਪੇ ਆਦਤ ਪੈ ਜੂ, ਐਵੇਂ ਨਾ ਹੁਣ ਸ਼ੇਵ ਕਰ ਦਿਓ," ਮਨਦੀਪ ਨੇ ਤਾੜਣਾ ਕੀਤੀ ਅਤੇ ਤਰਸੇਮ ਦੇ ਡੋਲਦੇ ਚਿੱਤ ਨੂੰ ਪੱਕਾ ਕਰਨ ਲਈ ਬਲਵੀਰ ਸਿੰਘ ਦੇ ਘਰ ਸ਼ਾਮ ਨੂੰ ਹੋ ਰਹੇ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਸਾਰੇ ਪ੍ਰੀਵਾਰ ਨੂੰ ਤਿਆਰ ਕਰ ਲਿਆ ਸੀ।

ਤਰਸੇਮ ਨੂੰ ਬਲਵੀਰ ਸਿੰਘ ਦੇ ਘਰ ਕੀਰਤਨ ਕਰ ਰਹੇ ਛੋਟੇ-ਛੋਟੇ ਬੱਚੇ ਬਹੁਤ ਪਿਆਰੇ-ਪਿਆਰੇ ਲੱਗੇ ਸਨ। ਤਰਸੇਮ ਨੂੰ ਖੁਸ਼ੀ ਹੋਈ ਜਦੋਂ ਬਲਵੀਰ ਨੇ ਗੁਰਨੀਤ ਨੂੰ ਟੱਲੀਆਂ ਫੜਾ ਕੇ ਕੀਰਤਨ ਕਰ ਰਹੇ ਬੱਚਿਆਂ ਦੇ ਨਾਲ ਬੈਠਾ ਦਿੱਤਾ। ਗੁਰਨੀਤ ਨੂੰ ਟੱਲੀਆਂ ਵਜਾਉਂਦੀ ਵੇਖ ਕੇ ਤਰਸੇਮ ਦੀਆਂ ਉਂਗਲਾਂ ਆਪਣੇ ਗੋਢੇ ਉੱਪਰ ਤਬਲਾ ਵਜਾਉਣ ਵਾਂਗ ਥਿਰਕਣ ਲੱਗੀਆਂ। ਬੱਚਿਆਂ ਦੇ ਕੀਰਤਨ ਬਾਅਦ ਤਰਸੇਮ ਨੂੰ ਬਲਵੀਰ ਸਿੰਘ ਦੀ ਆਵਾਜ਼ ਸੁਣੀ। ਉਸ ਨੇ ਨੀਵੀਂ ਚੁੱਕ ਕੇ ਵੇਖਿਆ, ਬਲਵੀਰ ਮਾਈਕ ਮੂਹਰੇ ਬੈਠਾ ਕਥਾ ਕਰ ਰਿਹਾ ਸੀ, "----- ਅਸੀਂ ਮਨ ਦੇ ਨਾ ਆਖੇ ਲੱਗੀਏ ਮਨ ਸਾਡੇ ਆਖੇ ਨਹੀਂ ਲੱਗਦਾ। ਸਾਧ ਸੰਗਤ ਜੀ, ਇਹ ਮਨ ਬਹੁਤ ਚੰਚਲ ਆ। ਇਸ ਨੂੰ ਆਪਣੇ ਵੱਸ 'ਚ ਕਰਨ ਲਈ ਗੁਰੂ ਵੱਲੋਂ ਬਖ਼ਸ਼ੇ ਬਾਣੀ ਤੇ ਬਾਣੇ ਦਾ ਆਸਰਾ ਲਓ। ਗੁਰੂ ਪਿਆਰਿਓ, ਜਦ ਕਦੇ ਗਲਤ ਖਿਆਲ ਆਵੇ, ਮੇਰੇ ਗੁਰਾਂ ਦੀ ਬਾਣੀ ਵੱਲ ਧਿਆਨ ਕਰੋ। ਮਾੜੇ ਵਿਚਾਰ ਆਪਣੇ ਆਪ ਦੂਰ ਚਲੇ ਜਾਣਗੇ। ਐਨਾ ਅਸਰ ਹੈ ਮੇਰੇ ਪ੍ਰਮੇਸ਼ਰ ਦੀ ਬਾਣੀ ਵਿੱਚ। ਆਖੋ, 'ਵਾਹਿਗੁਰੂ'-----।"

ਪਰ ਤਰਸੇਮ ਨੇ 'ਵਾਹਿਗੁਰੂ' ਨਹੀਂ ਉਚਾਰਿਆ। ਉਸ ਦੇ ਅੰਦਰ ਬੇਚੈਨੀ ਪੈਦਾ ਹੋਈ। ਉਸ ਨੇ ਚੌਂਕੜੀ ਖੋਲ੍ਹ ਕੇ ਲੱਤਾਂ ਦੁਆਲੇ ਬਾਹਾਂ ਵਲ ਲਈਆਂ। ਮਿੰਟ ਕੁ ਇਸ ਤਰ੍ਹਾਂ ਬੈਠ ਕੇ ਉਸ ਨੇ ਮੁੜ ਚੌਂਕੜੀ ਮਾਰ ਕੇ ਅੱਖਾਂ ਮੀਚ ਲਈਆਂ। ਉਸ ਨੂੰ ਕੁਝ ਸਾਲ ਪਹਿਲਾਂ ਵਾਪਰੀ ਉਹ ਘਟਨਾ ਚੇਤੇ ਆ ਗਈ, ਜਦੋਂ ਬਲਵੀਰ ਨੇ ਆਪਣੇ ਨਾਲ ਕੰਮ ਕਰਦੀ ਕੁੜੀ ਨੂੰ ਫੜ ਲਿਆ ਸੀ ਅਤੇ ਤਰਸੇਮ ਨੇ ਵਿੱਚ ਪੈ ਕੇ ਗੱਲ ਨੂੰ ਮਸਾਂ ਆਈ-ਗਈ ਕੀਤਾ ਸੀ। ਜਿਓਂ-ਜਿਓਂ ਬਲਵੀਰ ਸਿੰਘ ਕਥਾ ਕਰਦਾ ਰਿਹਾ ਤਰਸੇਮ ਦੇ ਅੰਦਰਲੀ ਬੇਚੈਨੀ ਵਧਦੀ ਗਈ ਪਰ ਉਹ ਘੁੱਟ-ਵੱਟ ਕੇ ਬੈਠਾ ਰਿਹਾ।

ਘਰ ਪਹੁੰਚਕੇ ਸੌਣ ਤੋਂ ਪਹਿਲਾਂ ਦੰਦਾ 'ਤੇ ਬੁਰਸ਼ ਕਰਦੇ ਸਮੇਂ ਉਸ ਨੇ ਸ਼ੀਸ਼ੇ ਵਿੱਚ ਵੇਖਿਆ ਅਤੇ ਆਪਣਾ ਹੱਥ ਘਰੋੜ ਕੇ ਆਪਣੀ ਦਾੜ੍ਹੀ ਉੱਤੇ ਫੇਰਿਆ। ਉਸ ਨੂੰ ਆਪਣਾ ਚੇਹਰਾ ਕਰੂਪ ਲੱਗਾ। ਉਸ ਦੇ ਚਿੱਤ 'ਚ ਆਈ ਕਿ ਹੁਣੇ ਹੀ ਸ਼ੇਵ ਕਰ ਦੇਵੇ। ਪਰ ਉਸ ਕੀਤੀ ਨਹੀਂ ਅਤੇ ਬਿਸਤਰੇ ਵਿੱਚ ਵੜ ਕੇ ਉੱਸਲ-ਵੱਟੇ ਲੈਣ ਲੱਗਾ।

"ਵੇਖੋ ਬੱਚੇ ਕਿੰਨੇ ਸੋਹਣੇ ਲੱਗਦੇ ਸੀ ਕੀਰਤਨ ਕਰਦੇ ਨਾਲੇ ਲੰਗਰ ਵਰਤਾਉਂਦੇ। ਐਂ ਜਾਇਆ ਕਰਾਂਗੇ ਤਾਂ ਆਪਣੇ ਵੀ ਇਸ ਪਾਸੇ ਲੱਗਣਗੇ," ਮਨਦੀਪ ਨੇ ਕਿਹਾ।

"ਤੂੰ ਲੈ ਜਿਆ ਕਰ, ਜੇ ਜਾਣਾ ਹੁੰਦੇ। ਓਥੇ ਉਹ ਭੈਣ ਦਾ ਘੜੁੱਕ ਤੇਰਾ ਕੁਛ ਲੱਗਦਾ ਵੱਡਾ ਕਥਾ-ਵਾਚਕ ਬਣਿਆ ਬੈਠਾ ਹੁੰਦੈ," ਤਰਸੇਮ ਦੀ ਆਵਾਜ਼ ਵਿਚਲਾ ਕ੍ਰੋਧ ਮਹਿਸੂਸ ਕਰ ਕੇ ਮਨਦੀਪ ਨੇ ਹੈਰਾਨੀ ਜਿਹੀ 'ਚ ਕਿਹਾ, "ਵਧੀਆ ਕਥਾ ਕੀਤੀ ਵੀਰ ਜੀ ਨੇ ਵੀ।"

"ਕੀਤੀ ਕਥਾ, ਹੁਣ ਵੱਡਾ ਗਿਆਨੀ ਬਣਿਆ ਬੈਠਾ। ਆਪਣਾ ਨੀ ਪਤਾ ਨਿੱਤ ਕਦੇ ਕਿਸੇ ਕੁੜੀ ਦੇ ਗਲਮੇ 'ਚ ਹੱਥ ਪਾਈ ਬੈਠਾ ਹੁੰਦਾ ਸੀ, ਕਦੇ ਕਿਸੇ ਦੇ।"

"ਕੀ ਪਤੈ ਹੁਣ ਸੋਝੀ ਆ ਗੀ ਹੋਵੇ ਬਈ ਜਿਹੜੇ ਪੁੱਠੇ ਕੰਮ ਆਪ ਕਰਦਾ ਸੀ ਉਹ ਦੂਜੇ ਨਾ ਕਰਨ।"

"ਇਹੋ-ਜਿਆਂ ਨੂੰ ਨੀ ਆਉਂਦੀ ਹੁੰਦੀ ਸੋਝੀ। ਦੂਜਿਆਂ ਨੂੰ ਈ ਮੱਤਾਂ ਦੇਣੀਆਂ ਜਾਣਦੇ ਹੁੰਦੇ ਐ। ਤੇਰੇ ਖਿਆਲ 'ਚ ਤਿੰਨ-ਚਾਰ ਮਹੀਨਿਆਂ ਬਾਅਦ ਜਦੋਂ ਉਹ 'ਕੱਲਾ ਆਊਟ-ਔਫ਼ ਟਾਊਨ ਜਾਂਦੈ ਉਦੋਂ ਉਹ ਕਥਾ ਕਰਨ ਜਾਂਦੈ। ਮੈਥੋਂ ਹੋਰ ਸੁਣਦੀ ਐਂ-----"

"ਚੱਲ ਆਪਾਂ ਨੂੰ ਕੀ। ਜਿਹੜਾ ਕਰੂਗਾ ਓਹੀ ਭਰੂਗਾ। ਨਾਲੇ ਸਾਰੇ ਇੱਕੋ-ਜਿਹੇ ਤਾਂ ਨੀ ਹੁੰਦੇ। ਕੁਝ ਚੰਗੇ ਵੀ ਤਾਂ ਹੋਣਗੇ ਹੀ। ਜੇ ਇੱਥੇ ਥੋਡਾ ਚਿੱਤ ਨੀ ਮੰਨਦਾ ਤਾਂ ਆਪਾਂ ਕਿਸੇ ਹੋਰ ਗੁਰਦੁਆਰੇ ਚਲੇ ਚੱਲਿਆ ਕਰਾਂਗੇ," ਆਖ ਕੇ ਮਨਦੀਪ ਨੇ ਤਰਸੇਮ ਨੂੰ ਸਾਵਾਂ ਕਰਨ ਲਈ ਉਸ ਦੇ ਵਾਲਾਂ ਵਿੱਚ ਉਂਗਲੀਆਂ ਫੇਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਤਰਸੇਮ ਨੂੰ ਵਾਰ-ਵਾਰ ਕਥਾ ਕਰ ਰਹੇ ਬਲਵੀਰ ਸਿੰਘ ਦਾ ਚੇਹਰਾ ਦਿਸਦਾ ਅਤੇ ਉਸ ਦਾ ਅੰਦਰ ਉੱਬਲਣ ਲੱਗਦਾ। ਸਵੇਰੇ ਉੱਠ ਕੇ ਤਰਸੇਮ ਨੇ ਸ਼ੇਵ ਕਰ ਕੇ ਤੋਲੀਏ ਨਾਲ ਮੂੰਹ ਪੂੰਝ ਕੇ ਸ਼ੀਸ਼ੇ ਵੱਲ ਵੇਖਿਆ, ਫਿਰ ਬੁੜਬੜਾਇਆ, "ਭੈਣ ਦਾ ਘੜੁੱਕ"। ਵਾਸ਼ਰੂਮ 'ਚੋਂ ਬਾਹਰ ਆਏ ਨੂੰ ਵੇਖ ਕੇ ਮਨਦੀਪ ਬੋਲੀ, "ਏਹਦੇ 'ਚ ਵੀਰ ਜੀ ਦਾ ਕੀ ਗਿਆ? ਆਪਾਂ ਆਪਣੇ ਬੱਚਿਆਂ ਪਿੱਛੇ ਕਰਨੈ, ਅਗਲਿਆਂ ਨੇ ਆਪਣਿਆਂ ਪਿੱਛੇ।"

"ਅਮ੍ਰਿਤਧਾਰੀ ਬੱਚੇ ਕਿਹੜਾ ਸਾਰੇ ਈ ਸਲੱਗ ਨਿਕਲਦੇ ਐ। ਸੁਣਿਆ ਨਹੀਂ ਸੀ, ਰਿਚਮੰਡ ਵਾਲਿਆਂ ਦਾ ਮੁੰਡਾ ਜਿਹੜਾ ਪੁਲਸ ਨੇ ਡਰੱਗਾਂ 'ਚ ਫੜਿਐ ਉਹਦੇ ਵੀ ਗਾਤਰਾ ਪਾਇਐ ਈ ਸੀ," ਤਰਸੇਮ ਨੇ ਖਿੱਝ ਜਿਹੀ ਨਾਲ ਕਿਹਾ।

"ਸਾਰੇ ਤਾਂ ਨੀ ਡਰੱਗਾਂ ਖਾਣ-ਵੇਚਣ ਲੱਗਦੇ। ਚੰਗੇ ਵੀ ਬਥੇਰੇ ਨਿਕਲਦੇ ਆ। ਦੇਖੇ ਨੀ ਰਾਤ ਕਿਵੇਂ ਜੀ-ਜੀ ਕਰ ਕੇ ਪ੍ਰਸ਼ਾਦੇ ਪੁੱਛਦੇ ਸੀ। ਬੱਚੇ ਇੱਕ-ਦੂਜੇ ਵੱਲ ਵੇਖ ਕੇ ਈ ਸਿਖਦੇ ਆ। ਵੱਡੀ ਗੱਲ ਤਾਂ ਏਨ੍ਹਾਂ ਦੇ ਦੋਸਤ ਵੀ ਆਪਣੇ ਈ ਬਣਦੇ ਆ। ਲੋਕੀ ਕੀ ਨੀ ਕਰਦੇ ਧੀਆਂ-ਪੁੱਤਾਂ ਪਿੱਛੇ। ਮੁੰਡਿਆਂ ਦਾ ਸਰ ਜਾਂਦੇ ਜਦੋਂ ਕਿਸੇ ਦੀ ਧੀ-ਭੈਣ ਦੀ ਗੱਲ ਸੁਣਦੇ ਐਂ ਤਾਂ ਥੋਨੂੰ ਈ ਪਹਿਲਾਂ ਫ਼ਿਕਰ ਲੱਗਦਾ ਹੁੰਦੈ," ਆਖ ਕੇ ਮਨਦੀਪ ਭਾਂਡੇ ਸਾਫ਼ ਕਰਦੀ ਪਤੀਲੇ ਨੂੰ ਜੋਰ-ਜੋਰ ਨਾਲ ਖੁਰਚਣ ਲੱਗੀ।

ਟਾਇਲਟ ਸੀਟ 'ਤੇ ਬੈਠੇ ਤਰਸੇਮ ਨੂੰ ਮਨਦੀਪ ਦੀ ਇਸ ਗੱਲ ਦਾ ਖਿਆਲ ਆਉਂਦੇ ਹੀ ਆਪਣੀ ਰਾਤ ਵਾਲੀ ਹਾਲਤ ਦਾ ਖਿਆਲ ਆਇਆ, ਜਦ ਉਸ ਨੇ ਟੀ. ਵੀ. 'ਤੇ ਗਿਆਰਾਂ ਵਾਲੀਆਂ ਖ਼ਬਰਾਂ ਵਿੱਚ ਇਹ ਖਬਰ ਸੁਣ ਕੇ ਸਾਰੀ ਰਾਤ ਉੱਸਲਵੱਟੇ ਲੈਂਦਿਆਂ ਕੱਟੀ ਸੀ। ਜਦ ਵੀ ਅੱਖਾਂ ਮੀਚਦਾ ਉਸ ਨੂੰ ਖ਼ਬਰ ਵਾਲੇ ਪਿਓ-ਧੀ ਆਪਣੇ ਅਤੇ ਗੁਰਨੀਤ ਵਿੱਚ ਵਟਦੇ ਮਹਿਸੂਸ ਹੁੰਦੇ ਅਤੇ ਉਹ ਡਰ ਕੇ ਝੱਟ ਅੱਖਾਂ ਖੋਹਲ ਦਿੰਦਾ। ਅਜੇਹੀ ਰਾਤ ਤੋਂ ਬਾਅਦ ਜਦ ਸਵੇਰੇ ਉੱਠ ਕੇ ਤਰਸੇਮ ਕੰਮ 'ਤੇ ਪਹੁੰਚਿਆਂ ਤਾਂ ਬਰਾਇਨ ਜਿਵੇਂ ਉਸ ਨੂੰ ਹੀ ਉਡੀਕ ਰਿਹਾ ਸੀ, ਉਸ ਨੇ ਤਰਸੇਮ ਨੂੰ ਕਿਹਾ ਸੀ, "ਟੈਰੀ, ਤੂੰ ਕੀ ਸੋਚਦਾ ਹੈਂ ਜਿਹੜਾ ਤੇਰੇ ਕੰਟਰੀਮੈਨ ਨੇ ਆਪਣੀ ਧੀ ਦਾ ਕਤਲ ਕੀਤਾ ਹੈ।"

"ਮੈਂ ਕੀ ਸੋਚਣਾ ਹੈ," ਆਖ ਕੇ ਤਰਸੇਮ ਚੁੱਪ ਕਰ ਗਿਆ। ਉਹ ਗੱਲ ਨੂੰ ਅਗਾਂਹ ਨਹੀਂ ਸੀ ਤੋਰਨਾ ਚਾਹੁੰਦਾ। ਪਰ ਬਰਾਇਨ ਅੱਜ ਗੱਲ ਨੂੰ ਐਡੀ-ਛੇਤੀ ਮੁੱਕਣ ਨਹੀਂ ਸੀ ਦੇਣਾ ਚਾਹੁੰਦਾ, ਉਸ ਨੇ ਕਿਹਾ, "ਮੇਰੇ ਖਿਆਲ ਵਿੱਚ ਐਹੋ-ਜਿਹੇ ਪਿਓ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ।"

ਤਰਸੇਮ ਦੇ ਦਿਮਾਗ ਵਿੱਚ ਖਿਝ ਉੱਠੀ। ਉਹ ਬੋਲਿਆ, "ਬਰਾਇਨ ਇਹ ਸਾਡਾ ਸਭਿਆਚਾਰਕ ਮਸਲਾ ਹੈ, ਤੂੰ ਨਹੀਂ ਸਮਝ ਸਕਦਾ।"

"ਇਹ ਕਿਹੋ-ਜਿਹਾ ਸਭਿੱਆਚਾਰ ਹੈ ਜਿਹੜਾ ਧੀਆਂ ਨੂੰ ਕਤਲ ਕਰਨ ਲਈ ਉਕਸਾਉਂਦਾ ਹੈ। ਬੱਚੇ ਨੂੰ ਪੜ੍ਹਾਓ-ਲਿਖਾਓ, ਚੰਗੀਆਂ ਕਦਰਾਂ-ਕੀਮਤਾਂ ਸਿਖਾਓ। ਜੀਵਨ-ਸਾਥੀ ਚੁਨਣ ਦਾ ਹੱਕ ਬੱਚੇ ਨੂੰ ਹੋਣਾ ਚਾਹੀਦਾ ਹੈ। ਉਸ ਨੇ ਹੀ ਸਾਰੀ ਉਮਰ

ਆਪਣੇ ਸਾਥੀ ਨਾਲ ਗੁਜਾਰਨੀ ਹੁੰਦੀ ਹੈ। ਜੇ ਬੱਚਾ ਇਹ ਆਪਣਾ ਬੁਨਿਆਦੀ ਹੱਕ ਮੰਗਦਾ ਹੈ ਤਾਂ ਇਹ ਦਾ ਮਤਲਬ ਇਹ ਨਹੀਂ ਕਿ ਉਸ ਦਾ ਕਤਲ ਕਰ ਦਿਓ," ਬਰਾਇਨ ਝੱਟ ਬੋਲਿਆ।

'ਹੋਰ ਉਹ ਭੈਣ ਮਰਾਉਂਦਾ ਜੇ ਕਤਲ ਨਾ ਕਰਦਾ' ਤਰਸੇਮ ਦੇ ਚਿੱਤ 'ਚ ਆਈ ਪਰ ਉਸ ਨੇ ਕਿਹਾ, "ਕਿਹੜਾ ਪਿਓ ਆਪਣੀ ਧੀ ਨੂੰ ਕਤਲ ਕਰਨਾ ਚਾਹੁੰਦਾ ਹੁੰਦਾ ਹੈ।"

"ਫੇਰ?" ਬਰਾਇਨ ਨੇ ਪ੍ਰਸ਼ਨ ਸੂਚਕ ਨਜ਼ਰਾਂ ਨਾਲ ਤਰਸੇਮ ਵੱਲ ਵੇਖਿਆ।

"ਤੂੰ ਨਹੀਂ ਸਮਝੇਂਗਾ," ਆਖ ਕੇ ਤਰਸੇਮ ਉਸ ਕੋਲੋਂ ਪਰ੍ਹਾਂ ਹੋ ਗਿਆ। 'ਭੈਣ ਦੇ ਘੜੁੱਕ ਗੱਲ ਨੂੰ ਸਮਝੇ ਬਿਨ੍ਹਾ ਹੀ ਲੈਕਚਰ ਸ਼ੁਰੂ ਕਰ ਦਿੰਦੇ ਆ। ਕਿਹਾ ਬਈ ਥੋਡਾ ਆਵਦਾ ਕਲਚਰ ਐ, ਤੇ ਸਾਡਾ ਆਵਦਾ ਐ।

ਬਰਾਇਨ ਦੀਆਂ ਇਹ ਗੱਲਾਂ ਟਾਇਲਟ ਸੀਟ 'ਤੇ ਬੈਠੇ ਤਰਸੇਮ ਦੇ ਦਿਮਾਗ ਵਿੱਚ ਚੱਕਰ ਲਾਉਣ ਲੱਗੀਆਂ, 'ਬੱਚਿਆਂ ਨੂੰ ਪੜਾਓ-ਲਿਖਾਓ, ਜਿਹੜਾ ਤੁਹਾਡਾ ਫ਼ਰਜ਼ ਹੈ।' ਤਰਸੇਮ ਨੂੰ ਲੱਗਾ ਜਿਵੇਂ ਇਹ ਗੱਲਾਂ ਬਰਾਇਨ ਨਹੀਂ ਸਗੋਂ ਜੀਤ ਮਾਮਾ ਆਖ ਰਿਹਾ ਹੋਵੇ। ਪਰ ਅਗਲੇ ਹੀ ਪਲ ਉਸ ਦੇ ਦਿਮਾਗ ਵਿੱਚ ਰੇਡੀਓ ਦੇ ਕਿਸੇ ਕਾਲਰ ਦੀ ਗੱਲ ਗੂੰਝੀ, ਜਿਹੜੀ ਉਸ ਨੇ ਅੱਜ ਟਾਕ ਸ਼ੋਅ ਵਿੱਚ ਸੁਣੀ ਸੀ। ਟਾਕ ਸ਼ੋਅ ਵਿੱਚ ਕੋਈ ਬੋਲ ਰਿਹਾ ਸੀ, "----ਭਾਈ ਸਾਹਬ ਹੁਣ ਸਾਰੇ ਗੋਰਿਆਂ ਦੇ ਅਖਬਾਰ-ਰੇਡੀਓ ਓਸ ਬੰਦੇ ਨੂੰ ਮਾੜਾ ਕਹੀ ਜਾਂਦੇ ਆ। ਬਿਗਾਨੇ ਘਰ ਲੱਗੀ ਅੱਗ ਤਮਾਸ਼ਾ ਹੁੰਦੀ ਐ। ਬੰਦੇ ਨੇ ਚਾਰ ਭਾਈਬੰਦਾਂ 'ਚ ਉੱਠਣਾ-ਬਹਿਣਾ ਵੀ ਹੁੰਦੈ। ਕਿਹੜਾ ਪੰਜਾਬੀ ਬੰਦੈ ਜਿਹੜਾ ਕਿਸੇ ਗੋਰੇ ਨੂੰ ਜਵਾਈ ਬਨਾਉਣ ਲਈ ਤਿਆਰ ਹੋਊ। ਜਦੋਂ ਗੰਦੀ 'ਲਾਦ ਆਖੇ ਨਾ ਲੱਗੂ ਤਾਂ ਬੰਦਾ ਕੀ ਕਰੂ, ਹੈਂਜੀ---

"ਮੇਹਰਬਾਨੀ ਜੀ, ਇਹ ਤੁਹਾਡਾ ਖਿਆਲ ਐ। ਆਖੇ ਨਾ ਲੱਗਣ 'ਤੇ ਉਲਾਦ ਨੂੰ ਕਤਲ ਕਰ ਦੇਈਦੈ?" ਕਾਲ ਨੂੰ ਵਿਚਾਲਿਓਂ ਕੱਟ ਕੇ ਰੇਡੀਓ ਹੋਸਟ ਨੇ ਕਿਹਾ ਸੀ। ਰੇਡੀਓ ਹੋਸਟ ਦੀ ਇਹ ਗੱਲ ਯਾਦ ਆਉਂਦਿਆਂ ਹੀ ਤਰਸੇਮ ਨੂੰ ਲੱਗਾ ਜਿਵੇਂ ਜੀਤ ਮਾਮਾ ਆਖ ਰਿਹਾ ਹੋਵੇ, 'ਬੱਚਿਆਂ ਨੂੰ ਪੜ੍ਹਾਓ-ਲਿਖਾਓ, ਜਿਹੜਾ ਬੰਦੇ ਦਾ ਫ਼ਰਜ਼ ਐ। ਉਨ੍ਹਾਂ ਨੂੰ ਆਪਣੀ ਇੱਜ਼ਤ ਦਾ ਮਸਲਾ ਨਾ ਬਣਾਓ।' ਪਰ ਅਗਲੇ ਹੀ ਪਲ ਕਾਲਰ ਦੀ ਆਵਾਜ਼ ਫਿਰ ਉਸ ਦੇ ਅੰਦਰ ਉੱਠੀ। ਤਰਸੇਮ ਨੇ ਸੋਚਿਆ, 'ਬੰਦੇ ਨੇ ਸੁਸਾਇਟੀ ਵਿੱਚ ਉੱਠਣਾ-ਬੈਠਣਾ ਵੀ ਹੁੰਦੈ, ਜੇ ਚਾਰ ਬੰਦਿਆਂ 'ਚ ਕੋਈ ਆਖ ਦੇਵੇ ਬਈ ਫਲਾਣੇ ਦੀ ਗੋਰੇ ਨਾਲ ਨਿਕਲ ਗਈ ਤਾਂ ਕੀ ਰਹਿੰਦੈ ਬੰਦੇ ਦਾ।' ਫਿਰ ਤਰਸੇਮ ਨੂੰ ਲੱਗਾ ਜਿਵੇਂ ਮਾਮਾ ਆਖ ਰਿਹਾ ਹੋਵੇ, 'ਮੇਰੇ ਕਿਹੜਾ ਗਾਤਰਾ ਪਾਇਆ ਸੀ ਦੋਹੇਂ ਕੁੜੀਆਂ ਵਧੀਆ ਪੜ੍ਹ-ਲਿਖ ਗਈਐ।'

'ਡਾਕਟਰ ਬਣ ਗੀਐਂ ਤਾਂ ਐਡਾ ਕੀ ਕਰਤਾ, ਮਾਮਾ ਆਪਣੇ ਚਾਰ ਬੰਦਿਆਂ 'ਚ ਤਾਂ ਨੀ ਖੜ੍ਹਦਾ ਹੋਣਾ,' ਤਰਸੇਮ ਨੂੰ ਬਲਵੀਰ ਦੀ ਜੀਤ ਮਾਮੇ ਬਾਰੇ ਕਹੀ ਗੱਲ ਚੇਤੇ ਆਈ।

ਫਿਰ ਤਰਸੇਮ ਨੂੰ ਲੱਗਾ ਜਿਵੇਂ ਮਨਦੀਪ ਆਖ ਰਹੀ ਸੀ, 'ਆਪਾਂ ਬੱਚਿਆਂ ਪਿੱਛੇ ਕਰਨੈ, ਲੋਕੀਂ ਕੀ ਨਹੀਂ ਕਰਦੇ ਧੀਆਂ - ਪੁੱਤਾਂ ਪਿੱਛੇ।'

'ਕੀ ਕਰੇ ਬੰਦਾ?' ਸੋਚਦੇ ਹੋਏ ਤਰਸੇਮ ਨੇ ਮਹਿਸੂਸ ਕੀਤਾ ਕਿ ਉਸ ਦਾ ਸਿਰ ਪਾਟ ਰਿਹਾ ਸੀ। ਉਸ ਨੇ ਬੇਵਸੀ ਨਾਲ ਸ਼ੀਸ਼ੇ ਵੱਲ ਵੇਖਿਆ ਪਰ ਸ਼ੀਸ਼ਾ ਉਸ ਨੂੰ ਖਾਲੀ-ਖਾਲੀ ਲੱਗਾ। "ਭੈਣ ਦੇ ਘੜੁੱਕਾ, ਤੂੰ ਹੀ ਬੋਲ ਕੁਝ?" ਤਰਸੇਮ ਬੁੜਬੜਾਇਆ।

***

ਕਹਾਣੀ

# ਪੂਛਲ ਤਾਰਾ

**ਤਲਵਿੰਦਰ ਸਿੰਘ**

talwinder_kahanikar@yahoo.co.in

ਦਰਿਆ ਦੇ ਪਾਣੀ ਨੂੰ ਚੱਟ ਕੇ ਆਈ ਸੀਤ ਪੌਣ ਸਿੱਧੀ ਮੇਰੇ ਹੱਡਾਂ ਵਿੱਚ ਧੱਸ ਰਹੀ ਹੈ। ਵਜਦੇ ਦੰਦੋੜਿੱਕੇ ਨਾਲ ਕਾਂਬੇ ਦੀ ਤਿੱਖੀ ਲਹਿਰ ਮੇਰਾ ਸਾਰਾ ਵਜੂਦ ਕੰਬਾ ਰਹੀ ਹੈ। ਮੇਰੇ ਸਿਰ ਦੇ ਕਿਸੇ ਕੋਣੇ ਵਿੱਚ ਜਿਵੇਂ ਕੁਝ ਨਿਰੰਤਰ ਧੁਖ਼ ਰਿਹਾ ਹੈ ਤੇ ਧੂੰਆਂ ਜਿਹਾ ਅੰਦਰ ਇਕੱਠਾ ਹੋਈ ਜਾ ਰਿਹਾ ਹੈ। ਮੈਂ ਸ਼ੀਸ਼ੇ ਵਾਲੀ ਬਾਰੀ ਦਾ ਪੱਲਾ ਖੋਲ੍ਹ ਸੰਘਣੇ ਹਨੇਰੇ ਦੀਆਂ ਪਰਤਾਂ ਫਰੋਲ ਰਿਹਾ ਹਾਂ। ਸਫ਼ੈਦਿਆਂ ਦੇ ਉੱਚੇ ਉੱਚੇ ਰੁੱਖਾਂ ਦੇ ਸਿਆਹ ਆਕਾਰ ਝੂਮਦੇ ਇਓਂ ਲੱਗ ਰਹੇ ਨੇ ਜਿਵੇਂ ਬੇਡੌਲ ਤੇ ਪਲ ਪਲ ਰੂਪ ਵਟਾਉਂਦੇ ਦੈਂਤ ਅਸਮਾਨ ਨੂੰ ਸਿਰ 'ਤੇ ਚੁੱਕੀ ਖਿੱਲੀ ਪਾ ਰਹੇ ਹੋਣ। ਬਾਹਰਲੇ ਗੇਟ ਲਾਗੇ ਟਾਈਗਰ ਬਦਹਵਾਸੀ ਵਿੱਚ ਭੌਂਕੀ ਜਾ ਰਿਹਾ ਹੈ। ਮੇਰਾ ਮਨ ਬੇਚੈਨ ਹੈ ਤੇ ਅੱਖਾਂ ਤੋਂ ਨੀਂਦ ਕੋਹਾਂ ਦੂਰ ਹੈ। ਕਿਸੇ ਕਸ਼ਮਕਸ਼ ਵਿੱਚ ਮੈਂ ਕਿੰਨਾ ਹੀ ਚਿਰ ਛੱਤ 'ਤੇ ਟਹਿਲਦਾ ਰਿਹਾਂ ਤੇ ਹੁਣ ਦੇਰ ਤੋਂ ਇਸ ਕਮਰੇ ਵਿੱਚ ਊਠਕ ਬੈਠਕ ਵਿੱਚ ਹਾਂ। ਕੀਰਤੀ ਲਾਗੇ ਹੀ ਸੁੱਤੀ ਪਈ ਹੈ। ਉਹ ਸੁੱਤੀ ਹੋਵੇ ਤਾਂ ਘੁਰਾੜੇ ਸੁਣਦੇ ਹਨ। ਮੈਂ ਅੰਦਾਜ਼ਾ ਲਾਉਂਦਾ ਹਾਂ ਕਿ ਉਹ ਇਸ ਵੇਲੇ ਹਰ ਤਣਾਓ ਤੋਂ ਮੁਕਤ ਹੈ ਤਾਂ ਹੀ ਉਹ ਆਪਣੇ ਦੁਆਲੇ ਰਜਾਈ ਲਪੇਟੀ ਪੰਚਮ ਸੁਰ ਵਿੱਚ ਘੁਰਾੜੇ ਛੱਡ ਰਹੀ ਹੈ। ਮੈਂ ਚੁੱਪ ਹਾਂ ਤੇ ਹਨੇਰੇ ਦੇ ਮੋਟੇ ਗਿਲਾਫ਼ ਵਿੱਚ ਘਿਰਿਆ ਮਹਿਸੂਸ ਕਰ ਰਿਹਾ ਹਾਂ। ਮੈਂ ਚਾਨਣ ਕਰਨਾ ਚਾਹੁੰਦਾ ਹਾਂ ਪਰ ਮੇਰੇ ਹੱਥ ਬੱਤੀ ਦੇ ਸਵਿੱਚ ਵੱਲ ਜਾਂਦੇ ਜਾਂਦੇ ਰੁਕ ਜਾਂਦੇ ਹਨ।

ਸੜਕ ਉੱਤੇ ਬਾਹਰ ਕੋਈ ਵਾਹਨ ਗੁਜ਼ਰਦਾ ਹੈ ਤਾਂ ਮੈਂ ਦੇਰ ਤੱਕ ਹਨੇਰੇ ਦੀ ਤਹਿ ਵਿੱਚ ਗਰਕਦੀ ਉਹਦੀ ਰੋਸ਼ਨੀ ਨੂੰ ਤੱਕੀ ਜਾਂਦਾ ਹਾਂ। ਡੇਰੇ ਦੇ ਗੇਟ 'ਤੇ ਸਾਰੀ ਰਾਤ ਜਗਣ ਵਾਲਾ ਬਲਬ ਇਸ ਵੇਲੇ ਲਕਸ਼ਮੀ ਬਿਲਡਿੰਗ ਦੇ ਪਿੱਛੇ ਹੈ। ਸਤਵੀਂ ਮੰਜ਼ਲ ਤੱਕ ਪਹੁੰਚਣ ਵਾਲੀ ਇਹ ਇਮਾਰਤ ਹਾਲੇ ਵੀ ਬਣ ਰਹੀ ਹੈ। ਦੱਸਦੇ ਨੇ ਕਿ ਇਥੇ ਕਈ ਦਫ਼ਤਰ ਦੁਕਾਨਾਂ ਖੁੱਲ੍ਹ ਜਾਣੀਆਂ ਨੇ। ਇਥੇ ਦੁਨੀਆਂ ਭਰ ਦੇ ਵੰਨ ਸੁਵੰਨੇ ਪਦਾਰਥ ਮਿਲਿਆ ਕਰਨਗੇ ਤੇ ਇਥੋਂ ਨਵੇਂ ਰੰਗੀਨ ਸੰਸਾਰ ਦੇ ਦਰਸ਼ਨ ਕੀਤੇ ਜਾ ਸਕਣਗੇ। ਗੇਟ ਵਾਲਾ ਬਲਬ ਇਸ ਬਿਲਡਿੰਗ ਦੇ ਪਿੱਛੇ ਆਉਣ ਕਰਕੇ ਹੁਣ ਨਜ਼ਰੀਂ ਨਹੀਂ ਪੈਂਦਾ। ਇਹ ਬਲਬ ਹਮੇਸ਼ਾ ਜਗਦਾ ਰਿਹਾ, ਗੇਟ ਉਪਰ ਵੀ ਤੇ ਲੋਕਾਂ ਦੇ ਦਿਲਾਂ ਵਿੱਚ ਵੀ। ਸੁੰਨ, ਇਕੱਲੀਆਂ ਤੇ ਠਰੀਆਂ ਰਾਤਾਂ 'ਚ ਇਸਦਾ ਹਮੇਸ਼ਾ ਆਸਰਾ ਰਿਹਾ ਸੀ। ਮੇਰੀ ਜਿਉਂਦੀ ਜਾਗਦੀ ਹਯਾਤੀ ਵਿੱਚ ਇਹ ਡੇਰਾ ਇਓਂ ਰਮਿਆ ਹੋਇਆ ਸੀ ਜਿਵੇਂ ਮੇਰੇ ਨਾਲ ਮੇਰੇ ਸਾਹ ਪ੍ਰਾਣ। ਮੇਰੇ ਨਾਲ ਹੀ ਕਿਉਂ ਪਹਿਲਾਂ ਪਿਤਾ ਜੀ ਤੇ ਉਹਨਾਂ ਤੋਂ ਪਹਿਲਾਂ ਬਾਪੂ ਜੀ ਨਾਲ ਡੇਰੇ ਦਾ ਇਸ ਤੋਂ ਵੀ ਵੱਧ ਪੀਡਾ ਰਿਸ਼ਤਾ ਸੀ।

ਬਾਬਾ ਬਿਸ਼ਨ ਦਾਸ ਤੇ ਮੇਰੇ ਦਾਦਾ ਜੀ, ਜਿਨ੍ਹਾਂ ਨੂੰ ਸਾਰੇ ਬਾਪੂ ਜੀ ਆਖਦੇ, ਵਿਚਾਲੇ ਤਾਂ ਕੋਈ ਲਕੀਰ ਨਹੀਂ ਸੀ ਖਿੱਚ ਸਕਦਾ। ਮੇਰੇ ਅੰਦਰ ਨਾ ਕੋਈ ਤਸਵੀਰ ਬਾਪੂ ਜੀ ਦੀ ਹੈ ਨਾ ਬਾਬਾ ਜੀ ਦੀ ਪਰ ਉਹਨਾਂ ਦੀਆਂ ਸਿਮਰਤੀਆਂ ਦੀ ਭਰੀ ਪੂਰੀ ਪੰਡ ਹੈ। ਜਦੋਂ ਬਾਬਾ ਜੀ ਨੇ ਸੁਆਸ ਤਿਆਗੇ ਉਦੋਂ ਮੈਂ ਬਾਲਪਨ ਦੀ ਉਸ ਅਵਸਥਾ ਵਿੱਚ ਸਾਂ ਜਦੋਂ ਕੁਝ ਵੀ ਵੇਖਿਆ ਸੁਣਿਆ ਚੇਤੇ ਨਹੀਂ ਰਹਿੰਦਾ ਤੇ ਬਾਪੂ ਜੀ ਦੇ ਗੁਜ਼ਰਨ ਵੇਲੇ ਤਾਂ ਖ਼ੁਦ ਪਿਤਾ ਜੀ ਹੋਲ਼ੀ ਉਮਰ ਦੇ ਸਨ, ਮਸਾਂ ਚੌਦਾਂ ਪੰਦਰਾਂ ਵਰ੍ਹਿਆਂ ਦੇ। ਪਰ ਉਹ ਸਿਆਣੇ ਢੇਰ ਸਨ। ਉਹਨਾਂ ਨੂੰ ਇਕ ਇਕ ਮੰਜ਼ਰ ਚੇਤੇ ਸੀ, ਹੁਣੇ ਘੜੀ ਪਲ ਪਹਿਲਾਂ ਘਟੀ ਘਟਨਾਂ ਵਾਂਗ। ਉਹਨਾਂ ਦੀਆਂ ਦੱਸੀਆਂ ਗੱਲਾਂ ਮੇਰੇ ਲਈ ਇੰਜ ਸਨ ਜਿਵੇਂ ਮੈਂ ਖੁਦ ਵੇਖੀਆਂ ਹੋਣ।

ਬਾਉਲੀ ਨਿਰੰਜਨ ਦਾਸ ਦੇ ਨਾਂ ਨਾਲ ਵੱਜਦਾ ਤੇ ਮੁੱਦਤਾਂ ਤੋਂ ਅਮਨ ਚੈਨ ਨਾਲ ਵੱਸਦਾ ਇਹ ਨਿੱਕਾ ਜਿਹਾ ਅੱਡੇ ਨੁਮਾ ਪਿੰਡ ਉਦੋਂ ਅਚਾਨਕ ਬਦਅਮਨੀ ਨਾਲ ਘਿਰ ਗਿਆ ਸੀ। ਪਿੰਡ ਦੇ ਮੋਹਰੀ ਹੋਣ ਨਾਤੇ ਬਾਬਾ ਜੀ ਦੀ ਨੀਂਦ ਉੱਡ ਗਈ ਸੀ। ਉਹਨਾਂ ਹਰ ਹੀਲਾ ਵਰਤਿਆ ਸੀ ਕਿ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿੱਚ ਕੋਈ ਪਾਟਕ ਨਾ ਪਏ। ਉਹ ਵਾਰ ਵਾਰ ਸ਼ਹਿਰਾਂ ਵੱਲੋਂ ਆਉਂਦੀਆਂ ਡਰਾ ਦੇਣ ਵਾਲੀਆਂ ਖ਼ਬਰਾਂ ਦਾ ਅਸਰ ਘਟਾਉਂਦੇ ਤੇ ਡੇਰੇ ਦੇ ਸਪੀਕਰ ਤੋਂ ਬਚਨ ਕਰਦੇ, 'ਸਾਧ ਸੰਗਤ ਜੀ, ਇਹ ਅਫ਼ਵਾਹਾਂ ਨੇ ਕਿ ਸ਼ਹਿਰਾਂ ਵਿੱਚ ਦੰਗੇ ਹੋ ਰਹੇ ਨੇ, ਅੱਗਾਂ ਲੱਗ ਰਹੀਆਂ ਨੇ, ਕਿਤੇ ਵੀ ਕੁਝ ਨਹੀਂ ਹੋ ਰਿਹਾ। ਸਭ ਸਲਾਮਤੀ ਹੈ। ਰੱਬ ਤੁਹਾਡੇ ਸਭਨਾਂ ਦੇ ਨਾਲ ਹੈ। ਅਮਨ ਚੈਨ ਬਣਾਈ ਰੱਖੋ। ਮਿਲ ਜੁਲ ਕੇ ਰਹੋ, ਜਿਵੇਂ ਸਦੀਆਂ ਤੋਂ ਰਹਿੰਦੇ ਆਏ ਓ।' ਪਰ

ਖ਼ਤਰੇ ਦੇ ਬੱਦਲ ਤਾਂ ਉਮਡਦੇ ਆਉਂਦੇ ਸਨ। ਆਸੇ ਪਾਸੇ ਫੈਲਦਾ ਧੂੰਆਂ ਪਿੰਡ ਦੀ ਫਿਜ਼ਾ ਨੂੰ ਘੇਰਨ ਲੱਗਾ ਸੀ। ਬਾਬਾ ਜੀ ਚਿੰਤਤ ਸਨ, ਬੇਚੈਨ ਸਨ ਜਿਵੇਂ ਕੁਝ ਹੱਥੋਂ ਖੁੱਸਦਾ ਜਾ ਰਿਹਾ ਹੋਵੇ। ਉਹਨਾਂ ਡੇਰੇ ਦੀ ਚਾਰ ਦੀਵਾਰੀ ਵਿੱਚ ਪਿੰਡ ਦੇ ਵੀਹ ਦੇ ਵੀਹ ਮੁਸਲਮਾਨ ਘਰਾਂ ਨੂੰ ਪਨਾਹ ਦੇ ਦਿਤੀ। ਉਹਨਾਂ ਆਪਣੇ ਸਭ ਤੋਂ ਨਜ਼ਦੀਕੀ ਵਿਸ਼ਵਾਸਪਾਤਰ ਮੇਰੇ ਬਾਪੂ ਜੀ ਨੂੰ ਕੋਲ ਸੱਦ ਕੇ ਕਿਹਾ ਸੀ, 'ਸਰਦਾਰ ਵਰਿਆਮ ਸਿਆਂ, ਸੱਚ ਤਾਂ ਇਹ ਐ ਕਿ ਐਸ ਵੇਲੇ ਕੁਝ ਵੀ ਮਹਿਫ਼ੂਜ਼ ਨਹੀਂ। ਸਾਨੂੰ ਪਤਾ ਹੈ ਆਸੇ ਪਾਸੇ ਬਹੁਤ ਜ਼ਿਆਦਤੀਆਂ ਹੋਣ ਡਹੀਆਂ ਨੇ। ਪਤਾ ਲੱਗਾ ਹੈ ਹਿੰਦੂਆਂ ਸਿੱਖਾਂ ਦੀਆਂ ਲੋਥਾਂ ਨਾਲ ਭਰੀ ਗੱਡੀ ਲਹੌਰੋਂ ਅੰਬਰਸਰ ਆਈ ਆ ਤੇ ਸਾਡਿਆਂ ਉਹਦੇ ਜੁਆਬ 'ਚ ਦੋ ਗੱਡੀਆਂ ਵੱਢ ਕੇ ਉਧਰ ਤੋਰੀਆਂ ਨੇ। ਤੂੰ ਪੱਕ ਕਰ ਕਿ ਆਪਣੇ ਪਿੰਡ ਅਜਿਹਾ ਕੋਈ ਵਾਕਿਆ ਨਾ ਹੋਵੇ। ਲਾਠੀਆਂ ਸੋਟੀਆਂ ਜੋ ਵੀ ਲੱਭਣ ਲੈ ਕੇ ਪਿੰਡ ਦੁਆਲੇ ਕੰਧ ਬਣ ਜਾਓ। ਆਪਣੇ ਨਾਲ ਜਿੰਨੇ ਵੀ ਹੋ ਸਕਣ ਬੰਦੇ ਤਿਆਰ ਕਰੋ, ਪਰ ਕੋਈ ਹੋਣੀ ਨਾ ਵਾਪਰੇ।'

ਪਿੰਡ ਦੀ ਲਹਿੰਦੀ ਗੁੱਠ ਨਾਲ ਲੱਗਦੀ ਮਸੀਤ ਕਈ ਦਿਨਾਂ ਤੋਂ ਚੁੱਪ ਸੀ। ਮੌਲਵੀ ਰਹਿਮਾਨ ਚਾਚਾ ਦੀ 'ਅੱਲ੍ਹਾ ਹੂ ਅਕਬਰ' ਦੀ ਬਾਂਗ ਹਨੇਰਿਆਂ ਦੇ ਪਲੋਪਲੀ ਵਧਰੇ ਖ਼ੌਫ਼ ਪਾਰੋਂ ਸਿਮਟਦੀ ਸਿਮਟਦੀ ਗੁੰਮ ਹਉਕਿਆਂ ਵਿੱਚ ਜਾ ਡੁੱਬੀ ਸੀ। ਮਸੀਤ ਦੇ ਰੋਸ਼ਨਦਾਨਾਂ ਤੇ ਛੱਤ ਦੇ ਘੁਰਨਿਆਂ ਵਿੱਚ ਗੁਟਕਦੇ ਕਬੂਤਰ ਅਚਾਨਕ ਆਈ ਵੀਰਾਨੀ ਤੋਂ ਖ਼ੌਫ਼ਜ਼ਦਾ ਹੋਏ ਬਨੇਰਿਆਂ ਤੇ ਦੁਬਕੇ ਬੈਠੇ ਹੋਰੂੰ ਹੋਰੂੰ ਝਾਕ ਰਹੇ ਸਨ। ਰਾਤ ਦੇ ਹਨੇਰਿਆਂ ਵਿੱਚ ਦਰਿਆਓਂ ਪਾਰ ਵਾਲੇ ਕਸਬਿਓਂ ਚੀਕਾਂ ਕੁਰਲਾਹਟਾਂ ਦੇ ਸ਼ੋਰ ਨਾਲ 'ਬੋਲੇ ਸੋ ਨਿਹਾਲ' ਤੇ 'ਹਰ ਹਰ ਮਹਾਦੇਵ' ਦੇ ਨਾਅਰੇ ਸੁਣਨ 'ਚ ਆਉਂਦੇ ਤਾਂ ਲੋਕਾਂ ਦੇ ਸਾਹ ਸੂਤੇ ਜਾਂਦੇ। ਨਿੱਕੇ ਨਿਆਣੇ ਮਾਵਾਂ ਦੀਆਂ ਹਿੱਕਾਂ ਨਾਲ ਹੋਰ ਜੁੜ ਜਾਂਦੇ। ਜੁਆਨ ਕੁੜੀਆਂ ਦੇ ਮਾਪਿਆਂ ਦੀ ਜਾਨ ਨਿਕਲੀ ਪਈ ਸੀ। ਵੇਲੇ ਦਾ ਪਲ ਪਲ ਉਹਨਾਂ ਨੂੰ ਬੁਰੀ ਕਨਸੋਅ ਦੇ ਰਿਹਾ ਸੀ। ਉਹ ਅੰਦਰਖਾਤੇ ਸਾਮਾਨ ਬੰਨ੍ਹੀ ਜਾਣ ਲਈ ਤਿਆਰ ਬੈਠੇ ਸਨ। ਇਕ ਦੂਜੇ ਵੱਲ ਬੇਯਕੀਨੀ ਨਾਲ ਤੱਕਦੇ ਤੇ ਇਕ ਦੂਜੇ ਨੂੰ ਓਪਰੀ ਓਪਰੀ ਧੀਰਜ ਦਿੰਦੇ।

ਫਿਰ ਹੇਠ ਉਪਰ ਪਿੰਡ ਵਿੱਚ ਤਿੰਨ ਕਤਲ ਹੋਏ। ਪਹਿਲਾ ਇਲਮਦੀਨ ਹਟਵਾਣੀਏ ਦਾ ਸੀ। ਉਹ ਪਾਰੋਂ ਹੱਟੀ ਦਾ ਸੌਦਾ ਪੱਤਾ ਲੈ ਕੇ ਆਇਆ ਸੀ। ਬੇੜੀਓਂ ਉਤਰ ਉਹ ਮੋਢਿਆਂ ਤੇ ਬੁਗਚੀਆਂ ਚੁੱਕੀ ਪੱਤਣੋਂ ਪਹੇ ਪਹੇ ਤੁਰਿਆ ਆਉਂਦਾ ਸੀ ਕਿ ਧਾੜਵੀਆਂ ਦੇ ਇਕ ਟੋਲੇ ਨੇ ਉਹਦੀ ਹਿੱਕ ਵਿੱਚੋਂ ਨੇਜ਼ਾ ਲੰਘਾ ਮਾਰ ਸੁੱਟਿਆ ਤੇ ਸਾਮਾਨ ਚੁੱਕ ਕੇ ਲੈ ਗਏ। ਉਹਦੀ ਮਿੱਟੀ ਵਿੱਚ ਰੁਲ਼ੀ ਲਾਸ਼ ਵੇਖਕੇ ਸਭ ਦੇ ਚਿਹਰਿਆਂ ਦੀਆਂ ਹਵਾਈਆਂ ਉੱਡ ਗਈਆਂ। ਉਹਦੀਆਂ ਅੰਤਮ ਰਸਮਾਂ ਲਈ ਕਿਸੇ ਮੁਸਲਮਾਨ ਸਾਹਸ ਨਾ ਕੀਤਾ। ਬਾਬਾ ਜੀ ਨੇ ਖ਼ੁਦ ਹੋਰਨਾਂ ਦੀ ਮਦਦ ਨਾਲ ਉਹਦੀ ਦੇਹ ਕਬਰਸਤਾਨ ਵਿੱਚ ਦਫ਼ਨਾਈ।

ਅਗਲਾ ਕਤਲ ਬਾਊ ਲਾਲ ਮਲਾਹ ਦਾ ਹੋਇਆ। ਰਾਤ ਲੁਟੇਰਿਆਂ ਦਾ ਇਕ ਜਥਾ ਉਹਦੀ ਛੰਨ ਵਿੱਚ ਆਇਆ ਤੇ ਉਸੇ ਵੇਲੇ ਉਹਨੂੰ ਪੱਤਣ ਤੇ ਜਾ ਕੇ ਬੇੜੀ ਪਾਉਣ ਲਈ ਮਜਬੂਰ ਕਰਨ ਲੱਗਾ। ਬੇਪਛਾਣ ਬੰਦਿਆਂ ਦੇ ਇਓਂ ਕੁਵੇਲੇ ਆਉਣ ਤੇ ਡਰੀ ਹੋਈ ਮਲਾਹ ਦੀ ਘਰਵਾਲੀ ਸੰਤੀ ਨੇ ਹਾੜੇ ਕੱਢੇ ਕਿ ਮਾਹੌਲ ਮਾੜਾ ਹੈ ਤੇ ਉਹ ਆਪਣੇ ਘਰਵਾਲੇ ਨੂੰ ਇਸ ਵੇਲੇ ਬਾਹਰ ਨਹੀਂ ਜਾਣ ਦਏਗੀ। ਉਹਨਾਂ ਚੋਂ ਇਕ ਨੇ ਇਕ ਨੇ ਮਲਾਹ ਦੇ ਸਿਰ ਵਿੱਚ ਬਾਂਸ ਦੀ ਮੋਟੀ ਬੱਲੀ ਮਾਰ ਕੇ ਆਖਿਆ ਸੀ, 'ਲੈ ਫਿਰ ਰੱਖ ਲੈ ਘਰੇ ਈ, ਪੱਕੇ ਤੌਰ 'ਤੇ।' ਸੰਤੀ ਦੇ ਵਿਰਲਾਪਾਂ ਨੇ ਕੰਧਾਂ ਵੀ ਰੁਆ ਦਿਤੀਆਂ। ਇਕ ਵਾਰ ਫਿਰ ਪਿੰਡ ਤ੍ਰਾਸ ਤ੍ਰਾਸ ਕਰ ਉਠਿਆ।

ਉਦਣ ਦਾ ਪੱਤਣ ਸੁੰਨਾ ਪਿਆ ਸੀ। ਪਿੰਡ ਵਿੱਚ ਸੰਨਾਟਾ ਵਧ ਗਿਆ ਸੀ। ਬਾਬਾ ਜੀ ਧਰਵਾਸ ਤਾਂ ਬੰਨ੍ਹਾਉਂਦੇ ਪਰ ਬਚਨ ਬਿਲਾਸਾਂ ਵਿੱਚੋਂ ਦਮ ਟੁੱਟਣ ਲੱਗਾ ਸੀ। ਡੇਰੇ ਵਿੱਚ ਲੰਗਰ ਚੱਲ ਰਿਹਾ ਸੀ। ਬਾਪੂ ਜੀ ਤੇ ਉਹਨਾਂ ਦੇ ਸਾਥੀ ਡੇਰੇ ਦੇ ਚੁਬਾਰੇ ਵਿੱਚ ਖਲੋਤੇ ਸਾਰੀ ਸਾਰੀ ਰਾਤ ਪਹਿਰਾ ਦਿੰਦੇ। ਦੂਜੇ ਪਿੰਡਾਂ ਥਾਵਾਂ ਤੋਂ ਆਏ ਧਾੜਵੀਆਂ ਦੇ ਟੋਲੇ ਉਰ੍ਹਾਂ ਪਰ੍ਹਾਂ ਖਲੋ ਕੇ ਹੋਕਰੇ ਮਾਰਦੇ, 'ਕੱਢੋ ਬਾਹਰ ਮੁਸਲਿਆਂ ਨੂੰ, ਨਹੀਂ ਤੇ ਸਾਰਾ ਪਿੰਡ ਫੂਕ ਦਿਆਂਗੇ।' ਸ਼ਾਇਦ ਬਾਬਾ ਜੀ ਦਾ ਪ੍ਰਭਾਵ ਸੀ ਉਦੋਂ ਤੱਕ ਕਿਸੇ ਨੇ ਡੇਰੇ ਵੱਲ ਹੱਲਾ ਬੋਲਣ ਦੀ ਜੁਅਰਤ ਨਹੀਂ ਸੀ ਕੀਤੀ। ਅਫ਼ਵਾਹਾਂ ਸਨ ਕਿ ਮੁਲਕ ਦਾ ਵੰਡ ਵੰਡਾਰਾ ਹੋ ਚੁਕਿਆ ਏ ਤੇ ਆਉਂਦੇ ਕੁਝ ਦਿਨਾਂ ਤੱਕ ਇਥੋਂ ਦੀ ਮੁਸਲਿਮ ਆਬਾਦੀ ਕਾਫ਼ਲੇ ਬਣ ਕੇ ਨਿਕਲੇਗੀ ਤੇ ਬਿਆਸ ਸਟੇਸ਼ਨ ਤੋਂ ਹਿੰਦੁਸਤਾਨ ਦੀ ਪੁਲੀਸ ਉਹਨਾਂ ਨੂੰ ਆਪਣੀ ਦੇਖ ਰੇਖ ਵਿੱਚ ਗੱਡੀ ਵਿੱਚ ਬਿਠਾ ਕੇ ਲਾਹੌਰ ਵੱਲ ਰਵਾਨਾ ਕਰ ਦਏਗੀ। ਧਾੜਵੀਆਂ ਦੇ ਹਮਲੇ ਹੋਰ ਤੇਜ਼ ਹੋ ਗਏ ਸਨ। ਉਹਨਾਂ ਲੁੱਟਣ ਮਾਰਨ ਤੇ ਜ਼ਬਰ ਜਿਨਾਹਾਂ ਵਿੱਚ ਇਜ਼ਾਫ਼ਾ ਕਰ ਦਿੱਤਾ ਸੀ।

ਉਸ ਦਿਨ ਪੱਤਣ 'ਤੇ ਇਕ ਬੇੜੀ ਆ ਕੇ ਲੱਗੀ ਸੀ। ਇਸ ਵਿੱਚੋਂ ਚੰਗੇ ਹੱਟੇ ਕੱਟੇ ਪੰਜ ਸੱਤ ਬੰਦਿਆਂ ਨੇ ਡੰਗਰਾਂ ਵਾਂਗ ਬੰਨ੍ਹੀਆਂ ਦਸ ਬਾਰਾਂ ਜੁਆਨ ਕੁੜੀਆਂ ਨੂੰ ਉਤਾਰਿਆ। ਇਹਨਾਂ ਦੇ ਗ਼ਲੀ ਕੱਪੜੇ ਨਹੀਂ ਸਨ ਤੇ ਅੰਗਾਂ ਤੇ ਜ਼ਖਮਾਂ ਦੇ ਨਿਸ਼ਾਨ ਸਨ। ਉਹ ਕੁੜੀਆਂ ਸ਼ਰਮ ਨਾਲ ਦੂਹਰੀਆਂ ਹੋ ਰਹੀਆਂ ਸਨ ਪਰ ਉਹ ਬੰਦੇ ਉਹਨਾਂ ਨੂੰ ਸਿੱਧਿਆਂ ਤੁਰਨ ਲਈ ਮਜਬੂਰ ਕਰ ਰਹੇ ਸਨ। ਉਹਨਾਂ ਬੰਦਿਆਂ ਪਿੰਡ ਦੀ ਜੂਹ ਵਿੱਚ ਆ ਕੇ ਲਲਕਾਰੇ ਮਾਰੇ, 'ਪਿੰਡ ਦੀਆਂ ਮੁਸਲੀਆਂ ਸਾਡੇ ਹਵਾਲੇ ਕਰੋ, ਅਸੀਂ ਪਿੰਡ ਪਿੰਡ ਇਹਨਾਂ ਦਾ ਜਲੂਸ ਕੱਢ ਕੇ ਲਾਹੌਰ ਵਿੱਚ ਹੋਏ ਸਾਕੇ ਦਾ ਬਦਲਾ ਲੈਣਾ। ਇਹਨਾਂ ਸਾਡੀਆਂ ਧੀਆਂ ਭੈਣਾਂ ਨੂੰ ਨੰਗਿਆਂ ਕਰ ਕੇ ਜਲੂਸ ਕੱਢੇ। ਸਾਡੀ ਅਣਖ ਨੂੰ ਵੰਗਾਰਿਆ, ਅਸੀਂ ਕਿਸੇ ਨੂੰ ਨੀ ਛੱਡਣਾ।' ਪਲਾਂ ਛਿਣਾਂ ਵਿੱਚ ਹੀ ਡੇਰੇ ਵਿੱਚੋਂ ਬਾਪੂ ਜੀ ਦੀ ਅਗਵਾਈ ਵਿੱਚ ਹਥਿਆਰਬੰਦ ਦਸਤਾ ਤਿਆਰ ਹੋ ਕੇ ਵੱਡੇ ਪਹੇ ਵੱਲ ਵਧਿਆ। ਧਾੜਵੀਆਂ ਨੇਜ਼ੇ ਬਰਛੇ ਲਿਸ਼ਕਾਏ। ਸਾਹਮਣੇ ਜਾ ਕੇ ਬਾਪੂ ਜੀ ਗਰਜੇ, 'ਉਏ ਏਹੋ ਸੀ ਗੁਰੂ ਦੀ ਸਿੱਖਿਆ? ਉਏ ਪਾਗਲੋ ਇਹ ਵੀ ਸਾਡੀਆਂ ਧੀਆਂ ਭੈਣਾਂ, ਉਏ ਗਊ ਗ਼ਰੀਬ ਨਾਲ ਏਹ ਧੱਕਾ? ਉਏ ਸ਼ਰਮ ਕਰੋ। ਡੁੱਬ ਮਰੋ ਉਏ ਵਾਹਯਾਤੋ...।'

ਉਹ ਸਭ ਤੋਂ ਅੱਗੇ ਸਨ। ਲੋਕ ਦੱਸਦੇ ਨੇ, ਉਹ ਟੁੱਟ ਕੇ ਉਹਨਾਂ ਧਾੜਵੀਆਂ 'ਤੇ ਇੰਜ ਪਏ ਸਨ ਕਿ ਉਹਨਾਂ ਦੇ ਪੈਰ ਉੱਖੜ ਗਏ। ਬੁਖ਼ਲਾਹਟ ਵਿੱਚ ਕੁੜੀਆਂ ਦੇ ਰੱਸੇ ਛੱਡਦਿਆਂ ਧਾੜਵੀਆਂ ਚੋਂ ਕਿਸੇ ਦਾ ਬਰਛਾ ਬਾਪੂ ਜੀ ਦੇ ਢਿੱਡ ਵਿੱਚ ਧੱਸ ਗਿਆ ਸੀ। ਜਿੰਨੇ ਚਿਰ ਨੂੰ ਦਸਤੇ ਦੇ ਬੰਦੇ ਬਾਪੂ ਜੀ ਦੇ ਢਿੱਡ ਵਿੱਚੋਂ ਬਰਛਾ ਖਿਚਦੇ ਧਾੜਵੀ ਇਧਰ ਉਧਰ ਦੌੜ ਗਏ ਸਨ। ਬਾਪੂ ਜੀ ਨੇ ਟੁਟਦੇ ਬੋਲੀਂ ਕਿਹਾ ਸੀ, 'ਮੈਨੂੰ ਛੱਡੋ, ਇਹਨਾਂ ਧੀਆਂ ਦੀ ਪੱਤ ਢੱਕੋ ਪਹਿਲਾਂ। ਜਿੰਨੇ ਚਿਰ ਨੂੰ ਪਿੰਡੋਂ ਚਾਦਰਾਂ ਲੀੜੇ ਆਉਂਦੇ ਬਾਪੂ ਜੀ ਦੀ ਸੰਘਣੀ ਰੱਤ ਵੱਡੇ ਪਹੇ ਨਾਲ ਲੱਗਦੀ ਡੇਰੇ ਦੀ ਚਰਾਂਦ ਵਿੱਚ ਜੀਰ ਗਈ ਸੀ ਤੇ ਉਹ ਐਨ ਸਿੱਧਾ ਅਸਮਾਨ ਵੱਲ ਬਿਨਾਂ ਅੱਖ ਝਮੱਕੇ ਟਿਕ ਟਿਕੀ ਬੰਨ੍ਹ ਕੇ ਵੇਖ ਰਹੇ ਸਨ।

ਇਹ ਤੀਜਾ ਕਤਲ ਸੀ ਪਰ ਲੋਕਾਂ ਇਸਨੂੰ ਸ਼ਹਾਦਤ ਦਾ ਦਰਜਾ ਦਿੱਤਾ। ਬਾਬਾ ਬਿਸ਼ਨ ਦਾਸ ਨੇ ਚਿੱਟੀ ਬੇਦਾਗ਼ ਲੋਈ ਨਾਲ ਉਹਨਾਂ ਦਾ ਸਰੀਰ ਕੱਜਦਿਆਂ 'ਗੁਰਮੁਖ ਜਨਮ ਸਵਾਰ ਦਰਗਾਹ ਚੱਲਿਆ' ਦੇ ਬੋਲ ਉਚਾਰੇ ਸਨ। ਲੋਕਾਂ ਪਹਿਲੀ ਵਾਰ ਉਹਨਾਂ ਦੇ ਨੈਣਾਂ 'ਚੋਂ ਡਿੱਗਦੇ ਹੰਝੂ ਵੇਖੇ। ਬਾਬਾ ਜੀ ਦੇ ਕਹਿਣ 'ਤੇ ਬਾਪੂ ਜੀ ਦੇ ਲਹੂ ਨਾਲ ਸੂਹੀ ਹੋਈ ਚਰਾਂਦ ਦੀ ਓਸੇ ਥਾਂ ਉਹਨਾਂ ਦੀ ਚਿਖਾ ਚਿਣੀ ਗਈ। ਪਿਤਾ ਜੀ ਨੇ ਪਰਾਲ਼ੀ ਦੇ ਬੁੱਥੇ ਨੂੰ ਲਾਂਬੂ ਲਾ ਕੇ ਲੱਕੜਾਂ ਨੂੰ ਅੱਗ ਦਿਖਾਈ। ਸਾਰਾ ਪਿੰਡ ਇਕ ਵਾਰ ਫਿਰ ਜੜ ਹੋ ਗਿਆ। ਪਰ ਬੇਬੇ ਜੀ ਬੜੀ ਸਾਬਤ ਸੂਰਤ ਵਿੱਚ ਸਨ। ਉਹਨਾਂ ਦੀਆਂ ਅੱਖਾਂ ਵਿੱਚ ਚਮਕ ਸੀ। ਉਹ ਆਪਣੇ ਕੋਲ਼ ਖਲੋਤੀਆਂ ਜ਼ਨਾਨੀਆਂ ਨੂੰ ਕਹਿ ਰਹੇ ਸਨ, 'ਇਹਨਾਂ ਤਾਂ ਗੁਰੂ ਗੋਬਿੰਦ ਸਿੰਘ ਦਾ ਹੁਕਮ ਵਜਾਇਆ। ਜਿਹੜਾ ਗੁਰੂ ਦੀ ਕਹੀ ਨਹੀਂ ਮੰਨਦਾ, ਉਹ ਕਾਹਦਾ ਸਿੱਖ? ਮੈਨੂੰ ਫ਼ਖ਼ਰ ਐ ਕਿ ਮੇਰਾ ਪਤੀ ਸੱਚਾ ਸਿੱਖ ਸੀ।'

ਅੱਗ ਦੇ ਬਲਦੇ ਭਾਂਬੜ ਵਿੱਚ ਬਾਪੂ ਜੀ ਦਾ ਸਰੀਰ ਪੰਜ ਤੱਤਾਂ ਵਿੱਚ ਵਿਲੀਨ ਹੋ ਗਿਆ ।

ਖ਼ੂਨੀ ਹਨੇਰੀ ਵਗ਼ ਕੇ ਅਟਕ ਗਈ। ਡੇਰੇ ਦੇ ਪਨਾਹਗੀਰਾਂ ਨੂੰ ਹਰ ਖ਼ਤਰੇ ਤੋਂ ਸੁਰੱਖਿਅਤ ਬਾਬਾ ਜੀ ਆਪ ਪੁਲਿਸ ਦੀਆਂ ਗੱਡੀਆਂ ਵਿੱਚ ਬਹਾਇਆ ਤੇ ਫਿਰ ਬਿਆਸ ਦੇ ਸਟੇਸ਼ਨ ਤੇ ਲਾਹੌਰ ਜਾ ਰਹੀ ਸਪੈਸ਼ਲ ਗੱਡੀ ਵਿੱਚ ਬਹਾ ਕੇ ਆਏ। ਪਿੰਡ ਦੇ ਲੋਕਾਂ ਦੀ ਵੱਡੀ ਵਾਹਰ ਉਹਨਾਂ ਦੇ ਨਾਲ ਗਈ। ਉਹਨਾਂ ਰੋ ਰੋ ਕੇ ਇਕ ਦੂਜੇ ਨੂੰ ਵਿਦਿਆ ਕੀਤਾ। ਆਪਣੇ ਹਮਸਾਇਆਂ ਨੂੰ ਬੇਗਾਨੇ ਰਾਹੀਂ ਪਾ ਕੇ ਲੋਕ ਨਿੰਮੋਝੂਣੇ ਹੋਏ ਪਿੰਡ ਪਰਤ ਆਏ ਸਨ। ਫਿਰ ਹੌਲ਼ੀ ਹੌਲ਼ੀ ਪਿੰਡ ਆਪਣੇ ਜ਼ਖ਼ਮਾਂ ਤੋਂ ਉੱਭਰਨ ਲੱਗਾ। ਲੋਕਾਂ ਕੌੜਾ ਘੁੱਟ ਅੰਦਰ ਲੰਘਾਇਆ ਤੇ ਪਹਿਲਾਂ ਵਾਂਗ ਜੀਣ ਦੀ ਕੋਸ਼ਿਸ਼ ਵਿੱਚ ਰੁਝ ਗਏ।

ਵੇਖੀਆਂ ਅਣਵੇਖੀਆਂ ਘਟਨਾਵਾਂ ਦੇ ਨਕਸ਼ ਏਨੇ ਗੂੜ੍ਹੇ ਨੇ ਕਿ ਸਮੇਂ ਦੀ ਗਰਦਿਸ਼ ਦੇ ਬਾਵਜੂਦ ਮੱਧਮ ਨਹੀਂ ਪਏ। ਮੈਂ ਬਚਪਨ ਤੋਂ ਇਹਨਾਂ ਤੋਂ ਏਨਾ ਵਾਕਫ਼ ਹਾਂ ਕਿ ਪਛਾਣ ਹੀ ਨਹੀਂ ਕਰ ਸਕਦਾ ਕਿ ਕਿਹੜੇ ਮੰਜ਼ਰ ਮੈਂ ਵੇਖੇ ਨੇ ਤੇ ਕਿਹੜੇ ਨਹੀਂ। ਪਿਤਾ ਜੀ ਨੇ ਸਭ ਕੁਝ ਇਵੇਂ ਸੁਣਾਇਆ ਕਿ ਹਰ ਘਟਨਾ ਬੜੀ ਸਜੀਵ ਹੋ ਗਈ। ਅੱਜ ਅਚਾਨਕ ਮੇਰੇ ਤੇ ਓਪਰੇਪਨ ਦਾ ਅਹਿਸਾਸ ਭਾਰੂ ਹੋ ਗਿਆ ਹੈ। ਜਿਵੇਂ ਸੁਫ਼ਨਾ ਵੇਖ ਰਿਹਾ ਹੋਵਾਂ ਜਾਂ ਲੰਮੇ ਸੁਫ਼ਨੇ ਪਿਛੋਂ ਜਾਗਿਆ ਹੋਵਾਂ।

ਨੋਨੀ ਹੇਠਾਂ ਆਪਣੇ ਕਮਰੇ ਵਿੱਚ ਟੀ.ਵੀ. ਵੇਖ ਰਿਹਾ ਏ। ਸ਼ਾਇਦ ਕੋਈ ਗਾਣਾ ਚੱਲ ਰਿਹਾ ਏ। ਮੈਨੂੰ ਮੱਧਮ ਮੱਧਮ ਬੋਲ ਸੁਣ ਰਹੇ ਨੇ। ਕੀਰਤੀ ਦੇ ਘੁਰਾੜਿਆਂ ਵਿੱਚ ਗੀਤ ਦਾ ਸੰਗੀਤ ਖ਼ਲਤ ਮਲਤ ਹੋ ਰਿਹਾ ਹੈ। ਸਤਾਰਾਂ ਸਾਲਾਂ ਦੇ ਵਿਆਹੁਤਾ ਜੀਵਨ ਨੇ ਮੈਨੂੰ ਇਹਨਾਂ ਘੁਰਾੜਿਆਂ ਦਾ ਆਦੀ ਹੋਣਾ ਸਿਖਾ ਦਿਤਾ ਹੈ। ਨੋਨੀ ਮੇਰਾ ਇਕਲੌਤਾ ਪੁੱਤਰ ਹੈ ਤੇ ਹੁਣ ਦਸੁਵੀਂ ਜਮਾਤ ਵਿੱਚ ਪੜ੍ਹ ਰਿਹਾ ਹੈ। ਇਹਨੂੰ ਟੀ.ਵੀ. ਤੇ ਫਿਲਮਾਂ ਵੇਖਣ ਦਾ ਬੇਓੜਕ ਸ਼ੌਕ ਹੈ। ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਇਹ ਪੜ੍ਹਾਈ ਵਿੱਚ

ਫਾਡੀ ਨਹੀਂ। ਆਪਣੇ ਮੋਟਰ ਸਾਇਕਲ ਤੇ ਸ਼ਹਿਰ ਅੰਗਰੇਜ਼ੀ ਮੀਡੀਅਮ ਵਾਲੇ ਪਬਲਿਕ ਸਕੂਲ ਜਾਂਦਾ ਹੈ। ਕੀਰਤੀ ਕਹਿੰਦੀ ਹੈ ਕਿ ਇਹਨੂੰ ਪਲੱਸ ਟੂ ਤੋਂ ਬਾਅਦ ਇੰਗਲੈਂਡ ਭੇਜ ਦੇਣਾ। ਉਹ ਨੋਨੀ ਦੇ ਚੰਗੇ ਭਵਿੱਖ ਬਾਰੇ ਸੋਚਦੀ ਰਹਿੰਦੀ ਹੈ ਤੇ ਮੈਂ ਉਹਦੀ ਹਾਂ ਵਿੱਚ ਹਾਂ ਮਿਲਾਉਂਦਾ ਰਹਿੰਦਾ ਹਾਂ। ਸ਼ੁਰੂ ਤੋਂ ਹੀ ਇਸਦੇ ਫੈਸਲਿਆਂ ਨੂੰ ਸਤਿਕਾਰਦਾ ਆਇਆ ਹਾਂ। ਮੇਰੇ ਨਾਲ ਇਹਦੀ ਪੱਕੀ ਡੋਰ ਇਹਦੀ ਹਾਂ ਵਿੱਚ ਹਾਂ ਮਿਲਾਉਣ ਨਾਲ ਈ ਬੱਝੀ ਹੋਈ ਹੈ।

ਟਾਈਗਰ ਭੌਂਕਦਾ ਭੌਂਕਦਾ ਹੁਣ ਚੁੱਪ ਕਰ ਗਿਆ ਏ। ਮੇਰੇ ਪੈਰ ਚੁਬਾਰੇ ਦੀਆਂ ਪੌੜੀਆਂ ਚੜ੍ਹਦੇ ਮੈਨੂੰ ਧੁਰ ਉਪਰਲੀ ਛੱਤ ’ਤੇ ਲੈ ਜਾਂਦੇ ਨੇ। ਪਿੰਡ ਪਤਾ ਨਹੀਂ ਸੁੱਤਾ ਪਿਆ ਏ ਜਾਂ ਕਿਸੇ ਸਹਿਮ ਵਿੱਚ ਦਮ ਘੁੱਟੀ ਪਿਆ ਏ। ਡੇਰੇ ਦੇ ਗੇਟ ਦੀ ਬੱਤੀ ਏਥੋਂ ਵੀ ਨਹੀਂ ਦਿਸਦੀ। ਬਚਪਨ ਤੋਂ ਮੇਰਾ ਰਿਸ਼ਤਾ ਇਸ ਡੇਰੇ ਦੀਆਂ ਕੰਧਾਂ ਕੌਲ਼ਿਆਂ ਨਾਲ ਬੜਾ ਪੀਡਾ ਰਿਹਾ ਏ। ਬਾਪੂ ਜੀ ਦੀ ਸ਼ਹਾਦਤ ਤੋਂ ਪਿੱਛੋਂ ਬਾਬਾ ਜੀ ਨੇ ਬੜੀ ਅਕੀਦਤ ਨਾਲ ਉਥੇ ਸਮਾਧ ਦੀ ਉਸਾਰੀ ਕਰਵਾ ਕੇ ਉਪਰ ਚਿੱਟੇ ਸੰਗ-ਮਰਮਰ ਦੀ ਛੱਤ ਪੁਆ ਦਿਤੀ ਸੀ ਤੇ ਸਿੱਲ ਉਪਰ ਸਾਰੇ ਵਕਿਆ ਦੀ ਤਫ਼ਸੀਲ ਵੀ ਖੁਣਵਾ ਦਿਤੀ ਸੀ। ਬੇਸ਼ਕ ਡੇਰੇ ਦੀ ਮਾਲਕੀ, ਇਸ ਚਰਾਂਦ ਦਾ ਡੇਢ ਕਿੱਲਾ ਰਕਬਾ ਬਾਬਾ ਜੀ ਨੇ ਪਿਤਾ ਜੀ ਦੇ ਨਾਂ ਲਿਖਵਾ ਦਿਤਾ ਸੀ ਪਰ ਰਹੀ ਇਹ ਸਾਂਝੀ ਥਾਂ ਹੀ। ਡੇਰੇ ਦੇ ਮਾਲ ਡੰਗਰ ਦੇ ਨਾਲ ਹੋਰ ਲੋਕਾਂ ਦਾ ਗਾਂ ਵੱਛਾ ਵੀ ਏਧਰ ਚਰਨ ਆਉਂਦਾ ਸੀ। ਵੱਡੀ ਬੇਬੇ ਜਿੰਨਾ ਚਿਰ ਜਿਊਂਦੀ ਰਹੀ ਨੇਮ ਨਾਲ ਹਰ ਮੱਸਿਆ ਪੁੰਨਿਆ ਸਮਾਧ ਤੇ ਦੀਵਾ ਜਗਾਉਣ ਜਾਂਦੀ ਰਹੀ। ਉਹ ਹਰ ਸਾਲ ਸਰਾਧ ਵੀ ਕਰਦੀ ਤੇ ਡੇਰੇ ਦੇ ਲੰਗਰ ਵਿੱਚ ਰਸਦ ਦੀ ਸੇਵਾ ਪਾ ਕੇ ਆਉਂਦੀ। ਪਿਤਾ ਜੀ ਦਾ ਜਦੋਂ ਵਿਆਹ ਹੋਇਆ ਤਾਂ ਇਹ ਨੇਮ ਬੇਬੇ ਜੀ ਨੇ ਮੇਰੀ ਮਾਤਾ ਦੇ ਸਪੁਰਦ ਕਰ ਦਿਤਾ। ਮਾਤਾ ਨੇ ਇਸ ਧਰਮ ਨੂੰ ਵੱਡੀ ਬੇਬੇ ਵਾਂਗ ਤਾਂ ਭਾਵੇਂ ਨਾ ਨਿਭਾਇਆ ਪਰ ਫਿਰ ਵੀ ਹਰ ਦੀਵਾਲੀ ਦੀ ਰਾਤ ਉਹ ਸਮਾਧ ਤੇ ਦੀਵਾ ਵੀ ਜਗਾ ਆਉਂਦੀ ਤੇ ਮੱਥਾ ਵੀ ਟੇਕ ਆਉਂਦੀ।

ਜਦੋਂ ਬਾਬਾ ਬਿਸ਼ਨ ਦਾਸ ਜੀ ਨੇ ਚੋਲਾ ਛੱਡਿਆ ਤਾਂ ਉਹਨਾਂ ਦੇ ਵੱਡੇ ਸਪੁੱਤਰ ਜਗਨ ਨਾਥ ਜੀ ਡੇਰੇ ਦੇ ਮੁਖੀ ਬਣੇ। ਉਹ ਵੀ ਬੜੇ ਪ੍ਰਬੀਨ ਤੇ ਤਿੱਖੀ ਬੁੱਧੀ ਦੇ ਮਾਲਕ ਸਨ। ਇਹਨਾਂ ਦੀ ਪਿਤਾ ਜੀ ਨਾਲ ਬਚਪਨ ਤੋਂ ਚੰਗੀ ਸਾਂਝ ਸੀ। ਪਿਤਾ ਜੀ ਬੜੀ ਮਹੀਨ ਸੋਚ ਵਾਲੇ ਕਾਰੀਗਰ ਸਨ—ਰਾਜ ਮਿਸਤਰੀ ਤੇ ਜੋੜੀ ਪੱਲੇ ਦੇ ਕੰਮ ਵਿੱਚ ਇਕੋ ਜਿਹੇ ਨਿਪੁੰਨ। ਇਹਨਾਂ ਦੇ ਕਰ ਪੈਰ ਜਿੰਨਾ ਚਿਰ ਸਲਾਮਤ ਰਹੇ ਉਹ ਪੂਰੀ ਤਨਦੇਹੀ ਨਾਲ ਆਪਣੇ ਹਿੱਸੇ ਆਈ ਸੇਵਾ ਨਿਭਾਉਂਦੇ ਰਹੇ। ਮੇਰੀ ਹੋਸ਼ ਵਿੱਚ ਉਹ ਇਕ ਦਿਨ ਲਈ ਵੀ ਕਿਧਰੇ ਹੋਰ ਕੰਮ ਕਰਨ ਨਹੀਂ ਗਏ। ਡੇਰੇ ਦੀ ਕਦੇ ਕੋਈ ਸਰਾਂ ਬਣਦੀ ਤੇ ਕਿਤੇ ਨਵੇਂ ਦਰਵਾਜ਼ੇ ਬਾਰੀਆਂ ਦੀ ਬਣਾਈ ਜੜਾਈ ਹੋ ਰਹੀ ਹੁੰਦੀ। ਪਿਤਾ ਜੀ ਸਿਰਫ਼ ਇਕ ਮੱਸਿਆ ਦੀ ਛੁੱਟੀ ਕਰਦੇ ਤੇ ਮਡਗਾਰਡਾਂ ਤੋਂ ਬਗੈਰ ਸਾਇਕਲ ਤੇ ਬਾਠ ਸਾਹਿਬ ਮੱਥਾ ਟੇਕਣ ਤੇ ਇਸ਼ਨਾਨ ਕਰਨ ਜਾਂਦੇ। ਬਾਕੀ ਦਿਨ ਸਵੇਰ ਤੋਂ ਸ਼ਾਮ ਤੱਕ ਕੰਮ ਵਿੱਚ ਮਸਰੂਫ਼ ਹੁੰਦੇ। ਬਾਬਾ ਜਗਨ ਨਾਥ ਚਿੱਟੇ ਮਖ਼ਮਲੀ ਕੱਪੜੇ ਪਹਿਨਦੇ ਤੇ ਮੋਢਿਆਂ ਤੇ ਪਸ਼ਮੀਨੇ ਦੀ ਲੋਈ ਲਈ ਡੇਰੇ ਦੇ ਦਰਮਿਆਨ ’ਚ ਬਣੇ ਵਿਸ਼ਾਲ ਪਾਰਕ ਦੀ ਸੈਰ ਕਰਦੇ। ਉਹਨਾਂ ਦੀ ਜ਼ੁਬਾਨ ਮਿੱਠੀ ਤੇ ਲਹਿਜ਼ਾ ਧੀਮਾ ਸੀ। ਮੈਂ ਸਕੂਲੋਂ ਆ ਜਦੋਂ ਕਦੀ ਡੇਰੇ ਆਉਂਦਾ ਤਾਂ ਉਹਨਾਂ ਕੋਲ਼ ਬੇਖਟਕੇ ਚਲਾ ਜਾਂਦਾ। ਭਾਵੇਂ ਉਹਨਾਂ ਕਦੀ ਕਿਸੇ ਨੂੰ ਰੋਕਿਆ ਨਹੀਂ ਸੀ ਪਰ ਇਓਂ ਸਾਰੇ ਉਹਨਾਂ ਲਾਗੇ ਜਾਣ ਦਾ ਹੀਆ ਨਹੀਂ ਸਨ ਕਰਦੇ। ਉਹ ਮੇਰੇ ਸਿਰ ਤੇ ਹੱਥ ਫੇਰਦੇ ਤਾਂ ਮੈਨੂੰ ਡਾਢਾ ਸਕੂਨ ਮਿਲਦਾ। ਪਿਤਾ ਜੀ ਡੇਰੇ ਦੀ ਕਿਸੇ ਗੁੱਠ ਵਿੱਚ ਆਪਣੀ ਕਲਾਕਾਰੀ ਦਿਖਾ ਰਹੇ ਹੁੰਦੇ। ਲੱਕੜੀ ’ਤੇ ਕੀਤੀ ਨੱਕਾਸ਼ੀ ਮੂੰਹੋਂ ਬੋਲਦੀ ਤੇ ਸੀਮੰਟ ਵਿੱਚ ਕੱਢੇ ਮੋਰ ਕਬੂਤਰ ਅਸਲ ਦਾ ਝੌਲ਼ਾ ਦਿੰਦੇ। ਡੇਰੇ ਦੀਆਂ ਅਲਮਾਰੀਆਂ ’ਤੇ ਪਏ ਫੁੱਲ ਬੂਟੇ ਮੂੰਹੋਂ ਬੋਲਦੇ ਤੇ ਆਈ ਸੰਗਤ ਵੇਖ ਕੇ ਬਣਾਉਣ ਵਾਲੇ ਕਾਰੀਗਰ ਦੇ ਹੱਥਾਂ ਨੂੰ ਸਲਾਹੁੰਦੀ। ਬਾਬਾ ਜੀ ਪਿਤਾ ਜੀ ਨੂੰ ਬੜੀ ਇੱਜ਼ਤ ਨਾਲ ਸਰਦਾਰ ਝਿਰਮਲ ਸਿਆਂ ਆਖ ਕੇ ਸੱਦਦੇ ਸਨ। ਉਹਨਾਂ ਨੂੰ ਲਾਗੇ ਬਹਾ ਕੇ ਕਾਗਜ਼ਾਂ ਤੇ ਨਵੀਂ ਬਣ ਰਹੀ ਇਮਾਰਤ ਦੀ ਡਰਾਇੰਗ ਬਣਾ ਕੇ ਸਮਝਾਉਂਦੇ, ‘ਇਹ ਦੇਖੋ, ਇਧਰੋਂ ਇੰਜ ਡਾਟਾਂ ਬਣਨਗੀਆਂ, ਇਸ ਗੁੰਬਦ ਦੀ ਸ਼ੇਪ ਇਓਂ ਹੋਵੇਗੀ, ਏਧਰ ਪਿਲਰਾਂ ਨਾਲ ਇਸ ਡਿਜ਼ਾਇਨ ਵਿੱਚ ਵੇਲਾਂ ਬਣਨਗੀਆਂ ਤੇ ਫ਼ਰਸ਼ ਤੇ ਇਸ ਢੰਗ ਦੇ ਲਹਿਰੀਏ ਹੋਣਗੇ।’

ਤੇਜ਼ ਬੁੱਧੀ ਵਾਲੇ ਪਿਤਾ ਜੀ ਇਕੋ ਵਾਰ ਵਿੱਚ ਹੀ ਪੂਰੀ ਯੋਜਨਾ ਸਮਝ ਲੈਂਦੇ ਸਨ। ਉਹ ਸਤਿ ਬਚਨ ਕਹਿ ਕੇ ਆਖਦੇ, ‘ਏਵੇਂ ਹੀ ਹੋਵੇਗਾ ਮਹਾਂਪੁਰਖੋ।’

‘ਤੂੰ ਮੇਰਾ ਨਿਆਣਪੁਣੇ ਦਾ ਆੜੀ ਐਂ ਝਿਰਮਲ ਸਿਆਂ, ਇਕ ਤੂੰ ਈ ਐਂ ਜਿਹੜਾ ਮੈਨੂੰ ਜਗਨ ਕਹਿ ਸਕਦੈ। ਤੂੰ ਨਾ ਕਿਹਾ ਕਰ ਇਓਂ।’

'ਨਹੀਂ ਹਜ਼ੂਰ ਮਹਾਰਾਜ, ਕਿਥੇ ਮੈਂ ਕਿਥੇ ਤੁਸੀਂ। ਇਹ ਤੁਹਾਡਾ ਵੱਡਾਪਨ ਐ ਕਿ ਤੁਸੀਂ ਮੈਨੂੰ ਕਿਰਤੀ ਨੂੰ ਇਓਂ ਨਿਵਾਜਦੇ ਓ।' ਪਿਤਾ ਜੀ ਸਿਰ ਨਿਵਾ ਕੇ ਆਖਦੇ ਸਨ। ਬਾਬਾ ਜੀ ਗਦ ਗਦ ਹੋ ਜਾਂਦੇ। ਬੜੀ ਫ਼ਰਾਖ਼ਦਿਲੀ ਨਾਲ ਮੋਦੀਖਾਨੇ ਦੇ ਬੂਹੇ ਖੁਲ੍ਹਵਾ ਕੇ ਕਹਿੰਦੇ, 'ਘਰ ਵਾਸਤੇ ਜੋ ਖੜਨਾ ਲੈ ਜਾ ਝਿਰਮਲ ਸਿਆਂ, ਹੋਰ ਵੀ ਕਿਸੇ ਸ਼ੈ ਦੀ ਲੋੜ ਹੋਵੇ ਤਾਂ ਸੰਙੀਂ ਨਾ। ਆਪਣੇ ਪੁੱਤਰ ਨੂੰ ਪੜ੍ਹਾ ਜਿੰਨਾ ਪੜ੍ਹਦਾ। ਫੀਸਾਂ ਕਿਤਾਬਾਂ ਦੇ ਖਰਚੇ ਦਾ ਨਾ ਸੋਚੀਂ।'

'ਜੋ ਬਚਨ ਹਜ਼ੂਰ ਮਹਾਰਾਜ।' ਪਿਤਾ ਜੀ ਆਖਦੇ। ਮੈਨੂੰ ਪਤਾ ਸੀ ਉਹ ਮੇਰੇ ਤੋਂ ਵੱਡੀਆਂ ਦੋਹਾਂ ਭੈਣਾਂ ਦੇ ਕਾਜ ਰਚਾਉਣ ਲਈ ਫਿਕਰਮੰਦ ਸਨ। ਉਹ ਬਾਬਾ ਜੀ ਨੂੰ ਆਪਣੀ ਇਸ ਸਮੱਸਿਆ ਬਾਰੇ ਦੱਸਣਾ ਚਾਹੁੰਦੇ ਸਨ ਪਰ ਸੁਭਾਅ ਕਾਰਨ ਚੁੱਪ ਸਨ। ਰਾਤ ਮਾਤਾ ਜੀ ਤੇ ਪਿਤਾ ਜੀ ਆਪਣੀ ਕਬੀਲਦਾਰੀ ਦਾ ਲੇਖਾ ਜੋਖਾ ਕਰਦੇ ਤੇ ਫਿਕਰਾਂ ਵਿੱਚ ਘਿਰਦੇ। ਮਾਤਾ ਕਹਿੰਦੀ, 'ਜਦੋਂ ਸਮਾਧ ਵਾਲਾ ਖੱਤਾ ਵੱਡੇ ਬਾਬਾ ਜੀ ਨੇ ਸਾਡੇ ਨਾਓਂ ਕੀਤਾ ਹੋਇਆ ਤਾਂ ਕਿਉਂ ਨਹੀਂ ਉਹਦੀ ਬਿਜਾਈ ਅਸੀਂ ਆਪ ਕਰਦੇ ਜਾਂ ਘੱਟੋ ਘੱਟ ਅੱਧ ਹੀ ਮੰਗਦੇ।' ਪਿਤਾ ਜੀ ਦੀ ਜ਼ੁਬਾਨ ਨਹੀਂ ਸੀ ਖੁੱਲ੍ਹਦੀ, ਉਹ ਝੱਕਦੇ ਸਨ। ਪਰ ਜਾਣੀ ਜਾਣ ਬਾਬਾ ਜੀ ਨੇ ਇਕ ਦਿਨ ਖ਼ੁਦ ਹੀ ਕਹਿ ਦਿਤਾ ਸੀ, 'ਸਰਦਾਰ ਝਿਰਮਲ ਸਿਆਂ, ਵੱਡੇ ਮਹਾਰਾਜ ਜੀ ਨੇ ਕਿਹਾ ਸੀ ਕਿ ਸਮਾਧ ਵਾਲੇ ਡੇਢ ਕਿੱਲੇ ਦੀ ਇਕ ਕੌਡੀ ਵੀ ਕੋਲ਼ ਨੀ ਰੱਖਣੀ। ਮੇਰਾ ਖ਼ਿਆਲ ਐ, ਇਹੋ ਵੇਲ਼ਾ ਏ। ਤੂੰ ਧੀਆਂ ਦੇ ਰਿਸ਼ਤੇ ਲੱਭ ਮਨ ਮਰਜ਼ੀ ਦੇ ਤੇ ਵਿਆਹਾਂ ਦਾ ਖ਼ਰਚਾ ਤੇਰਾ ਜਮ੍ਹਾਂ ਏ ਡੇਰੇ ਕੋਲ਼।' ਘਰ ਆ ਕੇ ਪਿਤਾ ਜੀ ਨੇ ਦੱਸਿਆ ਤਾਂ ਇਕ ਵਾਰ ਮਾਤਾ ਜੀ ਨੇ ਵੀ ਮਹਿਸੂਸ ਕੀਤਾ ਕਿ ਉਹ ਖ਼ਾਹਮਖ਼ਾਹ ਕਾਹਲ਼ੇ ਪੈ ਰਹੇ ਸਨ ਜਦ ਕਿ ਬਾਬਾ ਜੀ ਉਹਨਾ ਦੀ ਮੁਸ਼ਕਲ ਬਾਰੇ ਭਲੀ ਭਾਂਤ ਜਾਣੂ ਸਨ। ਉਹਨਾਂ ਵੇਲੇ ਸਿਰ ਬਾਂਹ ਵੀ ਫੜੀ। ਦੋਹਾਂ ਭੈਣਾਂ ਦੇ ਚੰਗੇ ਘਰੀਂ ਰਿਸ਼ਤੇ ਲੱਭ ਗਏ ਤੇ ਬੜੀ ਸੁਚੱਜਤਾ ਨਾਲ ਦੋਹਾਂ ਦਾ ਇਕੋ ਵੇਲ਼ੇ ਸਾਂਝਾ ਸਾਰਥ ਭੁਗਤ ਗਿਆ। ਵਿਆਹਾਂ ਦੇ ਕੰਮ ਨਿਪਟਾ ਜਦੋਂ ਪਿਤਾ ਜੀ ਡੇਰੇ ਕੰਮ ਲਈ ਗਏ ਤਾਂ ਬਾਬਾ ਜੀ ਨੇ ਸਮਾਧ ਵਾਲੀ ਡੇਢ ਪੈਲ਼ੀ ਦੇ ਕਾਗ਼ਜ਼ ਦਿੰਦਿਆਂ ਉਹਨਾਂ ਨੂੰ ਕਿਹਾ ਸੀ, 'ਲੈ ਝਿਰਮਲ ਸਿਆਂ, ਇਹਨਾਂ ਨੂੰ ਸਾਂਭ। ਮੈਂ ਹਜ਼ੂਰ ਦੇ ਫੈਸਲੇ ਦਾ ਪਾਲਣ ਕਰ ਰਿਹਾਂ ਆਪਣੇ ਜੀਂਦੇ ਜੀਅ। ਬਾਅਦ ਦਾ ਪਤਾ ਨਹੀਂ।'

ਮੈਂ ਵੇਖਿਆ ਸੀ, ਪਿਤਾ ਜੀ ਦੀਆਂ ਅੱਖਾਂ ਨਮ ਸਨ। ਉਹਨਾਂ ਬਾਬਾ ਜੀ ਦੇ ਚਰਨ ਛੋਹਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹਨਾਂ ਦੇ ਬੋਲ ਸਨ, 'ਤੂੰ ਮੇਰਾ ਆੜੀ ਐਂ ਬਚਪਨ ਦਾ ਸਰਦਾਰ ਝਿਰਮਲ ਸਿਆਂ, ਤੈਨੂੰ ਨੀ ਸ਼ੋਭਦਾ ਇਹ। ਜਾਹ ਘਰ ਜਾਹ।'

ਨਵੀਂ ਸਰਾਂ ਦੀ ਤੀਜੀ ਮੰਜ਼ਲ ਬਣ ਰਹੀ ਸੀ ਜਦੋਂ ਪਿਤਾ ਜੀ ਦਾ ਪੈਰ ਗੋ ਤੋਂ ਤਿਲਕਿਆ ਤੇ ਉਹ ਪਿੱਠ ਪਰਨੇ ਭੁੰਞੇਂ ਆ ਡਿੱਗੇ ਸਨ। ਉਹਨਾਂ ਦੇ ਚੂਲ਼ੇ ਦੀ ਹੱਡੀ ਵਿੱਚ ਤ੍ਰੇੜ ਪੈ ਗਈ ਸੀ। ਉਹ ਤਿੰਨ ਮਹੀਨੇ ਸਿਵਲ ਹਸਪਤਾਲ ਦਾਖਲ ਰਹੇ। ਦੋਵੇਂ ਭੈਣਾਂ ਆਪਣੀਆਂ ਕਬੀਲਦਾਰੀਆਂ ਚੋਂ ਨਿਕਲ ਹਫ਼ਤਾ ਹਫ਼ਤਾ ਘਰ ਨੂੰ ਸਾਂਭਦੀਆਂ ਰਹੀਆਂ। ਪਿੱਛੋਂ ਛੀਨਿਆਂ ਵਾਲੀ ਮਾਸੀ ਦੀ ਕੁੜੀ ਮੀਤਾਂ ਘਰ ਦਾ ਕੰਮ ਧੰਦਾ ਸੰਭਾਲਣ ਲਈ ਮਹੀਨੇ ਭਰ ਲਈ ਸਾਡੇ ਰਹੀ ਸੀ। ਮੈਂ ਸਾਇਕਲ ਤੇ ਕਦੀ ਘਰ ਆਉਂਦਾ ਕਦੀ ਹਸਪਤਾਲ ਜਾਂਦਾ। ਗਰਮੀਆਂ ਦੇ ਦਿਨਾਂ ਵਿੱਚ ਮੀਤਾਂ ਚੌਂਕੇ ਲਾਗੇ ਖੜੀ ਮੰਜੀ ਦੀ ਛਾਂ ਥੱਲੇ ਸਬਜ਼ੀ ਰਿੰਨਦੀ ਰੋਟੀ ਪਕਾਉਂਦੀ। ਉਹਦਾ ਰੰਗ ਸਾਂਵਲਾ ਪਰ ਨਕਸ਼ ਤਿੱਖੇ ਸਨ। ਉਹਦੀਆਂ ਅੱਖਾਂ ਚ ਗਹਿਰਾਈ ਸੀ ਤੇ ਆਵਾਜ਼ ਕੋਇਲ ਵਰਗੀ ਸੀ। ਮੈਂ ਉਹਦੇ ਲਾਗੇ ਬਹਿ ਕੇ ਰੋਟੀ ਖਾਂਦਾ ਕਿਸੇ ਅਜੀਬ ਜਿਹੇ ਹੁਲਾਸ ਵਿੱਚ ਘਿਰ ਜਾਂਦਾ ਸਾਂ। ਉਹ ਮੇਰੇ ਨਾਲੋਂ ਦੋ ਵਰ੍ਹੇ ਵੱਡੀ ਸੀ ਤੇ ਮੈਂ ਉਹਨੂੰ ਭੈਣ ਕਹਿਕੇ ਬੁਲਾਉਂਦਾ ਸਾਂ। ਉਹ ਮੈਨੂੰ ਨਾਂ ਲੈ ਕੇ ਸੱਦਣ ਲਈ ਕਹਿੰਦੀ। ਮੇਰੇ ਮੂੰਹ ਉਹਦਾ ਨਾਂ ਨਹੀਂ ਸੀ ਚੜ੍ਹਦਾ ਪਰ ਪਿੱਛੋਂ ਛੇਤੀ ਹੀ ਉਹਨੂੰ ਮੀਤਾਂ ਕਹਿਣ ਲੱਗਾ ਸਾਂ। ਉਹ ਪਿਤਾ ਜੀ ਤੇ ਮਾਤਾ ਲਈ ਰੋਟੀ ਵਾਲਾ ਡੱਬਾ ਝੋਲੇ ਵਿੱਚ ਪਾ ਮੈਨੂੰ ਦਿੰਦਿਆਂ ਤੇ ਤੋਰਦਿਆਂ ਆਖਦੀ, 'ਛੇਤੀ ਆਵੀਂ, ਮੈਨੂੰ ਕੱਲੀ ਨੂੰ ਡਰ ਲੱਗਦਾ।' ਉਹ ਮੈਨੂੰ ਤਾੜਦੀ ਵੀ, 'ਐਵੇਂ ਨਾ ਮੁੰਡਿਆਂ ਵਿੱਚ ਬੈਠਾ ਰਵ੍ਹੀਂ, ਨੱਕ ਦੀ ਸੇਧੇ ਘਰ ਆਈਂ, ਫਟਾ ਫਟ।' ਉਹ ਜਿਸ ਮੋਹ ਭਿੱਜੀ ਨਜ਼ਰੇ ਮੈਨੂੰ ਤੱਕਦੀ ਉਸਤੋਂ ਮੈਂ ਕਿਸੇ ਵਿਸਮਾਦ ਵਿੱਚ ਭਿੱਜ ਜਾਂਦਾ ਤੇ ਦਬਾ ਦਬ ਪੈਡਲ ਮਾਰਦਾ ਤੇਰਾਂ ਕਿਲੋਮੀਟਰ ਪੈਂਡਾ ਤਹਿ ਕਰ ਹਸਪਤਾਲ ਪਹੁੰਚਦਾ ਤੇ ਰੋਟੀ ਦੇ ਕੇ ਵਾਪਸ ਓਸੇ ਤਿੱਖੀ ਚਾਲੇ ਘਰ ਅੱਪੜਦਾ। ਮੀਤਾਂ ਸਿਰੋਂ ਦੁਪੱਟਾ ਲਾਹ ਕਦੀ ਵਿਹੜੇ ਵਿੱਚ ਗੋਹਾ-ਮਿੱਟੀ ਫੇਰ ਰਹੀ ਹੁੰਦੀ, ਕਦੀ ਭਾਂਡੇ ਸਾਫ਼ ਕਰ ਰਹੀ ਹੁੰਦੀ ਤੇ ਕਦੀ ਥਾਪੀ ਫੜ ਕੇ ਕੱਪੜਿਆਂ ਦੁਆਲੇ ਹੋਈ ਹੁੰਦੀ। ਨਾ ਚਾਹੁੰਦਿਆਂ ਵੀ ਪਤਲੇ ਮਲਮਲ ਦੇ ਕੁੜਤੇ ਵਿੱਚੋਂ ਉਹਦੇ ਗੋਰੇ ਪਿੰਡੇ ਨਾਲ ਮੇਰੀ ਨਜ਼ਰ ਖਹਿ ਜਾਂਦੀ ਤੇ ਮੈਂ ਸ਼ਰਮ ਨਾਲ ਧਿਆਨ ਪਰਤਾ ਲੈਂਦਾ। ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਦਾ ਤੇ ਮੈਂ ਇਧਰ ਉਧਰ ਖਿਸਕਣ ਦੀ ਕਰਦਾ। ਉਹ ਬੇਧਿਆਨੇ ਆਵਾਜ਼ ਦਿੰਦੀ, 'ਵੇ ਨਿੰਦਰ, ਆਈਂ ਜ਼ਰਾ, ਇਕ ਬਾਲਟੀ ਫੜਾਈਂ ਪਾਣੀ ਦੀ, ਆਹ ਦੋ ਕੱਪੜੇ ਸੁੱਟੀਂ ਰੱਸੀ ਤੇ, ਆਹ ਭਾਂਡੇ ਰੱਖੀ ਪੜਛੱਤੀ ਤੇ।' ਮੈਂ ਚਾਬੀ ਦਿੱਤੇ ਖਿਡਾਉਣੇ ਵਾਂਗ ਉਹਦਾ

ਹੁਕਮ ਵਜਾਉਂਦਾ ਭੱਜਾ ਫਿਰਦਾ। ਉਹ ਨਿੱਕੀ ਨਿੱਕੀ ਗੱਲ ਤੇ ਖਿੜਖਿੜਾ ਕੇ ਹੱਸਦੀ ਤਾਂ ਉਹਦੇ ਚਿੱਟੇ ਦੰਦਾਂ ਦੀ ਕਤਾਰ ਵੇਖ ਮੇਰੀ ਸੁਰਤ ਗੁੰਮ ਹੋ ਜਾਂਦੀ। ਉਹ ਮੈਨੂੰ ਉਖੜਿਆ ਵੇਖ ਇਕ ਧੱਫਾ ਮੇਰੇ ਪਿੰਡੇ ਤੇ ਜੜਦੀ ਤੇ ਮੈਂ ਸੀਅ ਸੀਅ ਕਰਦਾ ਕੱਚੀ ਜਿਹੀ ਹਾਸੀ ਹੱਸਦਾ। ਉਸ ਦਿਨ ਰਸੋਈ 'ਚ ਉਹਦੇ ਸਾਹਮਣੇ ਖਲੋਤਿਆਂ ਮੈਂ ਉਹਦੇ ਘਰਕਦੇ ਸਾਹਾਂ ਦੀ ਆਵਾਜ਼ ਸੁਣੀ ਸੀ। ਉਹਦੀਆਂ ਅੱਖਾਂ ਵਿੱਚ ਜਿਵੇਂ ਕੋਈ ਹਨੇਰੀ ਝੁੱਲ ਰਹੀ ਸੀ। ਉਹਨੇ ਮੇਰਾ ਹੱਥ ਫੜ ਆਪਣੀ ਹਿੱਕ ਤੇ ਰੱਖ ਕਿਹਾ ਸੀ, 'ਏਥੇ ਪੀੜ ਹੋ ਰਹੀ ਆ ਨਿੰਦਰਾ, ਜ਼ਰਾ ਘੁੱਟ...।' ਮੇਰਾ ਸਾਰਾ ਜਿਸਮ ਮੁੜਕੋ ਮੁੜਕੀ ਹੋ ਗਿਆ ਸੀ। ਜ਼ਬਾਨ ਤਾਲੂਏ ਨਾਲ ਜਾ ਲੱਗੀ ਸੀ। ਕਿੰਨਾ ਚਿਰ ਕੁਝ ਬੋਲ ਹੀ ਨਹੀਂ ਸੀ ਹੋਇਆ। ਮੀਤਾਂ ਮੇਰੇ ਹੱਥਾਂ ਵਿੱਚ ਡਿਗੂੰ ਡਿਗੂੰ ਕਰਦੀ ਢਹਿ ਹੀ ਪਈ ਸੀ। ਉਹਨੂੰ ਛੱਡ ਮੈਂ ਵਾਹੋਦਾਹੀ ਬਾਹਰ ਨੱਸਿਆ ਤੇ ਗੁਆਂਢੋਂ ਤਾਰੀ ਚਾਚੀ ਨੂੰ ਬੁਲਾ ਲਿਆਇਆ। ਉਦੋਂ ਨੂੰ ਮੀਤਾਂ ਚੰਗੀ ਭਲੀ ਬੈਠੀ ਸੀ। ਚਾਚੀ ਪੁੱਛਿਆ ਤਾਂ ਬੋਲੀ, 'ਐਵੇਂ ਗਰਮੀ ਨਾਲ ਨੇਰ੍ਹਨੀ ਜੀ ਆ ਗੀ ਸੀ।' ਉਸ ਰਾਤ ਜਦੋਂ ਮਾਤਾ ਆਈ ਤਾਂ ਚਾਚੀ ਨੇ ਉਹਨੂੰ ਕੁਝ ਸਮਝਾਇਆ ਤੇ ਅਗਲੇ ਦਿਨ ਸਵੇਰੇ ਸਾਝਰੇ ਮੈਨੂੰ ਮਾਤਾ ਨੇ ਆਖਿਆ, 'ਜਾਹ ਭੈਣ ਨੂੰ ਛੀਨੇ ਛੱਡ ਆ। ਤੇਰੇ ਪਿਤਾ ਜੀ ਵੱਲ ਨੇ ਹੁਣ। ਛੈਤ ਕੱਲ੍ਹ ਪਰਸੋਂ ਘਰ ਆ ਈ ਜਾਣ।' ਪਤਾ ਨਹੀਂ ਕਿਉਂ ਮੈਂ ਚਾਹਿਆ ਕਿ ਮੀਤਾਂ ਹਾਲੇ ਨਾ ਜਾਵੇ। ਮੈਂ ਰਸੋਈ ਵਾਲੀ ਘਟਨਾ ਦਾ ਬਾਰ ਬਾਰ ਤਸੱਵਰ ਕਰਦਾ। ਕੋਈ ਛੱਲ ਮੇਰੇ ਵਜੂਦ ਨੂੰ ਰੋੜ੍ਹ ਕੇ ਲੈ ਜਾਂਦੀ। ਕੋਈ ਬੇਵੱਸੀ ਮੇਰੀ ਸੋਚ ਨੂੰ ਘੇਰ ਲੈਂਦੀ। ਅਗਲੀ ਸਵਰੇ ਮੈਂ ਮੀਤਾਂ ਨੂੰ ਸਾਇਕਲ ਦੇ ਕੈਰੀਅਰ ਤੇ ਬਹਾ ਛੀਨੇ ਮਾਸੀ ਕੋਲ ਛੱਡਣ ਜਾ ਰਿਹਾ ਸਾਂ। ਉਹ ਰਸਤੇ ਵਿੱਚ ਕਈ ਗੱਲਾਂ ਕਰਦੀ ਗਈ। ਕਈ ਚੰਗੀਆਂ ਕਈ ਊਟ ਪਟਾਂਗ, ਪਰ ਉਹਦੀਆਂ ਸਾਰੀਆਂ ਗੱਲਾਂ ਚੋਂ ਮੈਨੂੰ ਭਿੰਨੀ ਭਿੰਨੀ ਖ਼ੁਸ਼ਬੋ ਆ ਰਹੀ ਸੀ। ਅਜਿਹੀ ਖ਼ੁਸ਼ਬੋ ਮੈਂ ਪਹਿਲਾਂ ਕਦੇ ਮਹਿਸੂਸ ਨਹੀਂ ਸੀ ਕੀਤੀ। ਘਰ ਅੱਪੜੇ ਤਾਂ ਮੈਂ ਮੁੜਨਾ ਚਾਹਿਆ ਪਰ ਮਾਸੀ ਨਾਲੋਂ ਵੱਧ ਮੀਤਾਂ ਨੇ ਜ਼ਿਦ ਕੀਤੀ ਕਿ ਮੈਂ ਰਾਤ ਰਹਿ ਕੇ ਅਗਲੇ ਦਿਨ ਜਾਵਾਂ। ਮੈਂ ਮੀਤਾਂ ਦਾ ਕਿਹਾ ਟਾਲ ਹੀ ਨਾ ਸਕਿਆ। ਮਾਤਾ ਦੀ ਤਾਕੀਦ ਕਿ ਵੇਲੇ ਸਿਰ ਮੁੜ ਆਵਾਂ, ਬਿੰਦ ਝੱਟ 'ਚ ਵਿਸਰ ਗਈ। ਉਸ ਸ਼ਾਮ ਤੇ ਫਿਰ ਰਾਤ ਮੈਂ ਮੌਕਾ ਭਾਲਦਾ ਰਿਹਾ ਕਿ ਮੀਤਾਂ ਦੇ ਲਾਗੇ ਖਲੋ ਕੇ ਗੱਲਾਂ ਕਰਾਂ ਪਰ ਇੰਜ ਹੋ ਹੀ ਨਾ ਸਕਿਆ।

ਪਿਤਾ ਜੀ ਘਰ ਆ ਗਏ। ਬੇਸ਼ਕ ਡੇਰੇ ਨੇ ਘਰ ਦਾ ਤੇ ਹਸਪਤਾਲ ਦਾ ਸਾਰਾ ਖ਼ਰਚਾ ਚੁੱਕਿਆ ਸੀ ਫਿਰ ਵੀ ਇਸ ਘਟਨਾ ਨਾਲ ਘਰ ਦੀ ਸਾਵੀਂ ਪੱਧਰੀ ਚਲ ਰਹੀ ਗੱਡੀ ਲੀਹੋਂ ਲੱਥ ਗਈ। ਬਾਰ੍ਹਵੀਂ ਦੀ ਪੜ੍ਹਾਈ ਵਿੱਚੇ ਛੱਡ ਕੇ ਮੈਨੂੰ ਕੰਮ 'ਤੇ ਪੈਣਾ ਪੈ ਗਿਆ। ਪਿਤਾ ਜੀ ਸੋਟਾ ਫੜ ਕੇ ਹੌਲੀ ਹੌਲੀ ਤੁਰਦੇ ਡੇਰੇ ਪਹੁੰਚਦੇ ਤੇ ਮੈਨੂੰ ਕੰਮ ਸਮਝਾਉਂਦੇ। ਤਿੱਖੜ ਦੁਪਹਿਰੇ ਮੈਂ ਹਾਲੋਂ ਬੇਹਾਲ ਹੋ ਜਾਂਦਾ। ਪਿੰਡੇ ਦੀ ਪਿੱਤ ਸੂਈਆਂ ਵਾਂਙੂੰ ਚੁਭਦੀ ਤੇ ਮੇਰਾ ਦਮ ਘੁਟਣ ਲੱਗਦਾ। ਹੱਥ ਫੜੀ ਤੇਸੀ ਕਾਂਡੀ ਰੁਕ ਜਾਂਦੀ। ਅਜਿਹੇ ਵੇਲੇ ਮੈਂ ਮੀਤਾਂ ਬਾਰੇ ਸੋਚਦਾ ਤਾਂ ਜਿਵੇਂ ਠੰਡੇ ਪਾਣੀ ਦੇ ਛਿੱਟੇ ਮੇਰੀਆਂ ਅੱਖਾਂ ਤੇ ਪੈਂਦੇ। ਵਿੱਚ ਕੋਸੇ ਕੋਸੇ ਅੱਥਰੂ ਵੀ ਆ ਰਲ਼ਦੇ। ਦੁਪਹਿਰੇ ਡੇਰੇ ਦੇ ਲੰਗਰੋਂ ਪਰਸ਼ਾਦਾ ਛਕਦਿਆਂ, ਕੜੇ ਵਾਲੇ ਗਿਲਾਸ ਵਿੱਚ ਲੱਸੀ ਤੇ ਪਿੱਤਲ ਦੀ ਬਾਟੀ ਵਿੱਚ ਚਾਹ ਪੀਂਦਿਆਂ ਮੈਂ ਮੀਤਾਂ ਦੀ ਸੋਚ ਨੂੰ ਆਪਣੇ ਨਾਲੋਂ ਜੁਦਾ ਨਾ ਕਰ ਪਾਉਂਦਾ। ਜੀਅ ਕਰਦਾ ਛੁੱਟੀ ਕਰਾਂ ਤੇ ਉੱਡ ਕੇ ਛੀਨੇ ਪਹੁੰਚ ਜਾਵਾਂ।

ਇਕ ਦਿਨ ਮੇਰੀ ਬੁਖ਼ਲਾਈ ਹਾਲਤ ਤੇ ਬਾਬਾ ਜੀ ਨੂੰ ਡਾਢਾ ਤਰਸ ਆਇਆ ਸੀ। ਉਹਨਾਂ ਮੰਜੇ ਤੇ ਬੈਠੇ ਪਿਤਾ ਜੀ ਨੂੰ ਕਿਹਾ ਸੀ, 'ਸਰਦਾਰ ਝਿਰਮਲ ਸਿਆਂ, ਮੈਨੂੰ ਲੱਗਦਾ, ਪੁੱਤਰ ਕੋਲੋਂ ਇਹ ਕਠਿਨ ਜੋਗ ਧਾਰਨ ਨਹੀਂ ਕਰ ਹੋਣਾ। ਤੂੰ ਇਹਨੂੰ ਪੜ੍ਹਨ ਲਿਖਣ ਦਿੰਦਾ। ਕਿਸੇ ਕਲਮ ਘਸਾਈ ਦੇ ਕੰਮ ਤੇ ਜਾ ਲੱਗਦਾ। ਨਹੀਂ ਤੇ ਇਹਨੂੰ ਕੋਈ ਹੋਰ ਈ ਕੰਮ ਨਾ ਖੋਲ੍ਹ ਦਈਏ?'

'ਤੁਸੀਂ ਹੀ ਦੱਸੋ ਹਜ਼ੂਰ ਮਹਾਰਾਜ, ਤੁਹਾਡਾ ਹੁਕਮ ਸਿਰ ਮੱਥੇ।' ਪਿਤਾ ਜੀ ਨੇ ਆਜ਼ਜ਼ੀ ਨਾਲ ਹੱਥ ਜੋੜ ਕੇ ਉਠਣ ਦੀ ਕੋਸ਼ਿਸ਼ ਕੀਤੀ।

'ਤੈਨੂੰ ਪਤੈ, ਸਾਨੂੰ ਏਥੇ ਡੇਰੇ ਦੀ ਲੱਕੜ ਚਿਰਾਈ ਦੀ ਦਿੱਕਤ ਆਉਂਦੀ ਐ। ਸ਼ਹਿਰੋਂ ਮਾਲ ਚਿਰਾਈਦਾ। ਕਿਉਂ ਨਾ ਇਹਨੂੰ ਤੁਹਾਡੇ ਵਾਲੇ ਥਾਂ ਤੇ ਆਰਾ ਲਾ ਦਈਏ?'

ਕਿਥੋਂ ਫੁਰਨਾ ਫੁਰਿਆ ਸੀ ਬਾਬਾ ਜੀ ਨੂੰ? ਮੈਂ ਮਨ ਹੀ ਮਨ ਖ਼ੁਸ਼ ਹੋਇਆ। ਘੱਟੋ ਘੱਟ ਇਸ ਧੁੱਪ ਛਾਂ ਦੇ ਝੰਜਟ ਤੋਂ ਤਾਂ ਬਚਾਂਗਾ ਹੀ।

ਬਾਬਾ ਜੀ ਨੇ ਪਿੱਛੇ ਵਾਹੇ ਹੋਏ ਚਮਕਦਾਰ ਰੇਸ਼ਮੀ ਵਾਲਾਂ ਤੇ ਹੱਥ ਫੇਰਦਿਆਂ ਕਿਹਾ, 'ਮੇਰੀ ਜਾਚੇ ਏਹੀ ਠੀਕ ਰਹੇਗਾ, ਕਿਉਂ?'

'ਹਜ਼ੂਰ, ਏਨੇ ਅਹਿਸਾਨਾਂ ਦੇ ਨਾਲ ਇਕ ਇਹ ਵੀ ਸਹੀ।' ਪਿਤਾ ਜੀ ਦੀਆਂ ਅੱਖਾਂ ਛਲਕ ਪਈਆਂ।

'ਨਹੀਂ ਝਿਰਮਲ ਸਿਆਂ, ਤੂੰ ਮੇਰਾ ਪਹਿਲੀ ਉਮਰ ਦਾ ਯਾਰ ਐਂ ਤੇ ਇਓਂ ਨਿੰਦਰ ਮੇਰਾ ਵੀ ਬੱਚਾ ਐ, ਮੇਰਾ ਵੀ ਕੋਈ ਫ਼ਰਜ਼ ਆ, ਕਿ ਨਹੀਂ?'

'ਮੈਂ ਕੀ ਆਖਾਂ ਹਜ਼ੂਰ? ਤੁਸੀਂ ਜੋ ਕਹਿੰਦੇ ਓ, ਉਹ ਰੱਬ ਦੀ ਆਵਾਜ਼ ਆ।' ਪਿਤਾ ਜੀ ਦਾ ਤਾਂ ਸਿਰ ਹੀ ਨਿਓਂ ਗਿਆ। ਉਹੀ ਆਖਰੀ ਇੱਟ ਲਾਈ ਜਿਹੜੀ ਲਾ ਕੇ ਗੋ ਤੋਂ ਥੱਲੇ ਉਤਰਿਆ ਸਾਂ। ਸਮਾਧ ਵਾਲੇ ਖੱਤੇ ਦੀ ਡਰਾਇੰਗ ਬਾਬਾ ਜੀ ਨੇ ਆਪ ਬਣਾਈ। ਚਾਲ਼ੀ ਬਾਈ ਨੱਬੇ ਦੇ ਸ਼ੈੱਡ ਨੂੰ ਡਿਜ਼ਾਇਨ ਕੀਤਾ ਤੇ ਡੇਰੇ ਦੇ ਫੋਨ ਤੋਂ ਆਪ ਇੱਟਾਂ, ਗਾਰਡਰਾਂ ਤੇ ਬਾਲਿਆਂ ਦੇ ਆਰਡਰ ਕੀਤੇ। ਸੀਮੰਟ, ਰੇਤਾ, ਬਜਰੀ ਵਾਲਿਆਂ ਨੂੰ ਕਿਹਾ। ਆਰਾ ਮਸ਼ੀਨ ਵਾਲੇ ਤੇ ਬਿਜਲੀ ਮਹਿਕਮੇ ਵਾਲਿਆਂ ਨੂੰ ਸੱਦਿਆ। ਹਰ ਕੰਮ ਵਿੱਚ ਆਪ ਦਿਲਚਸਪੀ ਲਈ ਤੇ ਮਹੀਨਾ ਮੁੱਕਣ ਤੋਂ ਪਹਿਲਾਂ ਮਹੂਰਤ ਕਰਵਾ ਦਿਤਾ। ਮੈਨੂੰ ਕੋਲ਼ ਬਿਠਾ ਕੇ ਕੰਮ ਦੀਆਂ ਰਮਜ਼ਾਂ ਦੱਸੀਆਂ। ਮਿਸਤਰੀ ਭਜਨ ਸਿਹੁੰ ਦਾ ਤਜਰਬਾ ਮੇਰੇ ਲਈ ਇਸ ਗੱਲੋਂ ਲਾਹੇਵੰਦ ਹੋਇਆ ਕਿ ਮੈਂ ਕੁਝ ਹੀ ਦਿਨਾਂ ਵਿੱਚ ਐਨ ਸਿੱਧੇ ਚੀਰ ਪਾਉਣ ਲੱਗ ਪਿਆ। ਛਾਤੀ ਤੇ ਚਮੜੇ ਦਾ ਐਪਰਨ ਪਾ ਛਤੀਰੀ ਨੂੰ ਹੰਢੇ ਹੋਏ ਮਿਸਤਰੀ ਵਾਂਗ ਧੱਕਣ ਲੱਗਾ। ਮੈਨੂੰ ਕੰਮ ਵਿੱਚ ਦਿਲਚਸਪੀ ਜਾਗ ਪਈ। ਲੱਕੜ ਦੀਆਂ ਗੇਲੀਆਂ ਤੇ ਸ਼ਤੀਰੀਆਂ ਦੇ ਟਰੱਕ ਪਠਾਨਕੋਟੋਂ ਆਉਂਦੇ। ਆਰੇ ਤੇ ਗਹਿਮਾ ਗਹਿਮ ਰਹਿੰਦੀ। ਮਿਲਟਰੀ ਵੱਲੋਂ ਬਣਾਏ ਬੇੜੀਆਂ ਦੇ ਪੁਲ਼ ਰਾਹੀਂ ਆਈ ਸੰਗਤ ਆਰੇ ਦੇ ਅਗਾੜੀਓਂ ਲੰਘਦੀ ਤੇ ਕੋਈ ਚਿਰਾਈ ਬਣਵਾਈ ਦਾ ਭਾਅ ਪੁੱਛਣ ਰੁਕ ਜਾਂਦਾ। ਇਸ ਰੌਣਕ ਨੂੰ ਵੇਖ ਕੇ ਨੱਥੇ ਹਲਵਾਈ ਨੇ ਆਪਣੇ ਮੁੰਡੇ ਪ੍ਰੀਤੇ ਨੂੰ ਸਾਹਮਣੇ ਚਾਹ ਦਾ ਖੋਖਾ ਪਾ ਦਿੱਤਾ ਤੇ ਛਿੱਬੂ ਮਹਿਰੇ ਨੇ ਸਾਇਕਲਾਂ ਨੂੰ ਪੈਂਚਰ ਲਾਉਣ ਦਾ ਸਾਮਾਨ ਲਿਆ ਰੱਖਿਆ। ਇਕ ਦੋ ਹੋਰ ਦੁਕਾਨਾਂ ਖੁੱਲ੍ਹ ਗਈਆਂ ਤੇ ਵਾਹਵਾ ਰੌਣਕ ਬੱਝ ਗਈ। ਡੇਰੇ ਤੇ ਲੋਕਾਂ ਦੀ ਆਵਾਜਾਈ ਵਧ ਗਈ। ਪਿਤਾ ਜੀ ਕੁਰਸੀ ਡਾਹ ਕੇ ਬੈਠੇ ਕੰਮ ਦੀ ਨਿਗਰਾਨੀ ਕਰਦੇ ਜਾਂ ਥੋੜ੍ਹਾ ਏਧਰ ਓਧਰ ਤੁਰ ਫਿਰ ਆਉਂਦੇ। ਮੇਰੀ ਨੱਸ ਭਜ ਵਧ ਗਈ। ਕਦੀ ਫੁਰਸਤ ਵਿੱਚ ਬੈਠਾ ਹੁੰਦਾ ਤਾਂ ਮੀਤਾਂ ਦਾ ਚੇਤਾ ਆਉਂਦਾ ਤਾਂ ਮਿੱਠਾ ਜਿਹਾ ਅਹਿਸਾਸ ਜਾਗਦਾ। ਦਿਲ ਲੋਚਦਾ ਉਹ ਮੇਰੇ ਨੇੜੇ ਆਵੇ ਤੇ ਅਸੀਂ ਕਈ ਗੱਲਾਂ ਕਰੀਏ। ਇਕ ਦਿਨ ਡੇਰੇ ਦੇ ਸਕੂਟਰ ਤੇ ਸ਼ਹਿਰ ਕੰਮ ਗਿਆ ਮੈਂ ਵਾਪਸੀ ਤੇ ਐਵੇਂ ਛੀਨੇ ਮਾਸੀ ਨੂੰ ਮਿਲਣ ਜਾ ਨਿਕਲਿਆ ਸਾਂ। ਮੀਤਾਂ ਧਰੇਕ ਦੀ ਛਾਵੇਂ ਬੈਠੀ ਆਪਣੇ ਦਾਜ ਦੀ ਚਾਦਰ 'ਤੇ ਫੁੱਲ ਕੱਢ ਰਹੀ ਸੀ। ਮੈਨੂੰ ਉਹ ਚੁੱਪ ਤੇ ਉਦਾਸ ਜਿਹੀ ਲੱਗੀ। ਮਾਸੀ ਨੇ ਦੱਸਿਆ ਕਿ ਇਹਦੇ ਰਿਸ਼ਤੇ ਦੀ ਗੱਲ ਚੱਲਦੀ ਪਈ ਐ ਤੇ ਮੈਂ ਜਾ ਕੇ ਆਪਣੀ ਮਾਤਾ ਨੂੰ ਕਿਸੇ ਦਿਨ ਭੇਜਾਂ ਕਿ ਉਹ ਜਾ ਕੇ ਮੁੰਡਾ ਵੇਖ ਆਵੇ। ਮੁੰਡਾ ਫ਼ੌਜੀ ਸੀ ਤੇ ਉਨ੍ਹੀ ਦਿਨੀਂ ਛੁੱਟੀ ਆਇਆ ਹੋਇਆ ਸੀ। ਮੈਂ ਮਹਿਸੂਸ ਕੀਤਾ ਮੀਤਾਂ ਖੁਸ਼ ਨਹੀਂ ਸੀ। ਮੈਨੂੰ ਵੀ ਤਾਂ ਬਹੁਤਾ ਚੰਗਾ ਨਹੀਂ ਸੀ ਲੱਗਾ ਪਰ ਸਿਆਣਿਆਂ ਦੀ ਗੱਲ ਵਿੱਚ ਦਖ਼ਲ ਦੇਣਾ ਵੀ ਮੈਨੂੰ ਨਾ ਸ਼ੋਭਿਆ। ਮਾਸੀ ਰਤਾ ਅੰਦਰ ਬਾਹਰ ਗਈ ਤਾਂ ਮੈਂ ਮੀਤਾਂ ਨੂੰ ਪੁੱਛਿਆ ਕਿ ਉਹ ਉਦਾਸ ਕਿਉਂ ਹੈ ਤਾਂ ਉਹ ਉਤਰ ਵਿੱਚ ਚੁੰਨੀ ਦੀ ਕੰਨੀ ਚਿੱਥਦੀ ਮੇਰੇ ਲਾਗੋਂ ਚਲੀ ਗਈ। ਮੇਰਾ ਵੀ ਗੱਚ ਭਰ ਆਇਆ। ਮੈਨੂੰ ਲੱਗਾ ਸਾਡੇ ਦਰਮਿਆਨ ਕਿਧਰੇ ਮੂਕ ਜਿਹੀ ਮੁਹੱਬਤ ਪਲ਼ ਰਹੀ ਸੀ। ਮੈਂ ਉਹਦੀ ਜਾਂਦੀ ਦੀ ਪਿੱਠ ਤੱਕਦਾ ਰੋਣਹਾਕਾ ਹੋ ਗਿਆ। ਮਾਸੀ ਦੇ ਆਉਣ ਤੋਂ ਪਹਿਲਾਂ ਮੈਂ ਚੁੱਪਚਾਪ ਉਥੋਂ ਤੁਰ ਆਇਆ। ਕਈ ਦਿਨ ਮੇਰਾ ਮਨ ਮਸਤਕ ਬੋਝਲ ਹੋਇਆ ਰਿਹਾ।

ਇਕ ਦਿਨ ਬਾਬਾ ਜੀ ਦਾ ਬੁਲਾਵਾ ਆਇਆ ਤਾਂ ਮੈਂ ਪਿਤਾ ਜੀ ਨੂੰ ਲੈ ਕੇ ਡੇਰੇ ਗਿਆ। ਬਾਬਾ ਜੀ ਤਖ਼ਤਪੋਸ਼ ਤੇ ਆਸਣ ਲਾਈ ਬੈਠੇ ਸਨ ਤੇ ਹੇਠਾਂ ਇਕ ਚੰਗੇ ਬਣਦੇ ਫੱਬਦੇ ਸਰਦਾਰ ਜੀ ਆਪਣੇ ਪਰਿਵਾਰ ਸਮੇਤ ਬੈਠੇ ਸਨ। ਬਾਬਾ ਜੀ ਨੇ ਸਾਨੂੰ ਬਿਠਾ ਕੇ ਗੱਲ ਛੋਹੀ, 'ਇਹ ਪਨੇਸਰ ਸਾਹਿਬ ਨੇ ਝਿਰਮਲ ਸਿੰਘ ਜੀ, ਏਧਰ ਇਨ੍ਹਾਂ ਦੀ ਧਰਮ ਪਤਨੀ ਤੇ ਇਹ ਬੀਬੀ ਇਹਨਾਂ ਦੀ ਧੀ ਆ।' ਫਿਰ ਉਹ ਉਸ ਸਰਦਾਰ ਜੀ ਨੂੰ ਮੁਖਾਤਬ ਹੋਏ, 'ਏਹ ਆ ਕਾਕਾ, ਵੇਖ ਕੇ ਆਪਣੀ ਤਸੱਲੀ ਕਰ ਲਓ।'

ਸਰਦਾਰ ਜੀ ਨੇ ਸਿਰ ਨਿਵਾ ਕੇ ਕਿਹਾ, 'ਸਭ ਕੁਝ ਪਰਵਾਨ ਐ ਹਜ਼ੂਰ ਮਹਾਰਾਜ।'

ਮੈਂ ਉਂਧੀ ਪਾਈ ਬੈਠੀ ਕੁੜੀ ਨੂੰ ਇਕ ਛਿਣ ਲਈ ਵੇਖਿਆ। ਬਾਬਾ ਜੀ ਬੋਲੇ, 'ਪਨੇਸਰ ਸਾਹਿਬ ਲੁਧਿਆਣੇ ਦੇ ਚੰਗੇ ਕਾਰੋਬਾਰੀ ਸੱਜਣ ਨੇ। ਬੀਬੀ ਇਹਨਾਂ ਦੀ ਕੱਲੀ ਕਾਰੀ ਧੀ ਆ। ਇਹ ਮਦਦਗਾਰ ਤੇ ਵਧੀਆ ਇਨਸਾਨ ਨੇ। ਮੈਨੂੰ ਲੱਗਾ ਹੈ ਕਿ ਇਸ ਬੱਚੀ ਤੇ ਆਪਣੇ ਨਿੰਦਰ ਦੇ ਸੰਜੋਗ ਸ਼ੁਭ ਹੋਣਗੇ।'

'ਜੀ ਹਜ਼ੂਰ ਮਹਾਰਾਜ।' ਪਿਤਾ ਜੀ ਤਾਂ ਜਿਵੇਂ ਧੰਨ ਧੰਨ ਹੋ ਗਏ ਸਨ। ਉਹਨਾਂ ਦੀ ਸੋਚ ਧਰਤੀ ਤੋਂ ਉਪਰ ਉਠ ਕੇ ਅੰਬਰਾਂ ਨੂੰ ਛੋਹਣ ਲੱਗੀ ਸੀ। ਬਾਬਾ ਜੀ ਨੇ ਆਪਣੇ ਲਾਗੇ ਪਏ ਲੱਡੂਆਂ ਦੇ ਡੱਬੇ ਵਿੱਚੋਂ ਪ੍ਰਸ਼ਾਦ ਦੇ ਕੇ ਮੂੰਹ ਮਿੱਠਾ ਕਰਾਇਆ ਤੇ ਸਾਡੇ ਰਿਸ਼ਤੇ

ਤੇ ਆਪਣੀ ਮੋਹਰ ਲਾ ਦਿਤੀ। ਮਹੀਨੇ ਪਿੱਛੋਂ ਮੇਰਾ ਤੇ ਕੀਰਤੀ ਦਾ ਬੜੀਆਂ ਸਾਦਾ ਰਸਮਾਂ ਨਾਲ ਆਨੰਦ ਕਾਰਜ ਹੋ ਗਿਆ। ਮੈਂ ਕੀਰਤੀ ਨੂੰ ਪਾ ਕੇ ਖ਼ੁਸ਼ ਸਾਂ। ਮਾਤਾ ਦੀ ਅੱਡੀ ਭੋਇੰ ਤੇ ਨਹੀਂ ਸੀ ਲੱਗਦੀ। ਉਹਦੀ ਆਮਦ ਨਾਲ ਘਰ ਮਹਿਕ ਗਿਆ। ਨਵੇਂ ਵਿਆਹੁਤਾ ਜੀਵਨ ਦੇ ਚਾਅ ਵਿੱਚ ਮੈਨੂੰ ਹੋਰ ਸਭ ਕੁਝ ਵਿਸਰ ਗਿਆ। ਪਿਤਾ ਜੀ ਸੋਟੇ ਤੋਂ ਬਗ਼ੈਰ ਚੱਲਣ ਲੱਗੇ। ਮਾਂ ਚਾਈਂ ਚਾਈਂ ਘਰ ਨੂੰ ਸੁੰਬਰਦੀ ਸਵਾਰਦੀ। ਦਿਨ ਚੰਗੇ ਗੁਜ਼ਰਨ ਲੱਗੇ। ਕੀਰਤੀ ਨੂੰ ਆਸ ਤੇ ਵੇਖ ਮਾਤਾ ਉਹਨੂੰ ਕੰਮ ਨੂੰ ਹੱਥ ਨਾ ਲਾਉਣ ਦਿੰਦੀ। ਪਨੇਸਰ ਸਾਹਿਬ ਤੇ ਬੀਬੀ ਜੀ ਆਉਂਦੇ ਤੇ ਵੰਨ ਸੁਵੰਨੇ ਕੱਪੜੇ ਚੀਜ਼ਾਂ ਦੇ ਜਾਂਦੇ। ਉਨ੍ਹਾਂ ਦੇ ਵਿਹਾਰ ਵਿੱਚ ਕਿਤੇ ਬੋਅ ਮਜ਼ਾਜ਼ ਨਾ ਹੁੰਦੀ। ਉਹ ਸਾਡੇ ਘਰ ਦੀਆਂ ਸਾਦੀਆਂ ਕੁਰਸੀਆਂ ਤੇ ਬਹਿ ਜਾਂਦੇ ਤੇ ਚੌਂਕੇ ਲਾਗੇ ਬਹਿ ਕੇ ਸਾਦ ਮੁਰਾਦੀ ਰੋਟੀ ਖਾ ਲੈਂਦੇ। ਮਾਤਾ ਜੀ ਉਨ੍ਹਾਂ ਦੇ ਉਚੇ ਪੱਧਰ ਤੇ ਸਿਆਣੀ ਸੋਚ ਉਤੇ ਰਸ਼ਕ ਕਰਦੇ। ਉਹ ਹੁੱਬ ਕੇ ਗੁਆਂਢਣਾਂ ਨੂੰ ਆਪਣੇ ਸਾਕਾਂ ਦੇ ਵੱਡੇਪਨ ਤੇ ਸਾਦਾ ਤਬੀਅਤ ਬਾਰੇ ਦੱਸਦੇ।

ਨੋਨੀ ਦੇ ਜਣੇਪੇ ਤੇ ਕੀਰਤੀ ਲੁਧਿਆਣੇ, ਆਪਣੇ ਪੇਕੇ ਗਈ ਸੀ। ਉਦੋਂ ਹੀ ਹੜ੍ਹਾਂ ਨੇ ਪਿੰਡ ਵਿੱਚ ਭਾਰੀ ਤਬਾਹੀ ਮਚਾਈ ਸੀ। ਦਰਿਆ ਅਚਾਨਕ ਜਿਵੇਂ ਆਫਰ ਹੀ ਗਿਆ ਸੀ ਤੇ ਦੂਰ ਮੀਲਾਂ ਤੱਕ ਪਾਣੀ ਹੀ ਪਾਣੀ ਸੀ। ਪੁਲ਼ ਦੀਆਂ ਬੇੜੀਆਂ ਖੌਰੇ ਕਿਧਰ ਵਹਿ ਗਈਆਂ ਸਨ। ਲੋਕਾਂ ਦੇ ਘਰ ਢਹਿ ਗਏ ਤੇ ਪਸ਼ੂ ਡੰਗਰ ਰੁੜ੍ਹ ਗਏ ਸਨ। ਫਸਲਾਂ ਦਾ ਨਾਂ ਨਿਸ਼ਾਨ ਨਾ ਰਿਹਾ। ਡੇਰਾ ਰਤਾ ਉੱਚੀ ਥਾਂ ਸੀ ਤਾਂ ਵੀ ਵਿਹੜੇ ਵਿੱਚ ਤਿੰਨ ਤਿੰਨ ਫੁੱਟ ਪਾਣੀ ਸੀ। ਕਈ ਦਿਨ ਲੋਕਾਂ ਡੇਰੇ ਦੀਆਂ ਸਰਾਵਾਂ ਵਿੱਚ ਪਨਾਹ ਲੈ ਛੱਡੀ। ਬੀਬੀਆਂ ਲੰਗਰ ਪਕਾਉਂਦੀਆਂ ਤੇ ਬੰਦੇ ਪਿੰਡ ਦੇ ਡਿੱਗਦੇ ਘਰਾਂ ਨੂੰ ਠੁੰਮ੍ਹਣੇਂ ਦਿੰਦੇ ਗਾਰੇ ਚਿੱਕੜ ਵਿੱਚ ਛੱਪ ਛੱਪ ਕਰਦੇ ਤੁਰੇ ਫਿਰਦੇ। ਸਾਡੇ ਆਰੇ ਵਿੱਚ ਲੱਗੀਆਂ ਡੇਰੇ ਦੀਆਂ ਗੇਲੀਆਂ ਬੱਲੀਆਂ ਪਾਣੀ ਦੇ ਵਹਾਅ ਵਿੱਚ ਵਹਿ ਗਈਆਂ। ਔਜ਼ਾਰ ਖੁਰਦ ਬੁਰਦ ਹੋ ਗਏ। ਮੈਂ ਦੋ ਰਾਤਾਂ ਬਚਦੇ ਸਾਮਾਨ ਨੂੰ ਸਾਂਭਣ ਲਈ ਜੂਝਦਾ ਰਿਹਾ। ਕਈ ਦਿਨਾਂ ਪਿੱਛੋਂ ਦਰਿਆ ਤੇ ਜ਼ਮੀਨ ਅੱਡ ਅੱਡ ਹੋਏ। ਬਾਪੂ ਜੀ ਦੀ ਸਮਾਧ ਦਾ ਇਕ ਪਾਸਾ ਢਹਿ ਕੇ ਰੁੜ੍ਹ ਗਿਆ ਸੀ। ਪਿੰਡ ਦੀ ਅੱਧੀ ਵਸੋਂ ਬਚਿਆ ਖੁਚਿਆ ਸਾਂਭ ਕੇ ਹਿਜਰਤ ਕਰ ਗਈ। ਬਾਕੀ ਢਹੇ ਆਲ੍ਹਣੇ ਥਾਂ ਸਿਰ ਕਰਨ ਲਈ ਤੀਲਾ ਤੀਲਾ ਜੋੜਨ ਦੇ ਆਹਰ ਵਿੱਚ ਜੁਟ ਗਏ।

ਨੋਨੀ ਨੂੰ ਲੈ ਕੇ ਆਈ ਕੀਰਤੀ ਦਾ ਘਰ ਦੀ ਹਾਲਤ ਵੇਖ ਜਿਵੇਂ ਹਉਕਾ ਈ ਨਿਕਲ ਗਿਆ। ਉਸ ਪੈਂਦੀ ਸੱਟੇ ਰਟ ਲਾ ਦਿੱਤੀ ਕਿ ਅਸੀਂ ਏਥੇ ਹੁਣ ਨਹੀਂ ਰਹਿਣਾ ਤੇ ਲੁਧਿਆਣੇ ਚਲੇ ਜਾਣਾ ਹੈ। ਉਹ ਨੰਨ੍ਹੇ ਬੱਚੇ ਨੂੰ ਅਜਿਹੇ ਮਾਹੌਲ ਤੋਂ ਦੂਰ ਰੱਖਣਾ ਚਾਹੁੰਦੀ ਸੀ। ਉਹ ਸ਼ੁਰੂ ਤੋਂ ਹੀ ਬੱਚੇ ਦੇ ਭਵਿੱਖ ਬਾਰੇ ਚਿੰਤਤ ਹੋ ਗਈ ਸੀ। ਮੈਂ ਪਿਤਾ ਜੀ ਤੇ ਮਾਤਾ ਨੂੰ ਇੰਜ ਛੱਡਕੇ ਜਾਣ ਬਾਰੇ ਸੋਚ ਵੀ ਨਹੀਂ ਸਾਂ ਸਕਦਾ। ਉਨ੍ਹੀਂ ਦਿਨੀਂ ਉਂਜ ਵੀ ਪਿਤਾ ਜੀ ਦੀ ਪਿੱਠ ਵਧੇਰੇ ਦਰਦ ਕਰਨ ਲੱਗੀ ਸੀ। ਐਕਸ-ਰੇ ਤੇ ਹੋਰ ਟੈਸਟਾਂ ਪਿੱਛੋਂ ਡਾਕਟਰ ਨੇ ਦਰਦ ਦਾ ਕਾਰਨ ਰੀੜ੍ਹ ਦੀ ਹੱਡੀ ਵਿੱਚ ਪੱਸ ਪੈ ਜਾਣਾ ਦੱਸਿਆ ਸੀ ਜਿਸਦਾ ਇਲਾਜ ਲਗਾਤਾਰ ਦਵਾਈ ਤੇ ਨਿਰੰਤਰ ਆਰਾਮ ਹੀ ਸੀ। ਕੰਮ ਦੀ ਮੱਠੀ ਚਾਲ ਤੇ ਨਵੇਂ ਖਰਚਿਆਂ ਦੀ ਆਮਦ ਕਾਰਨ ਮੇਰੇ ਲਈ ਔਖਿਆਈ ਹੋ ਰਹੀ ਸੀ। ਕੀਰਤੀ ਆਪਣੇ ਮਾਪਿਆਂ ਦੀ ਮਦਦ ਲੈ ਕੇ ਕੰਮ ਸਾਰ ਰਹੀ ਸੀ। ਇਓਂ ਕਰਨਾ ਮੈਨੂੰ ਚੰਗਾ ਨਹੀਂ ਸੀ ਲੱਗਦਾ ਪਰ ਮੈਂ ਵੀ ਮਜਬੂਰ ਸਾਂ।

ਪਿਤਾ ਜੀ ਦੀ ਲਗਾਤਾਰ ਤੇ ਮਹਿੰਗੀ ਦਵਾਈ ਘਰ ਵਿੱਚ ਖਿਝ ਦਾ ਮਾਹੌਲ ਪੈਦਾ ਕਰਨ ਲੱਗੀ ਸੀ। ਉਹ ਲਾਚਾਰ ਤੇ ਦੁਖਿਆਰੀ ਅਵਸਥਾ ਵਿੱਚ ਵਿਹੜੇ ਦੀ ਇਕ ਗੁੱਠੇ ਪਏ ਰਹਿੰਦੇ। ਕੀਰਤੀ ਦੇ ਸੁਭਾਅ ਵਿੱਚ ਵੀ ਪਹਿਲਾਂ ਵਾਲੀ ਸਹਿਜਤਾ ਨਹੀਂ ਸੀ। ਉਹ ਗੱਲ ਗੱਲ ਤੇ ਖਿਝ ਜਾਂਦੀ ਤੇ 'ਮੁਸੀਬਤ ਮੇਰੇ ਭਾ ਦੀ, ਮੇਰੇ ਗਲ਼ ਪਏ ਸਿਆਪੇ, ਵਾਧੂ ਦੇ ਜੰਜਾਲ' ਜਿਹੇ ਜੁਮਲੇ ਵਰਤਣੋ ਗ਼ੁਰੇਜ਼ ਨਾ ਕਰਦੀ। ਮਾਤਾ ਨਾਲ ਉਹਦਾ ਕਲਾਮ ਨਾ ਮਾਤਰ ਸੀ। ਉਹ ਨੋਨੀ ਨੂੰ ਮਾਤਾ ਤੋਂ ਦੂਰ ਰੱਖਦੀ ਤੇ ਸ਼ਿਕਾਇਤ ਕਰਦੀ ਕਿ ਉਹਨਾਂ ਦੇ ਹੱਥਾਂ ਵਿੱਚ ਕਾਕੇ ਦੀ ਸਿਹਤ ਵਿਗੜ ਜਾਏਗੀ। ਮੈਂ ਕਈ ਵਾਰ ਡਾਢੀ ਮੁਸੀਬਤ ਵਿੱਚ ਘਿਰ ਜਾਂਦਾ। ਮੈਂ ਪਿਤਾ ਜੀ ਦੀ ਸੇਵਾ ਕਰਨ ਦਾ ਮਨੋਂ ਇਛੁੱਕ ਸਾਂ ਪਰ ਬਦਲੇ ਹਾਲਾਤ ਮੇਰੇ ਹੱਥ ਰੋਕ ਦਿੰਦੇ। ਮੈਨੂੰ ਉਹ ਦਿਨ ਵੀ ਯਾਦ ਸਨ ਜਦੋਂ ਹਾਈ ਸਕੂਲੇ ਪੜ੍ਹਦਿਆਂ ਮੈਂ ਤਪਦਿਕ ਵਰਗੀ ਨਾਮਰਾਦ ਤੇ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋਇਆ ਸਾਂ ਤੇ ਕਿਵੇਂ ਪਿਤਾ ਜੀ ਮੈਨੂੰ ਸਾਇਕਲ ਤੇ ਬਹਾ ਕਹਿਰ ਦੀਆਂ ਠੰਢਾਂ ਵਿੱਚ ਖੇਸ ਦਾ ਝੁੰਗਲਮਾਟਾ ਮਾਰ ਕਈ ਮੀਲ ਦੂਰ ਡਾਕਟਰ ਕੋਲ ਲਿਜਾਂਦੇ ਹੁੰਦੇ ਸਨ। ਉਹਨਾਂ ਕਈ ਰਾਤਾਂ ਜਾਗਦਿਆਂ ਤੇ ਮੇਰੀ ਟਹਿਲ ਵਿੱਚ ਗੁਜ਼ਾਰੀਆਂ ਤਾਂ ਜਾ ਕੇ ਛਿਆਂ ਮਹੀਨਿਆਂ ਪਿੱਛੋਂ ਮੈਂ ਤੁਰਨ ਫਿਰਨ ਜੋਗਾ ਹੋਇਆ ਸਾਂ। ਮਾਤਾ ਆਖਿਆ, 'ਪੁੱਤ, ਤੂੰ ਆਪਣੇ ਪਿਓ ਦਾ ਦੇਣਾ ਨੀ ਦੇ ਸਕਦਾ, ਤੇਰਾ ਤਾਂ ਜਾਣ ਨਵਾਂ ਜਨਮ ਹੋਇਆ।' ਸੋਚਦਿਆਂ ਮੇਰੇ ਸਿਰ ਨੂੰ ਪੀੜ ਹੋਣ ਲੱਗਦੀ। ਦਿਮਾਗ ਦੀਆਂ ਕੱਸੀਆਂ ਨਾੜਾਂ ਨੂੰ ਢਿੱਲਿਆਂ ਕਰਨ ਲਈ ਗੋਲੀਆਂ

ਖਾ ਕੇ ਸੌਂਦਾ। ਇਸ ਬੋਝਲ ਅਵਸਥਾ ਚੋਂ ਨਿਕਲਣ ਲਈ ਹਮੇਸ਼ਾ ਮੇਰੇ ਲਈ ਸੁਖਦ ਅਹਿਸਾਸ ਦੇਣ ਵਾਲਾ ਮੀਤਾਂ ਦਾ ਚੇਤਾ ਵੀ ਕੋਈ ਅਸਰ ਨਾ ਵਿਖਾਉਂਦਾ। ਪਿਤਾ ਜੀ ਰਟ ਲਾਉਂਦੇ ਕਿ ਮੇਰੀ ਦਵਾਈ ਬੰਦ ਕਰ ਦੇ ਤੇ ਮੈਨੂੰ ਮਰ ਜਾਣ ਦੇ। ਇਸੇ ਦੌਰਾਨ ਦੋ ਹਫ਼ਤਿਆਂ ਲਈ ਮੈਂ ਵੀ ਸ਼ਹਿਰ ਨਾ ਜਾ ਸਕਿਆ ਤੇ ਪਿਤਾ ਜੀ ਦੀ ਦਵਾਈ ਦੇ ਕਈ ਨਾਗੇ ਪੈ ਗਏ। ਮੈਂ ਵੀ ਸੋਚਦਾ, ਹੁਣ ਬਥੇਰਾ ਹੋ ਗਿਆ। ਰੱਬ ਨੂੰ ਚਾਹੀਦਾ ਕਿ ਉਹ ਪਿਤਾ ਜੀ ਨੂੰ ਪਰਦਾ ਦੇ ਦਏ ਤੇ ਸਾਨੂੰ ਵੱਸਣ ਦਏ। ਪਤਾ ਨਹੀਂ ਇਹ ਮੇਰੀ ਦਿਲ ਦੀ ਆਵਾਜ਼ ਸੀ ਜਾਂ ਪਿਤਾ ਜੀ ਦੀ ਵਧੀ ਬੀਮਾਰੀ ਦਾ ਕਾਰਨ ਕਿ ਇਕ ਸਵੇਰ ਉਹ ਆਪਣੇ ਬਿਸਤਰੇ ਵਿੱਚੋਂ ਜਾਗੇ ਈ ਨਾ। ਉਹਨਾਂ ਦਾ ਸਰੀਰ ਸ਼ਾਂਤ ਪਿਆ ਸੀ। ਘਰ ਵਿੱਚ ਸਭ ਨੇ ਚੁੱਪਚਾਪ ਉਹਨਾਂ ਦੇ ਜਾਣ ਨੂੰ ਜਰਿਆ। ਮਾਤਾ ਨੇ ਅੱਖਾਂ ਵਿੱਚ ਹੰਝੂ ਭਰ ਕੇ ਉਹਨਾਂ ਨੂੰ ਤੋਰਿਆ। ਦਸਵੇਂ ਦਿਨ ਭੋਗ ਪਿੱਛੋਂ ਭੈਣਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਤੋਰ ਕੇ ਅਸੀਂ ਜਿਵੇਂ ਸੁਖ ਦਾ ਸਾਹ ਲਿਆ। ਪਿਤਾ ਜੀ ਮੇਰੀ ਸਿਮਰਤੀ ਵਿੱਚ ਇਕ ਯਾਦ ਬਣ ਕੇ ਰਹਿ ਗਏ।

ਸਮੇਂ ਨੇ ਬਾਬਾ ਜਗਨ ਨਾਥ ਜੀ ਦਾ ਜਲੌ ਵੀ ਕੁਝ ਮੱਧਮ ਪਾ ਦਿਤਾ। ਅਫ਼ਵਾਹ ਸੀ ਕਿ ਬਾਬਾ ਜੀ ਦੇ ਪੁੱਤਰ ਦੀਪਕ ਦੀਆਂ ਗਤੀਵਿਧੀਆਂ ਉਹਨਾਂ ਦੀ ਸੋਚ ਮੁਤਾਬਿਕ ਨਹੀਂ ਸਨ ਚਲ ਰਹੀਆਂ। ਉਹ ਡੇਰੇ ਦੀ ਏਧਰ ਉਧਰ ਦਿਤੀ ਜ਼ਮੀਨ ਵੀ ਵਾਪਸ ਲੈਣ ਦੇ ਹੱਕ ਵਿੱਚ ਸੀ ਤੇ ਇਹਦੇ ਲਈ ਜਿਥੇ ਸਰਕਾਰੇ ਦਰਬਾਰੇ ਤੁਰਿਆ ਫਿਰਦਾ ਸੀ ਤੇ ਬਦਨਾਮ ਬੰਦਿਆਂ ਨਾਲ ਗੰਢ ਤਰੁੱਪ ਵੀ ਕਰਦਾ ਪਿਆ ਸੀ। ਉਹ ਸਾਰੀ ਜਾਇਦਾਦ ਵੇਚ ਵੱਟ ਕੇ ਪਿੰਡ ਦੀ ਤੰਗ ਜ਼ਿੰਦਗੀ ਵਿੱਚੋਂ ਨਿਕਲ ਕਿਸੇ ਚੰਗੇ ਸ਼ਹਿਰ ਵੱਡਾ ਕਾਰੋਬਾਰ ਲਾਉਣ ਦੇ ਹੱਕ ਵਿੱਚ ਵੀ ਸੀ। ਲੋਕ ਦੱਸਦੇ ਉਹ ਬਾਬਾ ਜੀ ਨਾਲ ਵੇਲ਼ੇ ਕੁਵੇਲੇ ਬੋਲ ਕੁਬੋਲ ਬੋਲਦਾ ਸੀ ਤੇ ਉਹਨਾਂ ਦੇ ਲੱਖ-ਲੁੱਟ ਤੇ ਭੋਲ਼ੇ ਸੁਭਾਅ ਦੀ ਨੁਕਤਾਚੀਨੀ ਵੀ ਕਰਦਾ ਸੀ। ਉਹ ਉਹਨਾਂ ਦੀ ਹੇਠੀ ਵੀ ਕਰਦਾ ਸੀ। ਬਾਬਾ ਜੀ ਡਾਢੀ ਹਿਰਾਸੀ ਅਵਸਥਾ ਵਿੱਚ ਸਨ। ਸੰਗਤ ਦਾ ਆਉਣਾ ਵੀ ਘੱਟ ਸੀ ਤੇ ਐਤਵਾਰਾਂ ਨੂੰ ਲੱਗਣ ਵਾਲੇ ਪ੍ਰਵਚਨਾਂ ਵਿੱਚ ਵੀ ਉਤਸ਼ਾਹ ਨਹੀਂ ਸੀ।

ਜਿਸ ਰਾਤ ਗੋਲੀਆਂ ਦੀ ਵਾਛੜ ਨਾਲ ਬਾਬਾ ਜਗਨ ਨਾਥ ਜੀ ਦਾ ਕਤਲ ਕਿਸੇ ਅਣਪਛਾਤੇ ਟੋਲੇ ਨੇ ਕੀਤਾ ਉਸ ਦਿਨ ਦਾ ਤਾਂ ਜਿਵੇਂ ਬਾਕੀ ਬਚਦੇ ਪਿੰਡ ਦਾ ਵੀ ਲੱਕ ਟੁੱਟ ਗਿਆ ਸੀ। ਪੁਲਿਸ ਦੀਆਂ ਕਾਰਵਾਈਆਂ, ਪੋਸਟ ਮਾਰਟਮ ਤੇ ਸਸਕਾਰ ਤੱਕ ਸੰਘਣੀ ਚੁੱਪ ਵਰਤੀ ਰਹੀ ਸੀ। ਕਿਸੇ ਕੋਲ ਕਹਿਣ ਬੋਲਣ ਲਈ ਕੁਝ ਵੀ ਨਹੀਂ ਸੀ। ਸਤਾਰ੍ਹਵੀਂ ਤੇ ਉਹਨਾਂ ਦੀ ਅੰਤਮ ਕਿਰਿਆ ਹੋਈ ਤਾਂ ਪ੍ਰਬੰਧਕਾਂ ਜ਼ਿੰਮੇਵਾਰੀ ਦੀ ਪੱਗ ਦੀਪਕ ਸਿਰ ਰੱਖ ਉਹਨੂੰ ਡੇਰੇ ਦਾ ਅਗਲਾ ਜਾਨਸ਼ੀਨ ਥਾਪਿਆ। ਲੋਕ ਜਾਣਦੇ ਸਨ ਕਿ ਉਹਦੇ ਵਿੱਚ ਵੱਡੇ ਬਾਬਿਆਂ ਜਿਹਾ ਕੁਝ ਵੀ ਨਹੀਂ ਸੀ। ਉਹ ਕਾਹਲ਼ਾ ਤੇ ਰੁੱਖਾ ਸੀ। ਲੋਕਾਂ ਨਾਲ ਹਮਦਰਦੀ ਪਿਆਰ ਨਾਲ ਪੇਸ਼ ਨਹੀਂ ਸੀ ਆਉਂਦਾ। ਹਰ ਇਕ ਨੂੰ ਸ਼ੱਕ ਦੀ ਨਜ਼ਰੇ ਵਿਹੰਦਾ ਸੀ। ਡੇਰੇ ਦੇ ਪੱਕੇ ਸੇਵਾਦਾਰਾਂ ਵਿੱਚੋਂ ਕੁਝ ਕਿਰ ਗਏ ਤੇ ਕੁਝ ਬੈਠੇ ਰਹੇ। ਪੁਰਾਣੇ ਪੱਕੇ ਸ਼ਰਧਾਲੂ ਆਉਂਦੇ ਰਹੇ। ਮੱਸਿਆ ਸੰਗਰਾਂਦ ਕੁਝ ਲੋਕ ਇਕੱਠੇ ਹੋ ਜਾਂਦੇ।

ਵੱਡੇ ਹਜ਼ੂਰ ਮਹਾਰਾਜ ਤੋਂ ਬਿਨਾਂ ਇਹ ਡੇਰਾ ਕਿੰਨਾ ਉਦਾਸ ਹੈ, ਇਸਦਾ ਅੰਦਾਜ਼ਾ ਮੈਂ ਹੀ ਲਾ ਸਕਦਾ ਹਾਂ ਕਿਉਂਕਿ ਇਸਦਾ ਇਕ ਲੰਮਾ ਇਤਿਹਾਸ ਮੇਰੇ ਸਾਹਮਣਿਓਂ ਗੁਜ਼ਰਿਆ ਹੈ। ਚਹੁੰ ਕਿੱਲਿਆਂ ਵਿੱਚ ਇਸਦੀ ਵਿਸ਼ਾਲ ਚਾਰ ਦੀਵਾਰੀ ਦਾ ਕੋਈ ਹਿੱਸਾ ਮੇਰੀ ਨਜ਼ਰੇ ਨਹੀਂ ਪੈ ਰਿਹਾ। ਮੈਂ ਅੱਖਾਂ ਸੁਕੇੜ ਕੇ ਵੇਖਣ ਦੀ ਕੋਸ਼ਿਸ਼ ਕਰਦਾ ਹਾਂ। ਰਾਤ ਦਾ ਗੂੜ੍ਹਾ ਹਨੇਰਾ ਤੇ ਆਸੇ ਪਾਸੇ ਉਸਰ ਰਹੀਆਂ ਇਮਾਰਤਾਂ ਆੜੇ ਆ ਰਹੀਆਂ ਨੇ। ਦਰਿਆ ਦੇ ਪਾਣੀ ਨੂੰ ਚੱਟ ਕੇ ਆ ਰਹੀ ਹਵਾ ਕਾਰਨ ਮੇਰੇ ਦੰਦ ਫਿਰ ਵੱਜਣ ਲੱਗੇ ਨੇ ਤੇ ਮੈਂ ਹੱਥ ਕੱਛਾਂ ਵਿੱਚ ਦੇ ਕੇ ਨਿੱਘ ਇਕੱਠਾ ਕਰਨ ਦਾ ਯਤਨ ਕਰਦਾ ਹਾਂ।

ਬਾਉਲੀ ਨਿਰੰਜਨ ਦਾਸ ਉਤੇ ਇਕ ਵਾਰ ਫਿਰ ਹੁਲਾਰਾ ਆਇਆ ਜਦੋਂ ਦਰਿਆ ਉਪਰ ਪੁਲ਼ ਨੂੰ ਮਨਜ਼ੂਰੀ ਮਿਲੀ। ਆਰੇ ਦਾ ਰੁਕਿਆ ਕੰਮ ਕੁਝ ਰਿੜ੍ਹਿਆ। ਇਕ ਵਾਰ ਫਿਰ ਬੰਦ ਪਏ ਖੋਖੇ ਦੁਕਾਨਾਂ ਤੇ ਬੰਦਿਆਂ ਦੀ ਆਮਦ ਵਧੀ। ਯੂ.ਪੀ. ਬਿਹਾਰ ਦੇ ਮਜਦੂਰ ਸਿਰਾਂ ਤੇ ਪੀਲ਼ੇ ਟੋਪ ਪਾਈ ਇਧਰ ਉਧਰ ਭੌਣ ਲੱਗੇ। ਪੜ੍ਹੇ ਲਿਖੇ ਅਪ-ਟੂ-ਡੇਟ ਇੰਜਨੀਅਰ ਨਿਗਰਾਨੀ ਕਰਦੇ। ਰੇਤੇ ਸਰੀਏ ਸੀਮੰਟ ਦੇ ਢੇਰਾਂ ਦੇ ਢੇਰ ਆਉਂਦੇ ਤੇ ਮਸ਼ੀਨਾਂ ਘੋਲ਼ ਘੋਲ਼ ਕੇ ਪਿੱਲਰਾਂ ਵਿੱਚ ਸੁਟਦੀਆਂ ਜਾਂਦੀਆਂ। ਦਿਨ ਰਾਤ ਕੰਮ ਚਲਦਾ ਤੇ ਰੌਣਕ ਬਣੀ ਰਹਿੰਦੀ। ਕਨਸੋਅ ਸੀ ਕਿ ਏਥੋਂ ਚਾਰ ਸੜਕਾਂ ਦਾ ਹਾਈਵੇ ਬਣੇਗਾ ਤੇ ਸਿੱਧਾ ਰਾਜਧਾਨੀ ਨਾਲ ਜੁੜ ਜਾਏਗਾ। ਇਸ ਇਲਾਕੇ ਦੀ ਮਿੱਟੀ ਰਾਤੋ ਰਾਤ ਸੋਨਾ ਹੋ ਜਾਏਗੀ। ਬਾਉਲੀ ਨਿਰੰਜਨ ਦਾਸ ਨਾਂ ਦੇ ਅਗਿਆਤ ਜਿਹੇ ਪਿੰਡ ਦੀ ਥਾਂ ਚੰਡੀਗੜ੍ਹ ਵਰਗਾ ਸ਼ਹਿਰ ਉਸਰ ਜਾਏਗਾ। ਆਸੇ ਪਾਸੇ ਲਹਿਰਾਉਂਦੀਆਂ ਫ਼ਸਲਾਂ ਦਾ ਖ਼ਾਤਮਾ ਹੋ ਜਾਊ ਤੇ ਦੂਰ ਤੱਕ ਫ਼ੈਲੇ ਵਿਸ਼ਾਲ ਜੰਗਲ ਬੇਲੇ ਮੁੱਕ ਜਾਣਗੇ। ਪੱਤਣ ਤੇ ਟੂਰਿਸਟ ਸਪਾਟ ਬਣਾਇਆ ਜਾਏਗਾ ਜਿਥੇ ਦੇਸ਼ ਵਿਦੇਸ਼ ਤੋਂ ਸੈਲਾਨੀ ਆਇਆ ਕਰਨਗੇ। ਸਰਕਾਰ ਕਰੋੜਾਂ ਦੇ ਫੰਡ ਜੁਟਾ ਰਹੀ ਸੀ। ਪ੍ਰਾਈਵੇਟ ਕੰਪਨੀਆਂ ਏਥੇ ਆਲੀਸ਼ਾਨ ਹੋਟਲ ਬਣਾਉਣਗੀਆਂ ਜਿਥੇ ਦੇਸਾਂ

ਪ੍ਰਦੇਸਾਂ ਤੋਂ ਆਈਆਂ ਲੇਡੀ ਵੇਟਰਾਂ ਗਾਹਕਾਂ ਨੂੰ ਸ਼ਰਾਬ ਤੇ ਸ਼ਬਾਬ ਵਰਤਾਇਆ ਕਰਨਗੀਆਂ। ਇਥੇ ਚੰਗੇ ਮੋਟੇ ਪੈਸੇ ਵਾਲੇ ਸਰਮਾਏਦਾਰ ਮਿੱਲਾਂ ਲਗਾਉਣਗੇ ਤੇ ਲੋਕਾਂ ਨੂੰ ਰੁਜ਼ਗਾਰ ਵੀ ਦੇਣਗੇ। ਇਸ ਚੁੰਝ ਚਰਚਾ ਵਿੱਚ ਸਾਰਾ ਇਲਾਕਾ ਸ਼ਾਮਲ ਸੀ ਤੇ ਉਹ ਭਾਂਤ ਸੁਭਾਂਤ ਦੀਆਂ ਕਿਆਸਰਾਈਆਂ ਲਾਉਂਦੇ ਆਉਣ ਵਾਲੇ ਵੇਲੇ ਦੀ ਉਡੀਕ ਕਰਦੇ।

ਦੀਪਕ ਮਹਾਰਾਜ ਜੀ ਵੀ ਉਤਸ਼ਾਹ ਵਿੱਚ ਸਨ। ਉਹ ਡੇਰੇ ਦੇ ਤੀਹ ਏਕੜ ਵਾਲੇ ਨਾਖਾਂ ਅਮਰੂਦਾਂ ਦੇ ਰਕਬੇ ਦੀ ਕਲੋਨੀ ਕੱਟਣ ਦੇ ਆਹਰ ਵਿੱਚ ਸਨ। ਉਹਨਾਂ ਦਿੱਲੀ ਵੱਲੋਂ ਮਾਹਰਾਂ ਨੂੰ ਸੱਦ ਕੇ ਕਲੋਨੀ ਦਾ ਨਕਸ਼ਾ ਬਣਵਾ ਕੇ ਸਰਕਾਰ ਕੋਲੋਂ ਮਨਜ਼ੂਰੀ ਲੈ ਲਈ ਸੀ। ਸੁਣਨ ਵਿੱਚ ਆਇਆ ਕਿ ਉਹ ਡੇਰੇ ਨੂੰ ਵੀ ਨਵੀਂ ਦਿੱਖ ਦੇਣ ਬਾਰੇ ਸੋਚ ਰਹੇ ਸਨ ਤੇ ਪਰਚਾਰ ਦੇ ਨਵੇਂ ਢੰਗ ਤਰੀਕਿਆਂ ਬਾਰੇ ਵੀ ਵਿੱਚਾਰ ਕਰ ਰਹੇ ਸਨ। ਉਹਨਾਂ ਦਾ ਖਿਆਲ ਸੀ ਕਿ ਪੁਰਾਣੇ ਗਰੀਬ ਗੁਰਬੇ ਲੰਗਰ ਖਾਣੇ ਸ਼ਰਧਾਲੂਆਂ ਦੀ ਥਾਂ ਨਵੇਂ ਲੋਕਾਂ ਨਾਲ ਰਾਬਤਾ ਵਧਾਇਆ ਜਾਏ ਤੇ ਨਾਲ ਜੋੜਿਆ ਜਾਏ।

ਚਰਾਂਦ ਵਾਲਾ ਡੇਢ ਕਿੱਲਾ ਪੁਲ਼ ਤੋਂ ਉਤਰਨ ਵਾਲੇ ਹਾਈਵੇਅ ਦੇ ਮੋੜ ਨੂੰ ਸਾਹਮਣਾ ਹੋ ਗਿਆ ਸੀ। ਮੇਰੇ ਆਰੇ ਦੇ ਸ਼ੈੱਡ ਦੀ ਕੀਮਤ ਵੀ ਕਈ ਗੁਣਾਂ ਵਧ ਗਈ ਸੀ। ਦੀਪਕ ਮਹਾਰਾਜ ਖੁਦ ਇਕ ਕਹਿੰਦੇ ਕਹਾਉਂਦੇ ਬਿਲਡਰ ਨੂੰ ਲੈ ਕੇ ਮੇਰੇ ਕੋਲ ਆਏ ਸਨ, ਉਸ ਰਕਬੇ ਨੂੰ ਵਾਪਸ ਲੈਣ ਜਿਥੇ ਬਾਪੂ ਜੀ ਦੀ ਸਮਾਧ ਸੀ ਤੇ ਮੇਰਾ ਆਰਾ, ਕਿਸੇ ਵੀ ਕੀਮਤ 'ਤੇ, ਬੈਗ ਵਿੱਚ ਨੋਟਾਂ ਦੀਆਂ ਥੱਬੀਆਂ ਲਈ। ਉਹਨਾਂ ਪੈਸੇ ਮੇਰੇ ਅੱਗੇ ਇਓਂ ਸੁੱਟੇ ਕਿ ਮੇਰੀ ਅਕਲ ਹੀ ਬਓਂ ਹੋ ਗਈ। ਮੈਂ ਕਿਹਾ, 'ਦੀਪਕ ਮਹਾਰਾਜ, ਤੁਹਾਨੂੰ ਤਾਂ ਪਤਾ ਈ ਐ, ਉਹ ਬਾਪੂ ਜੀ ਦੀ ਯਾਦ ਨਾਲ ਜੁੜੀ ਥਾਂ ਐ। ਵੱਡੇ ਹਜ਼ੂਰ ਮਹਾਰਾਜ ਨੇ ਖ਼ੁਦ ਤਾਮੀਰ ਕਰਾਈ ਸੀ। ਉਨ੍ਹਾਂ ਦੀ ਸ਼ਹਾਦਤ, ਯਾਦਗਾਰ ਵਾਲੀ ਥਾਂ ਕਿਵੇਂ ਵੇਚੀ ਜਾ ਸਕਦੀ ਐ?'

ਦੀਪਕ ਮਹਾਰਾਜ ਮੈਨੂੰ ਉਠਾ ਕੇ ਇਕ ਪਾਸੇ ਲੈ ਗਏ ਤੇ ਬੜੇ ਤੇਹ ਨਾਲ ਸਮਝਾਉਣ ਲੱਗੇ, 'ਉਹ ਤੁਹਾਡੇ ਪਰਿਵਾਰ ਦੀ ਈ ਨਹੀਂ ਸਾਰੇ ਪਿੰਡ ਦੀ ਸਾਂਝੀ ਥਾਂ ਐ, ਵੱਡੇ ਹਜ਼ੂਰ ਮਹਾਰਾਜ ਨੇ ਪਤਾ ਨੀ ਕਿਵੇਂ ਤੁਹਾਡੇ ਨਾਂ ਚੜ੍ਹਾ ਦਿਤੀ?' ਫਿਰ ਉਹਨਾਂ ਦੀ ਆਵਾਜ਼ ਵਿੱਚ ਰੋਸ ਤੇ ਖਿਝ ਸੀ, 'ਪਤਾ ਨਹੀਂ ਕਿਸ ਕਿਸਮ ਦਾ ਅਹਿਮਕਪੁਣਾ ਸੀ ਇਹ ਵੱਡੇ ਮਹਾਰਾਜ ਜੀ ਦਾ।' ਫਿਰ ਉਹਨਾਂ ਸਮਝੌਤੀ ਦੇਣ ਦੇ ਲਹਿਜ਼ੇ ਨਾਲ ਕਿਹਾ, 'ਖੈਰ, ਉਸ ਗੱਲ ਵੱਲ ਆਪਾਂ ਕਾਹਨੂੰ ਜਾਣਾ? ਅੁਹ ਤਾਂ ਜੋ ਹੋਣਾ ਸੀ ਹੋ ਗਿਆ। ਤੂੰ ਇਸ ਭਾਵਕਤਾ ਦਾ ਖਿਆਲ ਛੱਡ, ਪੈਸਿਆਂ ਦੀ ਗੱਲ ਕਰ। ਮੇਰੇ ਨਾਲ ਆਈ ਸਾਮੀ ਤਕੜੀ ਐ। ਤੂੰ ਜ਼ੁਬਾਨ ਖੋਲ੍ਹ ਤੇ ਗੱਲ ਮੁਕਾ।'

'ਮੈਨੂੰ ਇਕ ਦੋ ਚਾਰ ਦਿਨਾਂ ਦੀ ਮੋਹਲਤ ਦਿਓ ਦੀਪਕ ਮਹਾਰਾਜ। ਮੈਂ ਘਰ ਸਲਾਹ ਮਸ਼ਵਰਾ ਕਰ ਲਵਾਂ।' ਮੈਂ ਜਿਵੇਂ ਚਾਰੇ ਪਾਸਿਓਂ ਘਿਰ ਗਿਆ ਸਾਂ ਤੇ ਜੁਆਬ ਵਜੋਂ ਲਫ਼ਜ਼ ਮੁਕ ਗਏ ਸਨ।

'ਕੋਈ ਨੀ। ਇਕ ਦੋ ਦੀ ਥਾਂ ਤਿੰਨ ਚਾਰ ਲੈ ਲਾ। ਸਲਾਹ ਮਸ਼ਵਰੇ ਵਿੱਚ ਕੀ ਹਰਜ ਐ।'

ਅਸੀਂ ਫਿਰ ਵਾਪਸ ਕੁਰਸੀਆਂ ਤੇ ਆ ਬੈਠੇ। ਉਹਨਾਂ ਬੈਗ ਦੀ ਜ਼ਿਪ ਖੋਲ੍ਹ ਕੇ ਨੋਟਾਂ ਦੀਆਂ ਦੱਥੀਆਂ ਕੱਢੀਆਂ ਤੇ ਮੇਰੀ ਪਿੱਠ ਥਪਕਾ ਕੇ ਕਿਹਾ, 'ਤੂੰ ਇਹ ਕੁਝ ਪੈਸੇ ਰੱਖ, ਮੁੰਡੇ ਨੂੰ ਕਾਰ ਸ਼ਾਰ ਕਢਾ ਕੇ ਦੇਹ, ਇਹਨੂੰ ਬਦਲ ਪੁਰਾਣੇ ਘਰ ਨੂੰ, ਐਵੇਂ ਲੱਕੜਾਂ ਚੀਰੀ ਜਾਨਾਂ ਐਨੇ ਸਾਲਾਂ ਤੋਂ, ਬਦਲ ਆਪਣੀ ਜ਼ਿੰਦਗੀ ਦਾ ਤੌਰ ਤਰੀਕਾ।'

ਤੁਰਨ ਲੱਗਿਆਂ ਉਹਨੇ ਨੋਨੀ ਨੂੰ ਪੁੱਛਿਆ, 'ਕਿਹੜੀ ਕਲਾਸ ਚ ਪੜ੍ਹਦੈਂ ਪੁੱਤਰ?'

'ਅੰਕਲ ਦਸਵੀਂ ਚ।'

'ਪੁੱਤਰ! ਹਜ਼ੂਰ ਮਹਾਰਾਜ ਨੇ, ਅੰਕਲ ਨਹੀਂ।' ਮੈਂ ਨੋਨੀ ਨੂੰ ਸਮਝਾਇਆ।

'ਇਹ ਨਵੀਂ ਪੀੜ੍ਹੀ ਐ ਨਿੰਦਰ ਸਿਆਂ, ਸਿਆਣੀ ਐ, ਸਮਝਦਾਰ ਐ।' ਫਿਰ ਨੋਨੀ ਨੂੰ ਕਹਿਣ ਲੱਗੇ, 'ਪਾਪਾ ਨੂੰ ਕਹਿ ਜ਼ਰਾ ਹੁਸ਼ਿਆਰ ਹੋਣ, ਸਟੈਂਡਰਡ ਮੇਨਟੇਨ ਕਰਨ। ਤੂੰ ਵੀ ਵਧੀਆ ਜੀਨ ਸ਼ੀਨ ਪਾਇਆ ਕਰ। ਕਾਰ ਦੀ ਸਿਫ਼ਾਰਸ਼ ਮੈਂ ਕਰ ਦਿਤੀ ਆ। ਐਸ਼ ਲੈ ਪੁੱਤਰ।'

ਨੋਨੀ ਦੇ ਚਿਹਰੇ ਤੇ ਅਜੀਬ ਨਿਖ਼ਾਰ ਆ ਗਿਆ।

ਫਿਰ ਉਹ ਮਾਤਾ ਜੀ ਨੂੰ ਮਿਲਿਆ, 'ਬੇਬੇ ਜੀ ਠੀਕ ਓ ਨਾ? ਲਕਸ਼ਮੀ ਘਰ ਆ ਰਹੀ ਐ, ਇਹਨੂੰ ਸਮਝਾਓ ਸਰਦਾਰ ਨਰਿੰਦਰ ਸਿੰਘ ਨੂੰ, ਛੱਡੇ ਪੁਰਾਣੀਆਂ ਗੱਲਾਂ ਤੇ ਅਗਾਂਹ ਤੁਰੇ।'

'ਹੱਛਾ ਹਜ਼ੂਰ ਮਹਾਰਾਜ, ਤੁਹਾਡਾ ਈ ਐ ਸਭ ਕੁਝ। ਜੋ ਕਰਨੈ ਤੁਸੀਂ ਹੀ ਕਰਨਾ।'

ਕੀਰਤੀ ਦੀਆਂ ਅੱਖਾਂ ਵਿੱਚ ਸੁਪਨਿਆਂ ਨੇ ਝੁਰਮਟ ਪਾਇਆ ਹੋਇਆ ਸੀ। ਦੀਪਕ ਹੋਰਾਂ ਦੀ ਤੇਜ਼ ਤਰਾਰ ਨਜ਼ਰ ਇਸਦੀ ਟੋਹ ਲੈ ਰਹੀ ਸੀ। ਉਹਨਾਂ ਸੁਪਨਿਆਂ ਨੂੰ ਖੇਡਣ ਦਿਤਾ ਤੇ ਹੱਥ ਹਿਲਾ ਕੇ ਵਧਣ ਫੁੱਲਣ ਦੀ ਅਸੀਸ ਦੇ ਕੇ ਆਪਣੇ ਸਾਥੀ ਨਾਲ ਕਾਰ ਵਿੱਚ ਬਹਿ ਕੇ ਚਲੇ ਗਏ।

ਦੋ ਦਿਨ ਘਰ ਵਿੱਚ ਬਹਿਸ ਮੁਬਾਹਸਾ ਚਲਦਾ ਰਿਹਾ। ਮੇਰੇ ਅੰਦਰ ਇਕ ਹੀ ਗੱਲ ਘੁੰਮਦੀ, ਬਾਪੂ ਜੀ ਦੀ ਆਤਮਾ ਕੀ ਕਹੂ? ਉਹਨਾਂ ਦੀ ਸਮਾਧ, ਬੇਸ਼ਕ ਵਧੀਆ ਹਾਲਤ ਵਿੱਚ ਨਹੀਂ ਸੀ, ਪਰ ਥਾਂ ਤਾਂ ਕਾਇਮ ਸੀ। ਸੋਚਿਆ ਕਿ ਸਮਾਧ ਵਾਲਾ ਦਸ ਕੁ ਮਰਲੇ ਥਾਂ ਰੱਖ ਕੇ ਬਾਕੀ ਆਰੇ ਸਮੇਤ ਥਾਂ ਛੱਡ ਦਿੰਦੇ ਆਂ। ਮਾਤਾ ਵੀ ਇਵੇਂ ਸਹਿਮਤ ਸੀ। ਕੀਰਤੀ ਵਿੱਚ ਵਿੱਚਾਲੇ ਸੀ ਪਰ ਨੋਨੀ ਦੰਦ ਕਰੀਚ ਰਿਹਾ ਸੀ, 'ਕੀ ਡੈਡੀ ਤੁਸੀਂ ਅਨਪੜ੍ਹਾਂ ਵਾਲੀਆਂ ਗੱਲਾਂ ਕਰਦੇ ਓ, ਕੀ ਪਿਆ ਹੈ ਇਸ ਗੱਲ ਵਿੱਚ, ਆਚਾਰ ਪਾਵਾਂਗੇ ਬਾਪੂ ਜੀ ਦੀ ਸਮਾਧ ਦਾ? ਕੀ ਕਰਾਂਗੇ ਉਹਦਾ?

'ਉਹ ਸਾਡੀ ਪਛਾਣ ਹੈ ਪੁੱਤਰ, ਸਾਡੀ ਜੜ੍ਹ, ਸਾਡਾ ਪਿਛੋਕੜ। ਇਓਂ ਨਾ ਕਹਿ। ਪੈਸਾ ਸਭ ਕੁਝ ਨੀ ਹੁੰਦਾ। ਹੋਰ ਵੀ ਬੜਾ ਕੁਝ ਹੁੰਦਾ ਜਿਹੜਾ ਜ਼ਰੂਰੀ ਹੁੰਦਾ ਜ਼ਿੰਦਗੀ ਲਈ।'

'ਬਾਹਰ ਨਿਕਲੋ ਹੁਣ ਇਸ ਚੋਂ।' ਕੀਰਤੀ ਬੋਲੀ, 'ਮੈਂ ਤਾਂ ਕਹਿੰਨੀ ਆਂ ਇਸ ਪਿੰਡ ਚੋਂ ਵੀ ਨਿਕਲੋ। ਬਾਪੂ ਜੀ ਦੀ ਤਸਵੀਰ ਲੱਗੀ ਹੈ ਕਮਰੇ ਵਿੱਚ, ਉਹ ਤਾਂ ਅਸੀਂ ਰੋਜ਼ ਸਾਫ਼ ਕਰ ਨਹੀਂ ਸਕਦੇ, ਫਿਰ ਸਮਾਧ ਨੂੰ ਸਾਂਭਣ ਦੀ ਕਾਹਦੀ ਜ਼ਿਦ?'

ਨੋਨੀ ਕਹਿਣ ਲੱਗਾ, 'ਪਾਪਾ ਤੁਸੀਂ ਅੰਕਲ, ਮੇਰਾ ਮਤਲਬ, ਹਜ਼ੂਰ ਮਹਾਰਾਜ ਨਾਲ ਆਢਾ ਤਾਂ ਲਾ ਨਹੀਂ ਸਕਦੇ, ਫਿਰ ਉਹਨਾਂ ਦੇ ਫੈਸਲੇ ਨੂੰ ਟਾਲ ਸਕਦੇ ਓ?'

'ਹੁਣ ਤਾਂ ਉਹ ਢੇਰ ਲਾ ਰਹੇ ਨੇ ਪੈਸਿਆਂ ਦਾ। ਜੇ ਉਈਂ ਲੈ ਜਾਣ ਤਾਂ ਫੇਰ?' ਕੀਰਤੀ ਬੋਲੀ।

ਮਾਤਾ ਜੀ ਚੁੱਪ ਸਨ, ਨਾ ਏਧਰ ਨਾ ਓਧਰ।

ਤੀਜੇ ਦਿਨ ਦੀਪਕ ਮਹਾਰਾਜ ਓਸੇ ਬਿਲਡਰ ਨਾਲ ਮੇਰੇ ਘਰ ਬੈਠੇ ਸਨ। ਕੀਰਤੀ ਦੀ ਬਣਾਈ ਚਾਹ ਦੇ ਘੁੱਟ ਭਰਦਿਆਂ ਗੱਲਾਂ ਕਰਦਿਆਂ ਦੀਪਕ ਹੋਰਾਂ ਨੇ ਬਿਆਨੇ ਦਾ ਚੈੱਕ ਮੇਰੇ ਬੋਝੇ ਵਿੱਚ ਤੁੰਨਿਆ ਤੇ ਇਕਰਾਰਨਾਮੇ ਤੇ ਮੇਰੇ ਦਸਤਖ਼ਤ ਲੈ ਕਾਰ ਵਿੱਚ ਰਵਾਨਾ ਹੋ ਗਏ। ਅੱਧੇ ਘੰਟੇ ਦੇ ਵਕਫ਼ੇ ਮਗਰੋਂ ਬੁਲਡੋਜ਼ਰ ਨੇ ਮੇਰੇ ਆਰੇ ਦੇ ਸ਼ੈੱਡ ਸਮੇਤ ਬਾਪੂ ਜੀ ਦੀ ਸਮਾਧ ਨੂੰ ਜ਼ਮੀਨ ਦੇ ਬਰਾਬਰ ਕਰ ਦਿਤਾ।

ਕਬਾੜੀਏ ਗਾਰਡਰ, ਆਰਾ ਮਸ਼ੀਨ, ਔਜ਼ਾਰ, ਸਾਬਤ ਇੱਟਾਂ ਤੇ ਹੋਰ ਨਿਕ ਸੁਕ ਟਰਾਲੀ ਵਿੱਚ ਸੁੱਟ ਚਲਦੇ ਬਣੇ। ਇੰਜੀਨੀਅਰ ਪਹਿਲਾਂ ਹੀ ਬਣਾਏ ਨਕਸ਼ੇ ਖੋਲ੍ਹ ਕੇ ਬਹਿ ਗਏ ਤੇ ਨਵੀਂ ਉਸਾਰੀ ਦੀਆਂ ਹਦਾਇਤਾਂ ਦੇਣ ਲੱਗੇ। ਮੇਰੀ ਹਿੰਮਤ ਹੀ ਨਾ ਪਈ ਉਧਰ ਗੇੜਾ ਵੀ ਮਾਰ ਸਕਾਂ।

ਚੁਬਾਰੇ ਦੀ ਛੱਤ ਤੇ ਖਲੋਤਾ ਮੈਂ ਪੱਛਮ ਦਿਸ਼ਾ ਵੱਲ ਖਿਸਕਦੀਆਂ ਖਿਤੀਆਂ ਨੂੰ ਵੇਖ ਰਿਹਾ ਹਾਂ। ਸਰਦ ਸੀਤ ਹਵਾ ਮੇਰੇ ਜੁੱਸੇ ਨੂੰ ਚੀਰਦੀ ਜਾ ਰਹੀ ਹੈ ਪਰ ਕਨਪਟੀਆਂ ਚੋਂ ਸੇਕ ਨਿਕਲ ਰਿਹਾ ਏ। ਸਰਘੀ ਦਾ ਤਾਰਾ ਹਾਲੇ ਨਹੀਂ ਚੜ੍ਹਿਆ। ਟਾਈਗਰ ਹੁਣ ਚੁੱਪ ਹੈ, ਸ਼ਾਇਦ ਸੌਂ ਗਿਆ ਜਾਂ ਥੱਕ ਗਿਆ ਹੈ। ਅਚਾਨਕ ਅਸਮਾਨ ਚੋਂ ਇਕ ਤਿੱਖੀ ਚਮਕਦੀ ਲਕੀਰ ਨਿਕਲ ਕੇ ਦੂਜੇ ਪਾਸੇ ਜਾ ਅਲੋਪ ਹੁੰਦੀ ਏ, ਪਲ ਦੀ ਪਲ ਚਾਨਣ ਹੁੰਦਾ ਏ ਤੇ ਉਸੇ ਵੇਲੇ ਮੈਂ ਫਿਰ ਘੁੱਪ ਹਨੇਰੇ ਵਿੱਚ ਘਿਰ ਜਾਂਦਾ ਹਾਂ।

***

**ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 4**

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਚੌਥੀ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ – ਸੰਪਾਦਕ)

**10**

ਦੁਪਹਿਰ ਵੇਲੇ ਤਕੀਏ ਵਿੱਚ ਹਰ ਆਦਮੀ ਚਮ੍ਹਾਰਲੀ ਵਲ ਉਤਸੁਕਤਾ ਨਾਲ ਦੇਖ ਰਿਹਾ ਸੀ। ਤਾਸ਼ ਅਤੇ ਬਾਰਾਂ-ਟਹਿਣੀ ਬੰਦ ਪਈਆਂ ਸਨ। ਗਪਸ਼ੱਪ ਵੀ ਠੰਡੀ ਸੀ। ਪਰ ਜਦੋਂ ਉਹਨਾਂ ਨੂੰ ਚੋਅ ਵਿੱਚ ਕਾਲੀ ਨਜ਼ਰ ਆਇਆ ਤਾਂ ਉੱਥੇ ਇਕਦਮ ਹਲਚਲ ਜਿਹੀ ਮਚ ਗਈ। ਲੰਮੇ ਪਏ ਲੋਕ ਉੱਠ ਕੇ ਬੈਠ ਗਏ। ਬੈਠੇ ਹੋਏ ਲੋਕ ਉੱਠ ਕੇ ਖੜ੍ਹੇ ਹੋ ਗਏ। ਕਾਲੀ ਤਕੀਏ ਵਿੱਚ ਦਾਖਲ ਹੋਇਆ ਤਾਂ ਇਕ ਵਾਰ ਕਈ ਅਵਾਜ਼ਾਂ ਆਈਆਂ:

"ਕਾਲੀ ਏਧਰ ਆ ਜਾ। ਏਥੇ ਬਹੁਤ ਸੰਘਣੀ ਛਾਂ ਹੈ।"

ਜੀਤੂ ਦੌੜ ਕੇ ਕਾਲੀ ਦੇ ਨਾਲ ਲਿਪਟ ਗਿਆ ਅਤੇ ਉਹਨੂੰ ਚੁੱਕ ਕੇ ਆਪਣੀ ਮੰਜੀ ਤੇ ਬਿਠਾ ਦਿੱਤਾ। ਉਹ ਹਫਦਾ ਹੋਇਆ ਬੋਲਿਆ:

"ਬਾਬੂ ਜੀ, ਅੱਜ ਤੂੰ ਮੇਰੇ ਮਨ ਦੀ ਮੁਰਾਦ ਪੂਰੀ ਕੀਤੀ ਹੈ। ਸਾਲੇ ਨੂੰ ਅਜਿਹਾ ਕੁੱਟਿਆ ਕਿ ਉਮਰ ਭਰ ਯਾਦ ਰੱਖੂਗਾ। ਬੜਾ ਫੰਨੇ ਖਾਂਹ ਬਣਿਆ ਫਿਰਦਾ ਸੀ।"

ਕਾਲੀ ਹੈਰਾਨੀ ਨਾਲ ਜੀਤੂ ਵਲ ਦੇਖਣ ਲੱਗਾ ਕਿ ਏਥੇ ਕਿੱਦਾਂ ਖਬਰ ਪਹੁੰਚ ਗਈ। ਉਹ ਹੈਰਾਨ ਹੋ ਕੇ ਬੋਲਿਆ:

"ਕਿਹਦੀ ਗੱਲ ਕਰ ਰਿਹਾਂ?"

"ਉਸ ਰਾਣੀ ਖਾਂ ਦੇ ਸਾਲੇ ਦੀ ਜੋ ਚਮ੍ਹਾਰਲੀ ਦਾ ਚੌਧਰੀ ਬਣਿਆ ਫਿਰਦਾ ਹੈ।" ਬੰਤੂ ਨੇ ਕਿਹਾ।

"ਮੈਂ ਤਾਂ ਕਿਸੇ ਨੂੰ ਨਹੀਂ ਕੁੱਟਿਆ।" ਕਾਲੀ ਨੇ ਭਾਵਹੀਨ ਅਵਾਜ਼ ਵਿੱਚ ਕਿਹਾ। ਸਾਰੇ ਖਿੜਖਿੜਾ ਕੇ ਹੱਸਣ ਲੱਗੇ ਜਿਵੇਂ ਕਾਲੀ ਦਾ ਮਜ਼ਾਕ ਉਡਾ ਰਹੇ ਹੋਣ।

ਸਾਰੇ ਲੋਕ ਉਸ ਦੇ ਦੁਆਲੇ ਇਕੱਠੇ ਹੋ ਗਏ ਤਾਂ ਕਾਲੀ ਨੇ ਚਾਰੀਂ ਤਰਫ ਨਜ਼ਰ ਦੌੜਾਈ। ਬੋਹੜ ਦੇ ਹੇਠਾਂ ਇਕ ਪਾਸੇ ਦੀਨਾ ਆਪਣੀ ਪੱਗ ਵਿਛਾ ਕੇ ਲੰਮਾ ਪਿਆ ਸੀ। ਕਾਲੀ ਨੇ ਉਹਨੂੰ ਅਵਾਜ਼ ਮਾਰੀ ਤਾਂ ਉਹ ਰੇਤਲੀ ਜ਼ਮੀਨ ਨਾਲ ਇਸ ਤਰ੍ਹਾਂ ਚੁੰਬੜ ਗਿਆ ਜਿਵੇਂ ਗੂਹੜੀ ਨੀਂਦ ਵਿੱਚ ਹੋਵੇ। ਕਾਲੀ ਨੇ ਉਹਨੂੰ ਦੁਬਾਰਾ ਅਵਾਜ਼ ਮਾਰੀ ਤਾਂ ਉਹ ਅੱਖਾਂ ਮਲਦਾ ਹੋਇਆ ਉੱਠਿਆ ਅਤੇ ਉਹਦੇ ਕੋਲ ਆ ਕੇ ਸਹਿਮੀ ਅਵਾਜ਼ ਵਿੱਚ ਬੋਲਿਆ:

"ਮੈਂ ਕਿਸੇ ਨੂੰ ਨਹੀਂ ਦੱਸਿਆ ਕਿ ਤੂੰ ਮੰਗੂ ਨੂੰ ਕੁੱਟਿਆ ਹੈ। ਜਿਹਦੀ ਮਰਜ਼ੀ ਸਹੁੰ ਖਲਾ ਦੇ।"

"ਪਰਜਾਪਤਾ, ਡਰਦਾ ਕਿਉਂ ਆਂ? ਤੂੰ ਕਿਸੇ ਦੀ ਚੁਗਲੀ ਨਹੀਂ ਕੀਤੀ, ਨਿੰਦਿਆ ਨਹੀਂ ਕੀਤੀ।" ਜੀਤੂ ਨੇ ਦੀਨੇ ਨੂੰ ਹੌਂਸਲਾ ਦਿੰਦੇ ਹੋਏ ਕਿਹਾ। ਦੀਨਾ ਘੁਮਾਰ, ਕਾਲੀ ਦੇ ਤੱਕੜੇ ਸਰੀਰ ਨੂੰ ਦੇਖਕੇ ਹੋਰ ਵੀ ਸਹਿਮ ਗਿਆ ਅਤੇ ਫਿਰ ਜੀਤੂ ਵਲ ਇਸ਼ਾਰਾ ਕਰਦਾ ਹੋਇਆ ਬੋਲਿਆ:

"ਮੈਂ ਤਾਂ ਕੁਛ ਵੀ ਨਹੀਂ ਦਸ ਰਿਹਾ ਸੀ। ਇਹ ਹੀ ਘਰੋੜ ਘਰੋੜ ਕੇ ਪੁੱਛ ਰਿਹਾ ਸੀ।"

ਦੀਨੇ ਦੀ ਗੱਲ 'ਤੇ ਸਾਰੇ ਹੱਸਣ ਲੱਗੇ। ਜੀਤੂ ਕਾਲੀ ਨੂੰ ਬਾਂਹ ਤੋਂ ਫੜਦਾ ਹੋਇਆ ਬੋਲਿਆ:

"ਬਾਬੂ ਜੀ, ਇਹ ਦੱਸੋ ਕਿ ਲੜਾਈ ਸ਼ੁਰੂ ਕਿਸ ਤਰ੍ਹਾਂ ਹੋਈ ਸੀ।"

"ਮੰਗੂ ਦੀ ਤਾਂ ਕਿਸੇ ਵੀ ਗੱਲ 'ਤੇ ਲੜਾਈ ਸ਼ੁਰੂ ਹੋ ਸਕਦੀ ਹੈ।" ਬੰਤੂ ਨੇ ਜੁਆਬ ਦਿੱਤਾ।

"ਯਾਰੋ ਚੁੱਪ ਰਹੋ, ਕਾਲੀ ਦੇ ਮੂੰਹੋਂ ਪੂਰੀ ਕਹਾਣੀ ਸੁਣਾਂਗੇ।" ਸੰਤੂ ਨੇ ਹੱਥ ਨਾਲ ਸਾਰਿਆਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਕਾਲੀ ਚੁੱਪ ਰਿਹਾ ਤਾਂ ਬੰਤੂ ਰੋਣ ਦੀ ਬਨਾਉਟੀ ਅਵਾਜ਼ ਕੱਢਦਾ ਹੋਇਆ ਬੋਲਿਆ:

"ਨਿੱਕੂ, ਮੰਗੂ ਨੂੰ ਕੁੱਟ ਪਈ ਆ। ਜਾ ਕੇ ਉਹਨੂੰ ਚੁੱਕ ਲਿਆ। ਸ਼ਾਇਦ ਅਜੇ ਤੱਕ ਛੱਪੜ ਵਿੱਚ ਹੀ ਪਿਆ ਹੋਊਗਾ।"

ਨਿੱਕੂ ਨੂੰ ਚੁੱਪ ਦੇਖ ਕੇ ਬੰਤੂ ਉਹਨੂੰ ਕੁਛ ਹੋਰ ਕਹਿਣ ਹੀ ਵਾਲਾ ਸੀ ਕਿ ਜੀਤੂ ਨੇ ਉਹਨੂੰ ਰੋਕ ਦਿੱਤਾ।

"ਠਹਿਰ ਯਾਰ, ਬਾਬੂ ਜੀ ਤੋਂ ਪੂਰੀ ਗੱਲ ਤਾਂ ਸੁਣ ਲੈਣ ਦਿਉ।।।। ਬਾਬੂ ਜੀ, ਦੱਸੋ ਨਾ, ਲੜਾਈ ਕਿੱਦਾਂ ਸ਼ੁਰੂ ਹੋਈ ਸੀ।"

"ਕੋਈ ਖਾਸ ਲੜਾਈ ਨਹੀਂ ਹੋਈ।।।"।

ਕਾਲੀ ਨੇ ਇਹ ਸ਼ਬਦ ਏਨੀ ਗੰਭੀਰਤਾ ਨਾਲ ਕਹੇ ਕਿ ਸਭ ਚੁੱਪ ਹੋ ਗਏ। ਕਾਲੀ ਨੂੰ ਇਸ ਗੱਲ 'ਤੇ ਹੈਰਾਨੀ ਸੀ ਕਿ ਹੁਣ ਜੀਤੂ, ਬੰਤੂ, ਸੰਤੂ ਵਗੈਰਾ ਸ਼ੇਰ ਬਣੇ ਹੋਏ ਹਨ, ਪਰ ਜਦੋਂ ਮੰਗੂ ਏਥੇ ਹੁੰਦਾ ਤਾਂ ਸਾਰੇ ਇਸ ਤਰ੍ਹਾਂ ਚੁੱਪ ਹੋ ਜਾਂਦੇ ਹਨ ਜਿਵੇਂ ਇਹਨਾਂ ਨੂੰ ਸੱਪ ਸੁੰਘ ਗਿਆ ਹੋਵੇ।

ਕੁਝ ਚਿਰ ਲਈ ਸਾਰੇ ਚੁੱਪ ਹੋ ਗਏ। ਕਾਲੀ ਦੀ ਗੰਭੀਰ ਅਵਾਜ਼ ਨੇ ਉਹਨਾਂ ਦੀ ਖੁਸ਼ੀ ਨੂੰ ਕਾਫੂਰ ਕਰ ਦਿੱਤਾ। ਕਾਲੀ ਨੂੰ ਉਹਨਾਂ ਦੇ ਮੁਰਝਾਏ ਚਿਹਰੇ ਦੇਖ ਕੇ ਹਾਸਾ ਆ ਗਿਆ ਅਤੇ ਉਹ ਜੀਤੂ ਦੇ ਪੱਟ 'ਤੇ ਹੱਥ ਮਾਰਦਾ ਹੋਇਆ ਬੋਲਿਆ:

"ਅੱਜ ਤੇਰੇ ਪਹਿਲਵਾਨ ਦੀਆਂ ਸਾਰੀਆਂ ਖਰਮਸਤੀਆਂ ਝਾੜ ਦਿੱਤੀਆਂ" ਉਹ ਮੰਗੂ ਦੇ ਨਾਲ ਆਪਣੀ ਲੜਾਈ ਦੀ ਕਹਾਣੀ ਸੁਣਾਉਣ ਲੱਗਾ ਤਾਂ ਸਾਰਿਆਂ ਦੇ ਚਿਹਰੇ ਇਕ ਵਾਰ ਫਿਰ ਦਮਕਨ ਲੱਗੇ। ਕਾਲੀ ਨੇ ਉਹਨਾਂ ਨੂੰ ਦੱਸਿਆ ਕਿ ਉਹਨੇ ਮੰਗੂ ਨੂੰ ਚਿੱਤ ਕਰ ਕੇ ਉਹਦੀ ਛਾਤੀ 'ਤੇ ਪੈਰ ਰੱਖ ਕੇ ਕਿਹਾ ਕਿ ਜੇ ਉਹ ਆਦਮੀ ਦੀ ਔਲਾਦ ਹੈ ਤਾਂ ਅੱਜ ਤੋਂ ਬਾਅਦ ਕਿਸੇ 'ਤੇ ਹੱਥ ਨਹੀਂ ਚੁੱਕੇਗਾ। ਕਾਲੀ ਜੇ ਲੜਾਈ ਦਾ ਕੋਈ ਵੇਰਵਾ ਭੁੱਲ ਜਾਂਦਾ ਤਾਂ ਦੀਨਾ ਉਸ ਨੂੰ ਵਿੱਚ ਜੋੜ ਦਿੰਦਾ।

ਗੱਲਾਂ ਗੱਲਾਂ ਵਿੱਚ ਦਿਨ ਢਲ ਗਿਆ ਤਾਂ ਲੋਕ ਘੜੀ ਭਰ ਆਰਾਮ ਕਰਨ ਲਈ ਲੰਮੇ ਪੈ ਗਏ। ਕਾਲੀ ਵੀ ਅੱਧਸੁੱਤਾ ਜਿਹਾ ਸੀ ਜਦੋਂ ਚੌਂਕੀਦਾਰ ਨੇ ਰੁੱਸੇ ਹੋਏ ਬੱਚੇ ਦੀ ਤਰ੍ਹਾਂ ਸਾਰਿਆਂ ਤੋਂ ਅਲੱਗ ਪਏ ਨਿੱਕੂ ਨੂੰ ਪੁੱਛਿਆ:

"ਕਾਲੀ ਹੈਗਾ ਇੱਥੇ?"

ਕਾਲੀ ਨੇ ਆਪਣਾ ਨਾਂ ਸੁਣਿਆ ਤਾਂ ਹੈਰਾਨੀ ਵਿੱਚ ਅੱਖਾਂ ਖੋਲ੍ਹ ਦਿੱਤੀਆਂ।

"ਕਿਉਂ ਕੀ ਗੱਲ ਹੈ?" ਨਿੱਕੂ ਮੰਜੀ ਤੋਂ ਉੱਠਦਾ ਹੋਇਆ ਬੋਲਿਆ।

"ਚੌਧਰੀ ਜੀ ਨੇ ਉਹਨੂੰ ਦੀਵਾਨਖਾਨੇ ਸੱਦਿਆ ਹੈ।"

"ਉਹ ਸਾਹਮਣੇ ਕਬੂਤਰ ਦੀ ਤਰ੍ਹਾਂ ਅੱਖਾਂ ਬੰਦ ਕਰਕੇ ਪਿਆ ਹੋਇਆ। ਜਾ ਕੇ ਜਗਾ ਲੈ।" ਨਿੱਕੂ ਨੇ ਕਾਲੀ ਦੇ ਮੰਜੇ ਵਲ ਇਸ਼ਾਰਾ ਕਰਦਿਆਂ ਕਿਹਾ।

ਦਾਸੂ ਨੂੰ ਦੇਖ ਕੇ ਸਭ ਲੋਕ ਉੱਠ ਪਏ ਅਤੇ ਅੱਖਾਂ ਹੀ ਅੱਖਾਂ ਵਿੱਚ ਇਸ਼ਾਰੇ ਕਰਦੇ ਹੋਏ ਇਕ ਦੂਸਰੇ ਤੋਂ ਪੁੱਛਣ ਲੱਗੇ ਕਿ ਉਹ ਕੀ ਕਹਿ ਰਿਹਾ ਹੈ। ਕਾਲੀ ਮੰਜੀ ਤੋਂ ਉੱਠਦਾ ਹੋਇਆ ਬੋਲਿਆ:

"ਦਾਸੂ, ਕੀ ਗੱਲ ਹੈ?"

"ਚੌਧਰੀ ਨੇ ਤੈਨੂੰ ਦੀਵਾਨਖਾਨੇ ਸੱਦਿਆ।"

ਦਾਸੂ ਦੀ ਗੱਲ ਸੁਣ ਕੇ ਦੀਨੇ ਘੁਮਾਰ ਦਾ ਖੂਨ ਖੁਸ਼ਕ ਹੋ ਗਿਆ ਅਤੇ ਉਹ ਖਿਸਕਦਾ ਖਿਸਕਦਾ ਸਰਕੰਡਿਆਂ ਦੇ ਪਿੱਛੇ ਚਲਾ ਗਿਆ ਤਾਂ ਕਿ ਦਾਸੂ ਦੀਆਂ ਨਜ਼ਰਾਂ ਤੋਂ ਓਹਲੇ ਹੋ ਜਾਵੇ। ਕਾਲੀ ਨੇ ਦੀਨੇ ਦੀ ਭਾਲ ਵਿੱਚ ਚਾਰੀਂ ਪਾਸੀਂ ਦੇਖਿਆ ਅਤੇ ਉਹਨੂੰ ਕਿਤੇ ਨਾ ਦੇਖ ਕੇ ਮੁਸਕਰਾਉਂਦਾ ਹੋਇਆ ਉੱਚੀ ਅਵਾਜ਼ ਵਿੱਚ ਬੋਲਿਆ:

"ਪਰਜਾਪਤਾ, ਗਧੇ ਲੈ ਕੇ ਛੱਪੜ 'ਤੇ ਪਹੁੰਚ ਜਾਈਂ, ਮੈਂ ਚੌਧਰੀ ਜੀ ਦੀ ਹਵੇਲੀ ਤੋਂ ਸਿੱਧਾ ਉੱਥੇ ਆ ਜਾਵਾਂਗਾ।"

ਕਾਲੀ ਨੂੰ ਚੌਧਰੀ ਦੀ ਹਵੇਲੀ ਵਿੱਚੋਂ ਸੱਦਾ ਆਉਣ 'ਤੇ ਸਾਰੇ ਸਹਿਮ ਗਏ। ਜੀਤੂ ਨੇ ਦਾਸੂ ਨੂੰ ਇਕ ਪਾਸੇ ਲਿਜਾ ਕੇ ਧੀਮੀ ਅਵਾਜ਼ ਵਿੱਚ ਪੁੱਛਿਆ:

"ਚੌਧਰੀ ਨੇ ਕਾਲੀ ਨੂੰ ਕਿਉਂ ਸੱਦਿਆ?"

ਪਹਿਲਾਂ ਤਾਂ ਦਾਸੂ ਚੁੱਪ ਰਿਹਾ ਪਰ ਜੀਤੂ ਦੇ ਵਾਰ ਵਾਰ ਪੁੱਛਣ 'ਤੇ ਉਹ ਏਧਰ ਉਧਰ ਦੇਖ ਕੇ ਭੇਦਭਰੀ ਅਵਾਜ਼ ਵਿੱਚ ਬੋਲਿਆ:

"ਅੱਜ ਮੈਂ ਸਵੇਰ ਤੋਂ ਹੀ ਦੀਵਾਨਖਾਨੇ ਵਿੱਚ ਸੀ। ਇਸ ਤਰ੍ਹਾਂ ਲੱਗਦਾ ਹੈ ਕਿ ਕਾਲੀ ਨੇ ਮੰਗੂ ਦੀ ਚੰਗੀ ਮੁਰੰਮਤ ਕੀਤੀ ਹੈ। ਸਾਲੇ ਨੂੰ ਜਾਨ ਤੋਂ ਮਾਰ ਦਿੰਦਾ ਤਾਂ ਚੰਗਾ ਸੀ। ਸਾਰੀ ਦੁਪਹਿਰ ਚੌਧਰੀ ਦੇ ਤਲਬੇ ਸਹਿਲਾਉਂਦਾ ਹੋਇਆ ਵਿਰਲਾਪ ਕਰਦਾ ਰਿਹਾ। ਇਕ ਦੋ ਵਾਰ ਤਾਂ ਦਹਾੜ ਮਾਰ ਕੇ ਰੋਇਆ ਵੀ। ਇਹ ਤਾਂ ਮੈਨੂੰ ਪਤਾ ਨਹੀਂ ਉਸ ਨੇ ਚੌਧਰੀ ਨੂੰ ਕੀ ਕਿਹਾ ਹੈ, ਪਰ ਉਹ ਸੀ ਗੁੱਸੇ ਵਿੱਚ।"

ਜੀਤੂ ਨੇ ਅੱਖਾਂ ਹੀ ਅੱਖਾਂ ਵਿੱਚ ਬੰਤੂ ਨੂੰ ਸਾਰੀ ਗੱਲ ਸਮਝਾ ਦਿੱਤੀ। ਕਾਲੀ ਵੀ ਤਾੜ ਗਿਆ ਕਿ ਉਹਨੂੰ ਮੰਗੂ ਨਾਲ ਹੋਈ ਲੜਾਈ ਕਰਕੇ ਸੱਦਿਆ ਗਿਆ ਹੈ। ਉਹ ਦੀਨੇ ਨੂੰ ਛੱਪੜ 'ਤੇ ਭੇਜਣ ਲਈ ਜੀਤੂ ਨੂੰ ਤਾਗੀਦ ਕਰਕੇ ਦਾਸੂ ਦੇ ਨਾਲ ਤੁਰ ਪਿਆ। ਜਦੋਂ ਕਾਲੀ ਅਤੇ ਦਾਸੂ ਕੁਝ ਦੂਰ ਚਲੇ ਗਏ ਤਾਂ ਨਿੱਕੂ ਜੀਤੂ ਅਤੇ ਬੰਤੂ ਦਾ ਮੂੰਹ ਚਿੜਾਉਂਦਾ ਹੋਇਆ ਬੋਲਿਆ:

"ਕਿਉਂ? ਕੀ ਮਾਂ ਮਰ ਗਈ ਹੈ ਜੋ ਇਸ ਤਰ੍ਹਾਂ ਚੁੱਪ ਬੈਠੇ ਆਂ?"

ਫਿਰ ਉਹ ਆਪਣੀ ਛਾਤੀ ਥਪਥਪਾਉਂਦਾ ਹੋਇਆ ਬੋਲਿਆ:

"ਮੰਗੂ ਨੂੰ ਛੇੜਨਾ ਬਲਦ ਦੇ ਸਿੰਗਾਂ 'ਤੇ ਬੈਠਣ ਦੇ ਬਰਾਬਰ ਹੈ। ਹੁਣ ਖੈਰ ਮਨਾਉ ਕਿ ਕਾਲੀ ਥਾਣੇ ਤੋਂ ਉਰੇ ਹੀ ਬਚ ਕੇ ਆ ਜਾਵੇ।"

ਜੀਤੂ ਅਤੇ ਬੰਤੂ ਜਦੋਂ ਚੁੱਪ ਰਹੇ ਤਾਂ ਨਿੱਕੂ ਉਹਨਾਂ ਦੇ ਮੂੰਹਾਂ ਵਲ ਆਪਣਾ ਚੱਪਾ ਵਧਾਉਂਦਾ ਹੋਇਆ ਕਹਿਣ ਲੱਗਾ:

"ਹੁਣ ਇੱਥੇ ਕਿਉਂ ਬੈਠਾਂ? ਜਾਹ, ਜਾ ਕੇ ਆਪਣੇ ਬਾਬੂ ਨੂੰ ਛੁਡਾ ਲਿਆ?"

ਨਿੱਕੂ ਦੀਆਂ ਗੱਲਾਂ ਸੁਣ ਕੇ ਜੀਤੂ ਖਿੱਝ ਗਿਆ ਅਤੇ ਉਹਦੇ ਵਲ ਝੁਕਦਾ ਹੋਇਆ ਬੋਲਿਆ:

"ਮੰਗੂ ਕੋਈ ਰੱਬ ਨਹੀਂ। ਤੇਰੇ ਮੇਰੇ ਵਾਂਗ ਚਮਾਰ ਹੈ। ਤੂੰ ਧੌਂਸ ਤਾਂ ਏਦਾਂ ਦੇ ਰਿਹਾਂ ਜਿਵੇਂ ਮੰਗੂ ਇਲਾਕੇ ਦਾ ਥਾਣੇਦਾਰ ਲੱਗਾ ਹੋਇਆ ਹੋਵੇ।"

"ਮੰਗੂ ਦੇ ਸਾਹਮਣੇ ਕਹੇਂ ਤਾਂ ਫਿਰ ਗੱਲ ਹੈ। ਪਿੱਠ ਪਿੱਛੇ ਤਾਂ ਲੋਕ ਸਰਕਾਰ ਨੂੰ ਗਾਲ੍ਹਾਂ ਕੱਢ ਦਿੰਦੇ ਹਨ।" ਨਿੱਕੂ ਨੇ ਜੀਤੂ ਨੂੰ ਲਲਕਾਰਿਆ।

ਨਿੱਕੂ ਅਤੇ ਜੀਤੂ ਵਿੱਚ ਗੱਲ ਵਧਣ ਲੱਗੀ ਤਾਂ ਬਾਕੀ ਲੋਕ ਉਹਨਾਂ ਵਿੱਚ-ਵਿਚਾਲਾ ਕਰਨ ਲੱਗੇ।

ਲੋਕ ਹਾਲੇ ਤੂੰ ਤੂੰ ਮੈਂ ਮੈਂ ਵਿੱਚ ਲੱਗੇ ਹੋਏ ਸੀ ਕਿ ਕਾਲੀ ਤਕੀਏ ਵਿੱਚ ਵਾਪਸ ਆ ਗਿਆ। ਉਹਨੇ ਫਾਂਟਾਂ ਵਾਲੀ ਕਮੀਜ਼ ਅਤੇ ਖਾਕੀ ਨਿੱਕਰ ਪਾਈ ਹੋਈ ਸੀ। ਪੈਰਾਂ ਵਿੱਚ ਪੇਸ਼ਾਵਰੀ ਚੱਪਲਾਂ ਪਾਈਆਂ ਹੋਈਆਂ ਸਨ ਅਤੇ ਧੁੱਪ ਤੋਂ ਬਚਣ ਲਈ ਸਿਰ 'ਤੇ ਸਾਫੇ ਦੀ ਥਾਂ ਤੌਲੀਆ ਰੱਖਿਆ ਹੋਇਆ ਸੀ। ਉਹਦਾ ਰੰਗ-ਢੰਗ ਦੇਖ ਕੇ ਸਾਰਿਆਂ ਦੇ ਮੂੰਹਾਂ 'ਤੇ ਹੈਰਾਨੀ ਫੈਲ ਗਈ। ਜੀਤੂ ਕਾਲੀ ਦੇ ਕੱਪੜਿਆਂ ਨੂੰ ਸ਼ਲਾਘਾ ਦੀ ਨਜ਼ਰ ਨਾਲ ਦੇਖਦਾ ਹੋਇਆ ਖੁਸ਼ ਹੋ ਕੇ ਬੋਲਿਆ:

"ਮੇਰਾ ਬਾਬੂ ਜੀ ਅੱਜ ਤਾਂ ਸਚਮੁੱਚ ਦਾ ਬਾਬੂ ਲਗ ਰਿਹਾ।"

ਨਿੱਕੂ ਖਿੜਖਿੜਾ ਕੇ ਹੱਸ ਪਿਆ।

"ਰਹੀ ਸਹੀ ਕਸਰ ਚੌਧਰੀ ਪੂਰੀ ਕਰ ਦੇਊਗਾ। ਉਹ ਥੋੜ੍ਹੇ ਦਿਨ ਪਹਿਲਾਂ ਹੀ ਵਲਾਇਤੀ ਜੁੱਤੀ ਲਿਆਇਆ।"

ਕਾਲੀ ਨੇ ਨਿੱਕੂ ਵਲ ਕੋਈ ਧਿਆਨ ਨਾ ਦਿੱਤਾ ਅਤੇ ਜੀਤੂ ਦੇ ਨੇੜੇ ਜਾ ਕੇ ਬੋਲਿਆ:

"ਪਰਜਾਪਤ ਦੇ ਨਾਲ ਛੱਪੜ 'ਤੇ ਜਾ ਕੇ ਗਧਿਆਂ 'ਤੇ ਬੋਰੇ ਲਦਵਾ ਦੇਈਂ। ਮਿੱਟੀ ਮੈਂ ਸਵੇਰੇ ਹੀ ਪੁੱਟ ਆਇਆ ਸੀ। ਮੈਂ ਵੀ ਉੱਥੇ ਜਲਦੀ ਤੋਂ ਜਲਦੀ ਪਹੁੰਚਣ ਦੀ ਕੋਸ਼ਿਸ਼ ਕਰੂੰਗਾ।"

ਕਾਲੀ ਚੌਧਰੀ ਦੀ ਹਵੇਲੀ ਵਲ ਜਾਣ ਵਾਲੇ ਰਾਹ ਵਲ ਵਧ ਗਿਆ। ਸਾਰੀਆਂ ਅੱਖਾਂ ਉਹਦੇ ਉੱਪਰ ਲੱਗੀਆਂ ਹੋਈਆਂ ਸਨ। ਤਾਇਆ ਬਸੰਤਾ ਉਹਦੇ ਵਲ ਧਿਆਨ ਨਾਲ ਦੇਖਦਾ ਹੋਇਆ ਬੋਲਿਆ:

"ਕਾਲੀ ਦਾ ਰੰਗ ਚਿੱਟਾ ਹੁੰਦਾ ਤਾਂ ਇਹਨਾਂ ਕੱਪੜਿਆਂ ਵਿੱਚ ਇਹ ਵੀ ਗੋਰਾ ਸਾਹਬ ਦਿਖਾਈ ਦਿੰਦਾ।"

"ਜੇ ਸਾਹਬ ਨਹੀਂ ਹੈ ਤਾਂ ਚੌਧਰੀ ਬਣਾ ਦਊ। ਪਿਛਲੇ ਦਿਨੀਂ ਜੀਤੂ ਨੂੰ ਤਾਂ ਚੌਧਰੀ ਨੇ ਸਾਹਬ ਬਣਾ ਦਿੱਤਾ ਸੀ।" ਨਿੱਕੂ ਨੇ

ਜੀਤੂ ਵਲ ਦੇਖਦੇ ਹੋਏ ਕਿਹਾ। ਅਤੇ ਆਪਣੀ ਮੰਜੀ ਚੁੱਕ ਕੇ ਚਮ੍ਹਾਰਲੀ ਵਲ ਤੁਰ ਪਿਆ।

ਨਿੱਕੂ ਗਲੀ ਵਿੱਚ ਵੜਦਿਆਂ ਹੀ ਆਪਣੀ ਘਰਵਾਲੀ ਪ੍ਰੀਤੋ ਨੂੰ ਅਵਾਜ਼ਾਂ ਮਾਰਨ ਲੱਗਾ। ਪ੍ਰੀਤੋ ਕੋਠੜੀ ਵਿੱਚ ਸੌਂ ਰਹੀ ਸੀ। ਨਿੱਕੂ ਨੇ ਉਹਨੂੰ ਝੰਜੋੜ ਕੇ ਜਗਾਇਆ ਅਤੇ ਇਕ ਹੀ ਸਾਹ ਵਿੱਚ ਸਾਰੀ ਗੱਲ ਦੱਸ ਦਿੱਤੀ। ਪ੍ਰੀਤੋ ਸਿਰ 'ਤੇ ਦੁਪੱਟਾ ਲੈਣਾ ਵੀ ਭੁੱਲ ਗਈ ਅਤੇ ਮੰਗੂ ਦੀ ਮਾਂ ਜੱਸੋ ਦੇ ਘਰ ਹੋ ਕੇ ਕਾਲੀ ਦੀ ਚਾਚੀ ਪ੍ਰਤਾਪੀ ਦੇ ਕੋਲ ਆ ਗਈ।

ਥੋੜ੍ਹੇ ਹੀ ਚਿਰ ਵਿੱਚ ਮੁਹੱਲੇ ਵਿੱਚ ਹਾਹਾਕਾਰ ਮੱਚ ਗਈ। ਚਾਚੀ ਪ੍ਰਤਾਪੀ ਅਤੇ ਜੱਸੋ ਇਕ-ਦੂਸਰੀ ਨੂੰ ਗਾਲ੍ਹਾਂ ਕੱਢਦੀਆਂ ਸਿਆਪਾ ਕਰ ਰਹੀਆਂ ਸਨ ਅਤੇ ਗਿਆਨੋ ਹੈਰਾਨ ਹੋਈ ਸੋਚ ਰਹੀ ਸੀ ਕਿ ਦੋਨਾਂ ਦੇ ਮੂੰਹ ਕਿਸ ਤਰ੍ਹਾਂ ਬੰਦ ਕਰੇ।

## 11

ਕਾਲੀ ਸਕੂਲ ਦੇ ਪਿੱਛੇ ਛੋਟੇ ਜਿਹੇ ਮੈਦਾਨ ਵਿੱਚ ਰੁੱਕ ਕੇ ਚੌਧਰੀ ਦੀ ਹਵੇਲੀ ਵਲ ਦੇਖਣ ਲੱਗਾ। ਉਹਨੂੰ ਮਹਿਸੂਸ ਹੋਇਆ ਕਿ ਸਕੂਲ ਦਾ ਮੈਦਾਨ, ਜਿਸ ਵਿੱਚ ਬੱਚੇ ਅੱਧੀ ਛੁੱਟੀ ਵੇਲੇ ਖੇਡਦੇ ਸਨ, ਪਹਿਲਾਂ ਤੋਂ ਕਾਫੀ ਛੋਟਾ ਹੋ ਗਿਆ ਹੈ ਅਤੇ ਹਵੇਲੀ ਦੀ ਕੰਧ ਸਕੂਲ ਦੇ ਬਹੁਤ ਨੇੜੇ ਪਹੁੰਚ ਗਈ ਹੈ।

ਕਾਲੀ ਮੈਦਾਨ ਵਿਚੋਂ ਤੁਰ ਕੇ ਦੋ ਵੱਡੇ ਦਰੱਖਤਾਂ ਵਲ ਚਲਾ ਗਿਆ ,ਜਿੱਥੇ ਦੁਪਹਿਰ ਵੇਲੇ ਚੌਧਰੀ ਹਰਨਾਮ ਸਿੰਘ ਅਤੇ ਮੁਹੱਲੇ ਦੇ ਚੌਧਰੀ ਆਰਾਮ ਕਰਦੇ ਹਨ। ਪਰ ਉੱਥੇ ਕਿਸੇ ਨੂੰ ਨਾ ਦੇਖ ਕੇ ਉਹ ਹਵੇਲੀ ਦੇ ਫਾਟਕ ਦੇ ਸਾਹਮਣੇ ਆ ਗਿਆ। ਫਾਟਕ 'ਤੇ ਲੱਗੀਆਂ ਜਿਸਤੀ ਚਾਦਰਾਂ ਦਾ ਰੰਗ ਕਾਲਾ ਪੈ ਗਿਆ ਸੀ। ਉਹ ਫਾਟਕ ਚੌਧਰੀ ਹਰਨਾਮ ਸਿੰਘ ਦੇ ਤਾਏ ਵਸਾਵਾ ਸਿੰਘ ਨੇ ਉਹਨੀਂ ਦਿਨੀਂ ਬਣਾਇਆ ਸੀ ਜਦੋਂ ਉਹਨੂੰ ਜ਼ੈਲਦਾਰੀ ਮਿਲੀ ਸੀ। ਹਵੇਲੀ ਦੇ ਅੰਦਰ ਦੀਵਾਨਖਾਨਾ ਵੀ ਜ਼ੈਲਦਾਰੀ ਦੇ ਦਿਨਾਂ ਵਿੱਚ ਹੀ ਬਣਾਇਆ ਗਿਆ ਸੀ।

ਕਾਲੀ ਨੇ ਫਾਟਕ ਨੂੰ ਹੌਲੀ ਦੇਣੀਂ ਖੋਲ੍ਹ ਕੇ ਅੰਦਰ ਦੇਖਿਆ ਫਿਰ ਅੱਗੇ ਵਧ ਕੇ ਬੰਦ ਕਰ ਦਿੱਤਾ। ਫਾਟਕ ਦੇ ਖੁਲ੍ਹਣ ਅਤੇ ਬੰਦ ਹੋਣ 'ਤੇ ਚਰ-ਚਰ ਦੀ ਅਵਾਜ਼ ਆਈ ਤਾਂ ਇਕ ਕੁੱਤਾ ਜ਼ੋਰ ਦੇਣੀ ਭੌਂਕਿਆ। ਨਾਲ ਹੀ ਦਲਾਨ ਵਿੱਚੋਂ ਟੈਗਰ।।।ਟੈਗਰ।।।ਟੈਗਰ ਦੀ ਅਵਾਜ਼ ਆਈ। ਪਰ ਕੁੱਤਾ ਭੌਂਕਦਾ ਹੋਇਆ ਕਾਲੀ ਵਲ ਦੌੜ ਆਇਆ। ਕਾਲੀ ਪੱਥਰ ਦਾ ਇਕ ਟੁਕੜਾ ਚੁੱਕ ਕੇ ਉਹਨੂੰ ਡਰਾਉਣ ਧਮਕਾਉਣ ਲੱਗਾ। ਦਲਾਨ 'ਚੋਂ ਦਾਸੂ ਦੌੜਾ ਆਇਆ ਅਤੇ ਕੁੱਤੇ ਨੂੰ ਪਟੇ ਤੋਂ ਫੜ ਕੇ ਦਲਾਨ ਵਲ ਲੈ ਗਿਆ ਅਤੇ ਕਾਲੀ ਨੂੰ ਦੀਵਾਨਖਾਨੇ ਵਲ ਜਾਣ ਦਾ ਇਸ਼ਾਰਾ ਕੀਤਾ।

ਕਾਲੀ ਦੀਵਾਨਖਾਨੇ ਵਲ ਜਾਂਦਾ ਹੋਇਆ ਹਵੇਲੀ ਵਿੱਚ ਚਾਰੀਂ ਪਾਸੀਂ ਦੇਖਣ ਲੱਗਾ। ਖੱਬੇ ਪਾਸੇ ਦਾਲਾਨ ਵਿੱਚ ਦੋ ਮੱਝਾਂ ਅਤੇ ਇਕ ਘੋੜੀ ਬੱਝੀ ਹੋਈ ਸੀ। ਉਹਦੇ ਨਾਲ ਹੀ ਇਕ ਪਾਸੇ ਦਾਲਾਨ ਵਿੱਚ ਬਲਦਾਂ ਲਈ ਲੰਮੀ ਖੁਰਲੀ ਬਣੀ ਹੋਈ ਸੀ। ਉਸ ਹੀ ਦਾਲਾਨ ਵਿੱਚ ਦੂਸਰੇ ਪਾਸੇ ਦੋ ਪਹੀਆਂ ਵਾਲੀ ਗੱਡੀ ਖੜੀ ਸੀ ਅਤੇ ਬਾਹਰ ਗੱਡਾ ਖੜਾ ਸੀ। ਦੋਨੋਂ ਦਾਲਾਨਾਂ ਦੇ ਸਿਰਿਆਂ 'ਤੇ ਇਕ-ਇਕ ਕੋਠੜੀ ਸੀ। ਦੂਸਰੀ ਕੋਠੜੀ ਤੋਂ ਦੀਵਾਨਖਾਨੇ ਤੱਕ ਇਕ ਛੋਟੀ ਜਿਹੀ ਕੰਧ ਸੀ ਜਿਹਦੇ ਪਿੱਛੇ ਚੌਧਰੀ ਦਾ ਤਿੰਮੰਜ਼ਲਾ ਰਿਹਾਇਸ਼ੀ ਮਕਾਨ ਸੀ। ਦੀਵਾਨਖਾਨੇ ਦਾ ਪਿਛਲਾ ਹਿੱਸਾ ਵੀ ਰਿਹਾਇਸ਼ੀ ਮਕਾਨ ਨਾਲ ਮਿਲਿਆ ਹੋਇਆ ਸੀ।

ਕਾਲੀ ਤਿੰਨ ਪੌੜੀਆਂ ਚੜ੍ਹ ਕੇ ਦੀਵਾਨਖਾਨੇ ਦੇ ਥੜ੍ਹੇ 'ਤੇ ਆ ਗਿਆ ਅਤੇ ਫਿਰ ਬਰਾਂਡੇ ਵਿੱਚ ਰੁਕ ਕੇ ਵਾਰੀ ਵਾਰੀ ਤਿੰਨ ਦਰਵਾਜ਼ਿਆਂ ਵਲ ਦੇਖਣ ਲੱਗਾ ਜਿਹਨਾਂ 'ਤੇ ਬਾਰੀਕ ਸਰਕੰਡਿਆਂ ਦੀਆਂ ਚਿਕਾਂ ਲਟਕ ਰਹੀਆਂ ਸਨ। ਉਹ ਇਸ ਦੁਚਿੱਤੀ ਵਿੱਚ ਸੀ ਕਿ ਕਿਹੜੀ ਚਿਕ ਚੁੱਕ ਕੇ ਅੰਦਰ ਜਾਵੇ ਕਿ ਇਕ ਚਿਕ ਦੇ ਪਿੱਛਿਉਂ ਚੌਧਰੀ ਹਰਨਾਮ ਸਿੰਘ ਦਾ ਭਤੀਜਾ ਹਰਦੇਵ ਬਾਹਰ ਨਿਕਲਿਆ। ਕਾਲੀ ਨੇ ਉਹਨੂੰ ਇਕਦਮ ਪਛਾਣ ਲਿਆ ਅਤੇ ਬੰਦਗੀ ਕਰਦਾ ਹੋਇਆ ਮੁਸਕਰਾ ਕੇ ਬੋਲਿਆ:

"ਚੌਧਰੀ ਹਰਦੇਵ, ਪਹਿਚਾਣਿਆ ਨਹੀਂ?।।। ਮੈਂ ਕਾਲੀ ਹਾਂ।"

ਹਰਦੇਵ ਕੁਝ ਪਲਾਂ ਲਈ ਹੈਰਾਨ ਹੋ ਕੇ ਉਹਨੂੰ ਪਛਾਣਨ ਦੀ ਕੋਸ਼ਿਸ਼ ਕਰਦਾ ਰਿਹਾ, ਫਿਰ ਉਹਦੇ ਜ਼ਿਹਨ ਵਿੱਚ ਛੇ ਸਾਲ ਪਹਿਲਾਂ ਦਾ ਕਮਜ਼ੋਰ ਪਰ ਮਜ਼ਬੂਤ ਹੱਡੀ ਦਾ ਮੁੰਡਾ ਉਭਰ ਆਇਆ। ਉਹ ਕਾਲੀ ਵਲ ਹੈਰਾਨੀ ਅਤੇ ਸ਼ਲਾਘਾ ਦੀ ਨਜ਼ਰ ਨਾਲ ਦੇਖਦਾ ਹੋਇਆ ਖੁਸ਼ੀ ਵਿੱਚ ਬੋਲਿਆ:

"ਸੁਣਾ ਕਾਲੀ - ਕਦੋਂ ਵਾਪਸ ਆਇਆ ਤੂੰ?" ਫਿਰ ਉਸ ਦੇ ਤੱਕੜੇ ਸਰੀਰ ਨੂੰ ਦੇਖ ਕੇ ਆਪਣੀਆਂ ਬਾਹਾਂ ਅਤੇ ਪੱਟਾਂ ਦੀਆਂ ਮਛਲੀਆਂ ਨੂੰ ਦੋਨੋਂ ਹੱਥਾਂ ਨਾਲ ਘੁੱਟਦਾ ਹੋਇਆ ਕਹਿਣਾ ਲੱਗਾ:

"ਜਿਸਮ ਅੱਛਾ ਕਮਾਇਆ ਹੈ।"

ਕਾਲੀ ਜੁਆਬ ਵਿੱਚ ਮੁਸਕਰਾਇਆ। ਹਰਦੇਵ ਆਪਣੇ ਸਾਰੇ ਸਰੀਰ ਨੂੰ ਝਟਕਦਾ ਹੋਇਆ ਬੋਲਿਆ:

"ਸਵੇਰੇ ਆਕੇ ਮੇਰੀ ਮਾਲਸ਼ ਕਰ ਜਾਇਆ ਕਰ। ਇਸ ਪਿੰਡ ਵਿੱਚ ਇਕ ਵੀ ਅਜਿਹਾ ਚਮਾਰ ਜਾਂ ਕਮੀਨ ਨਹੀਂ ਜੋ ਚੰਗੀ ਤਰ੍ਹਾਂ ਮਾਲਿਸ਼ ਕਰ ਸਕੇ। ਮੰਗੂ ਤੋਂ ਕਦੇ ਕਦੇ ਮਾਲਸ਼ ਕਰਵਾਉਂਦਾ ਹਾਂ, ਪਰ ਉਹਦੇ ਹੱਥਾਂ ਵਿੱਚ ਜਾਨ ਹੀ ਨਹੀਂ।"

ਕਾਲੀ ਜੁਆਬ ਵਿੱਚ ਮੁਸਕਰਾਉਂਦਾ ਹੋਇਆ ਬੋਲਿਆ:

"ਬੜੇ ਚੌਧਰੀ ਸਾਹਬ ਕਿੱਥੇ ਹਨ?"

ਹਰਦੇਵ ਨੇ ਚਿਕ ਵਲ ਇਸ਼ਾਰਾ ਕੀਤਾ ਅਤੇ ਉਹਨੂੰ ਜਾਣ ਦੀ ਤਾਗੀਦ ਕਰਦਾ ਹੋਇਆ ਬਾਹਰ ਨਿਕਲ ਗਿਆ।

ਕਾਲੀ ਚਿਕ ਚੁੱਕ ਕੇ ਅੰਦਰ ਚਲਾ ਗਿਆ ਅਤੇ ਦਰਵਾਜ਼ੇ ਦੇ ਕੋਲ ਰੁਕ ਗਿਆ। ਚੌਧਰੀ ਹਰਨਾਮ ਸਿੰਘ ਨਵਾਰ ਦੇ ਪਲੰਘ 'ਤੇ ਲੰਮਾ ਪਿਆ ਸੀ। ਮੰਗੂ ਦਰਵਾਜ਼ੇ ਤੋਂ ਥੋੜ੍ਹਾ ਪਰ੍ਹੇ ਛੱਤ ਨਾਲ ਲਟਕਦੇ ਝਾਲਰਦਾਰ ਪੱਖੇ ਨੂੰ ਹੌਲੀ ਹੌਲੀ ਖਿੱਚ ਰਿਹਾ ਸੀ। ਕਾਲੀ ਦੀ ਆਹਟ ਸੁਣ ਕੇ ਚੌਧਰੀ ਨੇ ਅੱਖਾਂ ਖੋਲ੍ਹ ਦਿੱਤੀਆਂ ਅਤੇ ਉਹਨੂੰ ਬੈਠਣ ਦਾ ਇਸ਼ਾਰਾ ਕਰਕੇ ਪਾਸਾ ਵੱਟ ਲਿਆ। ਉੱਥੇ ਬੈਠਣ ਲਈ ਕੁਝ ਵੀ ਨਹੀਂ ਸੀ। ਕਾਲੀ ਨੇ ਜ਼ਮੀਨ 'ਤੇ ਬੈਠਣ ਦੀ ਥਾਂ ਖੜ੍ਹੇ ਰਹਿਣਾ ਹੀ ਠੀਕ ਸਮਝਿਆ। ਉਹ ਮੰਗੂ ਵਲ ਦੇਖਣ ਲੱਗਾ ਜੋ ਰੜੀ ਜ਼ਮੀਨ 'ਤੇ ਪੈਰ ਪਸਾਰੀ ਬੈਠਾ ਪੱਖੇ ਦੀ ਰੱਸੀ ਖਿੱਚ ਰਿਹਾ ਸੀ।

ਜਦੋਂ ਚੌਧਰੀ ਨੇ ਦੋ-ਚਾਰ ਵਾਰ ਪਾਸਾ ਵੱਟ ਲਿਆ ਤਾਂ ਮੰਗੂ ਪੱਖਾ ਛੱਡ ਕੇ ਰਿਹਾਇਸ਼ੀ ਮਕਾਨ ਵਲ ਖੁਲ੍ਹਣ ਵਾਲੇ ਦਰਵਾਜ਼ੇ ਵਿੱਚ ਖੜ੍ਹ ਕੇ ਅਵਾਜ਼ਾਂ ਮਾਰਨ ਲੱਗਾ:

"ਓ ਨੱਥੂ, ਚੌਧਰੀ ਜੀ ਲਈ ਬਦਾਮਾਂ ਦੀ ਸਰਦਈ ਲੈ ਆ।" ਉਹ ਏਧਰ ਉਧਰ ਘੁੰਮਦਾ ਹੋਇਆ ਇਸ ਤਰ੍ਹਾਂ ਅਵਾਜ਼ਾਂ ਮਾਰ ਰਿਹਾ ਸੀ ਜਿਵੇਂ ਇਸ ਘਰ ਦੇ ਇੰਤਜ਼ਾਮ ਵਿੱਚ ਉਹਦਾ ਖਾਸ ਹੱਥ ਹੋਵੇ। ਜਦੋਂ ਉਹਨੂੰ ਕੁਛ ਨਾ ਸੁੱਝਦਾ ਤਾਂ ਉਹ ਦੀਵਾਨਖਾਨੇ ਦੇ ਥੜ੍ਹੇ 'ਤੇ ਖੜਾ ਹੋ ਕੇ ਕੁੱਤਿਆਂ ਨੂੰ ਅਵਾਜ਼ਾਂ ਮਾਰਨ ਲੱਗਦਾ।

ਥੋੜ੍ਹੀ ਦੇਰ ਬਾਅਦ ਚੌਧਰੀ ਹਰਨਾਮ ਸਿੰਘ ਉੱਠ ਬੈਠਿਆ। ਸਿਰ 'ਤੇ ਸਾਫਾ ਰੱਖਿਆ ਅਤੇ ਮੰਜੇ ਤੋਂ ਪੈਰ ਲਮਕਾ ਕੇ ਬੈਠ ਗਿਆ। ਕਾਲੀ ਨੂੰ ਖੜ੍ਹਾ ਦੇਖ ਕੇ ਉਹਦੇ ਮੱਥੇ 'ਤੇ ਤਿਉੜੀਆਂ ਪੈ ਗਈਆਂ। ਕੋਈ ਹੋਰ ਚਮਾਰ ਹੁੰਦਾ ਤਾਂ ਉਹ ਉਹਨੂੰ ਝੱਟ ਦੋ ਚਾਰ ਗਾਲ੍ਹਾਂ ਕੱਢ ਦਿੰਦਾ ਪਰ ਕਾਲੀ ਦੀ ਡੀਲ-ਡੌਲ ਅਤੇ ਪਹਿਰਾਵਾ ਦੇਖ ਕੇ ਉਹ ਚੁੱਪ ਰਿਹਾ। ਬਦਾਮਾਂ ਦੀ ਸਰਦਾਈ ਪੀ ਕੇ ਉਹ ਕਾਲੀ ਨੂੰ ਕਹਿਣ ਲੱਗਾ;

"ਤੇਰੇ 'ਤੇ ਕੋਈ ਨਵੀਂ ਜਵਾਨੀ ਨਹੀਂ ਆਈ, ਜੋ ਰਾਹ ਜਾਂਦੇ ਲੋਕਾਂ ਨਾਲ ਲੜਾਈ ਮੁੱਲ ਲੈਂਦਾ ਹੈਂ। ਅਜਿਹੀ ਅੰਨੀ ਜਵਾਨੀ ਛੇਤੀਂ ਹੀਂ ਕਿਸੇ ਖੂਹ-ਟੋਭੇ ਵਿੱਚ ਜਾ ਡਿਗਦੀ ਆ।"

ਕਾਲੀ ਚੌਧਰੀ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝ ਨਾ ਸਕਿਆ ਅਤੇ ਹੌਲੀ ਅਵਾਜ਼ ਵਿੱਚ ਬੋਲਿਆ:

"ਚੌਧਰੀ ਜੀ, ਮੈਂ ਤੁਹਾਡੀ ਗੱਲ ਸਮਝਿਆ ਨਹੀਂ। ਮੈਂ ਤਾਂ ਕਿਸੇ ਦੇ ਨਾਲ ਝਗੜਾ ਨਹੀਂ ਕਰਦਾ।"

"ਅੱਜ ਤੂੰ ਮੰਗੂ ਨੂੰ ਕੁੱਟਿਆ। ਜੇ ਉਹਦੀ ਹੱਡੀ ਪਸਲੀ ਟੁੱਟ ਜਾਂਦੀ ਤਾਂ ਕੌਣ ਜਿੰਮੇਵਾਰ ਹੁੰਦਾ।"

"ਚੌਧਰੀ ਜੀ ਪਹਿਲ ਮੈਂ ਨਹੀਂ ਕੀਤੀ। ਮੈਂ ਛੱਪੜ ਵਿੱਚ ਮਿੱਟੀ ਪੁੱਟ ਰਿਹਾ ਸੀ ਤਾਂ ਮੰਗੂ ਨੇ ਪਹਿਲਾਂ ਮੈਨੂੰ ਗਾਲ੍ਹਾਂ ਕੱਢੀਆਂ, ਫਿਰ ਉਹਨੇ ਗਧਿਆਂ 'ਤੇ ਲੱਦੇ ਹੋਏ ਮਿੱਟੀ ਦੇ ਬੋਰੇ ਹੇਠਾਂ ਸੁੱਟ ਦਿੱਤੇ। ਬਾਅਦ ਵਿੱਚ ਉਹਨੇ ਮੇਰੇ 'ਤੇ ਹੱਥ ਚੁੱਕਿਆ ਤਾਂ ਮੈਨੂੰ ਵੀ ਜਵਾਬ ਦੇਣਾ ਪਿਆ।"

"ਤੂੰ ਕੁਛ ਕਿਹਾ ਹੋਊ, ਤਾਂ ਉਹਨੇ ਹੱਥ ਚੁੱਕਿਆ। ।।। ਤੇਰਾ ਝਗੜਾ ਮੰਗੂ ਨਾਲ ਹੋਇਆ ਪਰ ਤੂੰ ਕਹੀ ਘੋੜੀ ਦੇ ਮਾਰੀ। ਜੇ ਉਹਦੀ ਲੱਤ 'ਤੇ ਲੱਗ ਜਾਂਦੀ ਤਾਂ ਮੇਰਾ ਪੰਜ ਸੌ ਰੁਪਈਆਂ ਦਾ ਜਾਨਵਰ ਨਕਾਰਾ ਹੋ ਜਾਂਦਾ। ਉਹ ਡਰ ਕੇ ਏਦਾਂ ਦੌੜੀ ਕਿ ਉਹਨੂੰ ਦੋ ਆਦਮੀ ਨੰਗਲ ਕੋਲੋਂ ਫੜ ਕੇ ਲਿਆਏ ਹਨ।"

ਚੌਧਰੀ ਨੇ ਗੁੱਸੇ ਭਰੀ ਅਵਾਜ਼ ਵਿੱਚ ਕਿਹਾ।

"ਮੈਂ ਤਾਂ ਘੋੜੀ ਦੇਖੀ ਤੱਕ ਨਹੀਂ, ਕਹੀ ਕਿੱਦਾਂ ਮਾਰਤੀ? ਇਹ ਬਿਲਕੁਲ ਝੂਠ ਹੈ। ਤੁਸੀਂ ਮੰਗੂ ਨੂੰ ਮੇਰੇ ਸਾਹਮਣੇ ਸੱਦ ਕੇ ਪੁੱਛ ਲਉ।" ਕਾਲੀ ਗੁੱਸੇ 'ਚ ਚੌਧਰੀ ਦੇ ਮੰਜੇ ਵਲ ਇਕ ਕਦਮ ਵਧ ਗਿਆ। ਚੌਧਰੀ ਸਰਾਹਣੇ ਨੂੰ ਢੋਅ ਲਾਉਂਦਾ ਹੋਇਆ ਬੋਲਿਆ:

"ਪਿੰਡ ਵਿੱਚ ਰਹਿਣਾ ਹੈ ਤਾਂ ਭਲਾਮਾਣਸੀ ਨਾਲ ਰਹਿ। ਜਿਸ ਥਾਲੀ 'ਚ ਖਾਂਦਾ, ਉਹਦੇ 'ਚ ਹੀ ਮੋਰੀ ਕਰਨੀ ਚਾਹੁੰਦਾ।"

"ਚੌਧਰੀ ਜੀ, ਮੈਂ ਕਿਸੇ ਦੀ ਥਾਲੀ ਵਿੱਚ ਨਹੀਂ ਖਾਂਦਾ, ਇਸ ਲਈ ਮੋਰੀ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।" ਕਾਲੀ ਨੇ ਬਹੁਤ ਗੰਭੀਰ ਅਵਾਜ਼ ਵਿੱਚ ਕਿਹਾ।

ਕਾਲੀ ਦੇ ਇਸ ਜਵਾਬ ਨੇ ਚੌਧਰੀ ਨੂੰ ਚਕਰਾ ਦਿੱਤਾ। ਅੱਜ ਤੱਕ ਉਹਦੇ ਸਾਹਮਣੇ ਕਿਸੀ ਕਮੀਨ ਜਾਂ ਚਮਾਰ ਨੇ ਇਸ ਢੰਗ ਨਾਲ ਗੱਲ ਨਹੀਂ ਸੀ ਕੀਤੀ। ਉਹਨੂੰ ਗੁੱਸਾ ਤਾਂ ਬਹੁਤ ਆਇਆ ਪਰ ਆਪਣੇ 'ਤੇ ਕਾਬੂ ਰੱਖਦਾ ਹੋਇਆ ਬੋਲਿਆ:

"ਦੇਖੋ, ਆਪਸ ਵਿੱਚ ਪਿਆਰ ਨਾਲ ਰਹੋ। ਤੁਹਾਡੀ ਕਿਹੜੀ ਜਾਇਦਾਦ ਸਾਂਝੀ ਹੈ, ਜੋ ਤੁਸੀਂ ਲੜਦੇ ਆਂ।"

ਕਾਲੀ ਕੁਛ ਦੇਰ ਲਈ ਖਾਮੋਸ਼ ਖੜ੍ਹਾ ਰਿਹਾ ਅਤੇ ਫਿਰ ਨਿਮਰਤਾ ਨਾਲ ਬੋਲਿਆ:

"ਚੌਧਰੀ ਜੀ ਤੁਸੀਂ ਕਹੋ ਤਾਂ ਛੱਪੜ 'ਚੋਂ ਮਿੱਟੀ ਪੁੱਟ ਲਵਾਂ।"

"ਛੱਪੜ ਸਾਰਿਆਂ ਦਾ ਸਾਂਝਾ ਹੈ। ਕੀ ਕਮੀਨ, ਕੀ ਚਮਾਰ - ਕੀ ਜੱਟ, ਕੀ ਮਹਾਜਨ। ਜਿੰਨੀ ਜੀਅ ਕਰਦਾ ਮਿੱਟੀ ਪੁੱਟ ਲਵੀਂ, ਪਰ ਏਨਾ ਖਿਆਲ ਰੱਖੀਂ ਕਿ ਕਿਤੇ ਬਹੁਤ ਡੂੰਘਾ ਟੋਆ ਨਾ ਬਣ ਜਾਵੇ। ਪਰਾਰ ਉੱਚੇ ਮੁਹੱਲੇ ਵਾਲੇ ਪੂਰਨ ਸਿੰਘ ਨੇ ਉੱਥੇ ਖੂਹ ਜਿਹਾ ਪੁੱਟ ਦਿੱਤਾ ਸੀ। ਬਰਸਾਤ ਵਿੱਚ ਛੱਜੂ ਸ਼ਾਹ ਦੀ ਮੱਝ ਉੱਥੇ ਇਸ ਤਰ੍ਹਾਂ ਫਸ ਗਈ ਕਿ ਉਹਨੂੰ ਬੱਲੀਆਂ ਦੇ ਕੇ ਬਾਹਰ ਕੱਢਣਾ ਪਿਆ।" ਚੌਧਰੀ ਨੇ ਕਾਲੀ ਵਲ ਦੇਖਦਿਆਂ ਕਿਹਾ। ਕੁਝ ਚਿਰ ਬਾਅਦ ਕਾਲੀ ਹੱਥ ਮਲਦਾ ਹੋਇਆ ਬੋਲਿਆ:

"ਹੁਣ ਜਾਵਾਂ।"

ਚੌਧਰੀ ਨੇ ਸਿਰ ਹਿਲਾ ਕੇ ਜਾਣ ਦੀ ਇਜਾਜ਼ਤ ਦਿੰਦੇ ਹੋਏ ਕਿਹਾ:

"ਮੇਰੀ ਗੱਲ ਯਾਦ ਰੱਖੀਂ। ਦੰਗਾ-ਫਸਾਦ ਕਰੋਗੇ ਤਾਂ ਘਾਟਾ ਖਾਉਗੇ।"

ਕਾਲੀ ਨੇ ਕੋਈ ਜਵਾਬ ਨਾ ਦਿੱਤਾ ਅਤੇ ਬੰਦਗੀ ਕਰ ਕੇ ਕਮਰੇ ਤੋਂ ਬਾਹਰ ਨਿਕਲ ਆਇਆ।

ਮੰਗੂ ਦੀਵਾਨਖਾਨੇ ਦੇ ਥੜ੍ਹੇ ਦੀਆਂ ਪੌੜੀਆਂ 'ਤੇ ਬੈਠਾ ਸੀ। ਕਾਲੀ ਨੂੰ ਦੇਖ ਕੇ ਉਹ ਨਜ਼ਰਾਂ ਬਚਾ ਕੇ ਵਰਾਂਢੇ ਵਲ ਚਲਾ ਗਿਆ। ਚੌਧਰੀ ਨੇ ਮੰਗੂ ਨੂੰ ਅਵਾਜ਼ਾਂ ਮਾਰੀਆਂ ਤਾਂ ਉਹ ਛੇਤੀ ਨਾਲ ਕਮਰੇ 'ਚ ਵੜ੍ਹ ਗਿਆ। ਫਿਰ ਚੌਧਰੀ ਦੀ ਕੜਕਦਾਰ ਅਵਾਜ਼ ਗੂੰਜੀ:

"ਕੁੱਤੇ ਦੀ ਔਲਾਦ ਤੂੰ ਘੋੜੀ ਨੂੰ ਖੁਲ੍ਹਾ ਕਿਉਂ ਛੱਡਿਆ ਸੀ। ਕੋਈ ਲੈ ਜਾਂਦਾ ਤਾਂ ਕੀ ਤੇਰਾ ਬਾਪ ਏਨੇ ਰੁਪਈਏ ਭਰਦਾ? ਕੁੱਤਾ ਚਮਾਰ ਹਰ ਗੱਲ ਨਿਰਾਲੀ ਕਰਦਾ।" ਚੌਧਰੀ ਨੂੰ ਗਰਜਦਾ ਸੁਣ ਕੇ ਕਾਲੀ ਇਕ ਪਲ ਲਈ ਰੁਕ ਗਿਆ। ਉਹਨੂੰ ਚਮਾਰ ਦੇ ਸ਼ਬਦਾਂ ਨਾਲ ਬਹੁਤ ਖਿੱਝ ਸੀ। ਉਹਨੇ ਫਾਟਕ ਵਲ ਜਾਂਦੇ ਹੋਏ ਨੇ ਫੈਸਲਾ ਕਰ ਲਿਆ ਕਿ ਉਹ ਚੌਧਰੀ ਹਰਦੇਵ ਦੀ ਮਾਲਿਸ਼ ਕਰਨ ਲਈ ਕਦੇ ਨਹੀਂ ਆਊਗਾ।

ਕਾਲੀ ਹਵੇਲੀ ਤੋਂ ਸਿੱਧਾ ਛੱਪੜ ਵਲ ਚਲਾ ਗਿਆ। ਉੱਥੇ ਜੀਤੂ ਮਿੱਟੀ ਪੁੱਟ ਰਿਹਾ ਸੀ। ਉਹਨੂੰ ਦੇਖਦੇ ਹੀ ਜੀਤੂ ਨੇ ਕਹੀ ਸੁੱਟ ਦਿੱਤੀ ਅਤੇ ਕਾਲੀ ਵਲ ਵਧਦਾ ਹੋਇਆ ਬੇਚੈਨੀ ਨਾਲ ਬੋਲਿਆ:

"ਕਿਉਂ ਸੱਦਿਆ ਸੀ ਚੌਧਰੀ ਨੇ?"

"ਉਹ ਹੀ ਮੰਗੂ ਵਾਲੀ ਗੱਲ ਸੀ।" ਕਾਲੀ ਨੇ ਬੇਧਿਆਨੀ ਨਾਲ ਜਵਾਬ ਦਿੱਤਾ।

"ਕੀ ਕਿਹਾ ਉਹਨੇ?"

"ਕੋਈ ਖਾਸ ਗੱਲ ਨਹੀਂ ਹੋਈ, ਉਲਟੀ ਮੰਗੂ ਨੂੰ ਝਾੜ ਪੈ ਗਈ।" ਕਾਲੀ ਬਹੁਤ ਉਦਾਸ ਅਤੇ ਕ੍ਰੋਧ ਭਰੀ ਅਵਾਜ਼ ਵਿੱਚ ਬੋਲਿਆ:

"ਮੰਗੂ ਨਾਲ ਗੱਲ ਕਰਦੇ ਵਕਤ ਚੌਧਰੀ ਉਹਨੂੰ ਕੁੱਤਾ ਚਮਾਰ ਜ਼ਰੂਰ ਕਹਿੰਦਾ।"

"ਹੋਰ ਕੀ ਉਹਨੂੰ ਰਾਜਾ ਸਾਹਿਬ ਕਹਿ ਕੇ ਬੁਲਾਵੇ? ਚਮਾਰ ਉਹ ਜਨਮ ਤੋਂ ਹੈ ਅਤੇ ਕੁੱਤਾ ਉਹ ਆਪਣੀਆਂ ਕਰਤੂਤਾਂ ਨਾਲ ਬਣ ਗਿਆ ਹੈ।" ਜੀਤੂ ਨੇ ਹਸਦਿਆਂ ਕਿਹਾ।

ਜੀਤੂ ਨੇ ਹਵੇਲੀ ਵਿੱਚ ਹੋਈ ਗੱਲਬਾਤ ਦਾ ਵਿਸਥਾਰ ਪੁੱਛ ਕੇ ਕਾਲੀ ਨੂੰ ਕਿਹਾ:

"ਅੱਛਾ ਬਾਬੂ, ਇਹ ਦੱਸ ਤੂੰ ਮੰਗੂ ਨੂੰ ਕਿੱਥੇ ਢਾਹਿਆ ਸੀ?"

"ਕਿਉਂ?"

"ਮੈਂ ਉਸ ਥਾਂ ਪਿਸ਼ਾਬ ਕਰੂੰਗਾ।"

"ਏਦਾਂ ਨਾ ਕਹਿ। ਆਖਿਰ ਨੂੰ ਉਹ ਵੀ ਸਾਡੇ ਵਾਂਗ ਕੁੱਤਾ ਚਮਾਰ ਆ।"

ਕਾਲੀ ਨੇ ਗੰਭੀਰਤਾ ਨਾਲ ਕਿਹਾ।

ਕਾਲੀ ਨੇ ਆਪਣੀ ਕਮੀਜ਼ ਤੇ ਚੱਪਲ ਲਾਹ ਕੇ ਇਕ ਪਾਸੇ ਰੱਖ ਦਿੱਤੀ ਅਤੇ ਕਹੀ ਚੁੱਕ ਕੇ ਮਿੱਟੀ ਪੁੱਟਣ ਲੱਗਾ। ਜੀਤੂ ਨੇ ਇਕ ਪਾਸੇ ਖੜ੍ਹਾ ਹੋ ਕੇ ਉਹਨੂੰ ਕਿਹਾ:

"ਮੁਹੱਲੇ ਵਿੱਚ ਨਿੱਕੂ ਅਤੇ ਪ੍ਰੀਤੋ ਨੇ ਮਸ਼ਹੂਰ ਕਰ ਦਿੱਤਾ ਹੈ ਕਿ ਤੂੰ ਮੰਗੂ ਦੀ ਬਾਂਹ ਤੋੜ ਦਿੱਤੀ ਹੈ ਅਤੇ ਤੈਨੂੰ ਫੜ੍ਹ ਕੇ ਥਾਣੇ ਲੈ ਜਾਣਗੇ। ਹੁਣ ਮੈਂ ਏਧਰ ਆ ਰਿਹਾ ਸੀ ਤਾਂ ਜੱਸੀ ਬੇਰੀ ਹੇਠਾਂ ਖੜੀ ਤੇਰਾ ਸਿਆਪਾ ਕਰ ਰਹੀ ਸੀ। ਪ੍ਰੀਤੋ ਵੀ ਉਹਦੀ ਹਾਂ ਵਿੱਚ ਹਾਂ ਰਲਾ ਰਹੀ ਸੀ।"

ਕਾਲੀ ਨੇ ਕਹੀ ਰੋਕ ਦਿੱਤੀ ਅਤੇ ਉਤੇਜਿਤ ਅਵਾਜ਼ ਵਿੱਚ ਬੋਲਿਆ:

"ਚਾਚੀ।।।।"

ਜੀਤੂ ਨੇ ਕਾਲੀ ਨੂੰ ਟੋਕਦੇ ਹੋਏ ਕਿਹਾ:

"ਚਾਚੀ ਲੜ ਘੱਟ ਤੇ ਰੋ ਜ਼ਿਆਦਾ ਰਹੀ ਸੀ। ਉਹਨੂੰ ਪ੍ਰੀਤੋ ਨੇ ਯਕੀਨ ਦਿਵਾ ਦਿੱਤਾ ਸੀ ਕਿ ਤੈਨੂੰ ਥਾਣੇ ਵਾਲੇ ਫੜਨ ਆ ਰਹੇ ਹਨ।"

ਕਾਲੀ ਕੁਝ ਪਲ ਸੋਚ ਵਿੱਚ ਡੁੱਬਾ ਰਿਹਾ ਅਤੇ ਫਿਰ ਜੀਤੂ ਨੂੰ ਕਹਿਣ ਲੱਗਾ:

"ਤੂੰ ਘਰ ਜਾ ਕੇ ਚਾਚੀ ਨੂੰ ਸਮਝਾ ਦੇ ਕਿ ਮੈਨੂੰ ਥਾਣੇ ਵਾਲੇ ਫੜਨ ਨਹੀਂ ਆ ਰਹੇ। ਜੱਸੀ ਨੂੰ ਦਸ ਦੇਈਂ ਕਿ ਮੰਗੂ ਦੀ ਬਾਂਹ ਨਹੀਂ ਟੁੱਟੀ ਅਤੇ ਉਹ ਚੌਧਰੀ ਦੇ ਕੁੱਤੇ ਦੀ ਦੋਨਾਂ ਹੱਥਾਂ ਨਾਲ ਮਾਲਸ਼ ਕਰ ਰਿਹਾ ਹੈ।"

ਜਦੋਂ ਕਾਲੀ ਅਤੇ ਦੀਨਾ ਛੱਪੜ ਵਿੱਚੋਂ ਨਿਕਲੇ ਤਾਂ ਸੂਰਜ ਛਿਪ ਰਿਹਾ ਸੀ। ਉਹ ਘਰ ਪਹੁੰਚੇ ਤਾਂ ਮਿੱਟੀ ਦੇ ਢੇਰ ਪਿੱਛੇ ਦੀਵੇ ਦੀ ਨਿੰਮੀ ਨਿੰਮੀ ਰੌਸ਼ਨੀ ਫੈਲੀ ਹੋਈ ਸੀ ਅਤੇ ਮਿੱਟੀ ਦੇ ਢੇਰ ਦਾ ਪਰਛਾਵਾਂ ਛੋਟੀ ਜਿਹੀ ਪਹਾੜੀ ਬਣ ਗਿਆ ਸੀ। ਕਾਲੀ ਨੇ ਗਧਿਆਂ ਦੀਆਂ ਪਿੱਠਾਂ ਤੋਂ ਮਿੱਟੀ ਦੇ ਬੋਰੇ ਹੇਠਾਂ ਸੁੱਟੇ ਤਾਂ ਦੀਵੇ ਦੀ ਬੱਤੀ ਇਕਦਮ ਬਹੁਤ ਉੱਚੀ ਕਰ ਦਿੱਤੀ ਗਈ। ਕਾਲੀ ਨੇ ਦੇਖਿਆ ਕਿ ਦੋ ਅੱਖਾਂ ਉਸ 'ਤੇ ਜੰਮੀਆਂ ਹੋਈਆਂ ਸਨ। ਉਹ ਅੱਖਾਂ ਉਹਨੇ ਪਹਿਲਾਂ ਵੀ ਦੇਖੀਆਂ ਸਨ ਪਰ ਇਸ ਵਕਤ ਉਹ ਬਹੁਤ ਹੀ ਅਜੀਬ, ਵੱਡੀਆਂ ਵੱਡੀਆਂ, ਧੋਤੀਆਂ ਹੋਈਆਂ ਜਾਪ ਰਹੀਆਂ ਸਨ। ਚਾਚੀ ਨੇ ਉੱਠ ਕੇ ਕਾਲੀ ਦੇ ਸਿਰ 'ਤੇ ਵਾਰਨਾ ਕੀਤਾ ਅਤੇ ਮੱਥਾ ਚੁੰਮ ਕੇ ਰੁਆਂਸੀ ਅਵਾਜ਼ ਵਿੱਚ ਬੋਲੀ:

"ਕਾਕਾ ਮੇਰੇ ਤਾਂ ਪ੍ਰਾਣ ਨਿਕਲ ਗਏ ਸਨ। ਪ੍ਰੀਤੋ ਨੇ ਸਾਰੇ ਮੁਹੱਲੇ ਵਿੱਚ ਮਸ਼ਹੂਰ ਕਰ ਦਿੱਤਾ ਕਿ ਤੂੰ ਮੰਗੂ ਦੀ ਬਾਂਹ ਤੋੜ ਦਿੱਤੀ ਹੈ ਅਤੇ ਥਾਣੇ ਵਾਲੇ ਤੈਨੂੰ ਫੜਨ ਆ ਰਹੇ ਹਨ।"

"ਨਾ ਮੰਗੂ ਦੀ ਬਾਂਹ ਟੁੱਟੀ ਹੈ ਅਤੇ ਨਾ ਹੀ ਥਾਣੇ ਵਾਲੇ ਮੈਨੂੰ ਫੜਨ ਆ ਰਹੇ ਹਨ।" ਕਾਲੀ ਨੇ ਤਿੱਖੀ ਅਵਾਜ਼ ਵਿੱਚ ਕਿਹਾ। ਗਿਆਨੋ ਨੇ ਬਹੁਤ ਜ਼ੋਰ ਨਾਲ ਸਾਹ ਛੱਡਿਆ ਜਿਵੇਂ ਉਹ ਬਹੁਤ ਚਿਰ ਤੋਂ ਉਹਦੀ ਛਾਤੀ ਵਿੱਚ ਅਟਕੀ ਹੋਈ ਸੀ ਅਤੇ ਤੇਜ਼ੀ ਨਾਲ ਗਲੀ ਵਿੱਚ ਦੌੜ ਗਈ।

ਕਾਲੀ ਚਾਚੀ ਦੀਆਂ ਸਾਰੀਆਂ ਗੱਲਾਂ ਨੂੰ ਅਣਸੁਣੀਆਂ ਕਰਦਾ ਹੋਇਆ ਮਿੱਟੀ ਦੇ ਖਿਲਰੇ ਢੇਲੇ ਠੀਕ ਕਰਨ ਲੱਗਾ। ਉਹਨੂੰ ਪਹਿਲੀ ਵਾਰ ਪਛਤਾਵਾ ਹੋ ਰਿਹਾ ਸੀ ਕਿ ਮੰਗੂ ਦੇ ਨਾਲ ਉਹਨੂੰ ਲੜਾਈ ਨਹੀਂ ਸੀ ਕਰਨੀ ਚਾਹੀਦੀ।

## 12

ਮਕਾਨ ਬਣਾਉਣ ਲਈ ਕੁਛ ਜ਼ਰੂਰੀ ਸਾਮਾਨ ਇਕੱਠਾ ਕਰਨ ਬਾਅਦ ਕਾਲੀ ਨੇ ਨੀਂਹ ਪੁੱਟਣ ਦਾ ਵਿਚਾਰ ਬਣਾਇਆ। ਉਹਦੇ ਸੱਜੇ ਪਾਸੇ ਬੰਤੂ ਦਾ ਮਕਾਨ ਸੀ ਅਤੇ ਖੱਬੇ ਪਾਸੇ ਨਿੱਕੂ ਦਾ। ਕਾਲੀ ਨੇ ਜੀਤੂ ਦੀ ਮਦਦ ਨਾਲ ਨੀਹਾਂ ਦੇ ਨਿਸ਼ਾਨ ਲਾ ਦਿੱਤੇ।

ਸਭ ਤੋਂ ਪਹਿਲਾਂ ਉਹਨੇ ਬੰਤੂ ਅਤੇ ਉਹਦੇ ਪਿਉ ਅਤੇ ਮਾਤਾ ਚਾਨਣ ਰਾਮ ਅਤੇ ਠਾਕੁਰੀ ਨੂੰ ਸੱਦ ਕੇ ਉਹਨਾਂ ਵਲ ਨੀਂਹ ਦੇ ਨਿਸ਼ਾਨ ਦਿਖਾਏ ਅਤੇ ਕਹਿਣ ਲੱਗਾ:

"ਤੁਸੀਂ ਆਪਣੀ ਤਸੱਲੀ ਕਰ ਲਉ ਕਿ ਕਿਤੇ ਮੈਂ ਤੁਹਾਡੀ ਥਾਂ ਤਾਂ ਨਹੀਂ ਘੇਰ ਲਈ।"

ਉਹਨਾਂ ਨੇ ਕਾਲੀ ਦੀ ਗੱਲ ਦਾ ਬੁਰਾ ਮਨਾਇਆ ਅਤੇ ਚਾਨਣ ਰਾਮ ਆਪਣਾ ਗੁੱਸਾ ਪ੍ਰਗਟ ਕਰਦਾ ਹੋਇਆ ਕਹਿਣ ਲੱਗਾ:

"ਤੂੰ ਕਿਹੜਾ ਮੁਰੱਬੇ ਵੰਡ ਰਿਹਾ, ਜਿਹੜਾ ਇਸ ਤਰ੍ਹਾਂ ਦੀ ਗੱਲ ਕਹਿਨੈ। ਸਾਨੂੰ ਤਾਂ ਖੁਸ਼ੀ ਹੋਈ ਹੈ ਕਿ ਤੇਰੀ ਪੱਕੀ ਕੰਧ ਦੇ ਆਸਰੇ ਸਾਡੇ ਕੱਚੀ ਕੰਧ ਵੀ ਖੜੀ ਰਹੇਗੀ।"

ਕਾਲੀ ਸ਼ਰਮਿੰਦਗੀ ਭਰੀ ਅਵਾਜ਼ ਵਿੱਚ ਬੋਲਿਆ:

"ਚਾਚਾ, ਕਈ ਲੋਕ ਇਤਰਾਜ਼ ਕਰ ਦਿੰਦੇ ਹਨ। ਕਦੇ ਕਦੇ ਤਾਂ ਇਸ ਗੱਲ 'ਤੇ ਝਗੜਾ-ਫਸਾਦ ਖੜਾ ਹੋ ਜਾਂਦਾ ਹੈ। ਇਸ ਤੋਂ ਤਾਂ ਇਹੀ ਚੰਗਾ ਕਿ ਸਾਰਾ ਮਾਮਲਾ ਪਹਿਲਾਂ ਹੀ ਸੁਲਝਾ ਲਿਆ ਜਾਵੇ।"

ਉਹਨਾਂ ਦੇ ਜਾਣ ਬਾਅਦ ਕਾਲੀ ਨਿੱਕੂ ਦੇ ਘਰ ਗਿਆ ਅਤੇ ਉਹਨੂੰ ਨੀਂਹ ਦੇ ਨਿਸ਼ਾਨ ਦੇਖਣ ਲਈ ਕਿਹਾ। ਨਿੱਕੂ ਚੁੱਪ ਰਿਹਾ ਪਰ ਉਹਦੀ ਘਰਵਾਲੀ ਪ੍ਰੀਤੋ ਕਾਲੀ ਨਾਲ ਤਿੱਖੀ ਅਵਾਜ਼ ਵਿੱਚ ਬੋਲੀ:

"ਕਾਲੀ, ਤੂੰ ਤਾਂ ਇਸ ਤਰ੍ਹਾਂ ਗੱਲ ਕਰ ਰਿਹਾ, ਜਿਵੇਂ ਅਸੀਂ ਤੇਰੇ ਸ਼ਰੀਕ ਹਾਂ।"

ਨਿੱਕੂ ਵੀ ਆਪਣੀ ਘਰਵਾਲੀ ਦੀ ਹਾਂ ਵਿੱਚ ਹਾਂ ਮਿਲਾ ਸਿਰ ਹਿਲਾਉਣ ਲੱਗਾ। ਕਾਲੀ ਹਾਸੇ ਮਜ਼ਾਕ ਵਿੱਚ ਨਿੱਕੂ ਨੂੰ ਘਰ ਤੋਂ ਬਾਹਰ ਲੈ ਆਇਆ ਅਤੇ ਉਹਨੂੰ ਨੀਂਹ ਦੇ ਨਿਸ਼ਾਨ ਦਿਖਾ ਦਿੱਤੇ।

"ਚਾਚਾ, ਦੇਖ ਲਾ, ਨਿਸ਼ਾਨ ਠੀਕ ਹਨ ਕਿ ਨਹੀਂ? ਕੋਈ ਇਤਰਾਜ਼ ਹੋਵੇ ਤਾਂ ਹੁਣੇ ਦਸ ਦੇ।"

ਨਿੱਕੂ ਨੇ ਸਿਰ ਹਿਲਾ ਕੇ ਆਪਣੀ ਹਾਮੀ ਭਰ ਦਿੱਤੀ ਅਤੇ ਘਰ ਵਾਪਸ ਚਲਾ ਗਿਆ। ਉਹਦੇ ਪਿੱਛੇ ਪਿੱਛੇ ਮੰਗੂ ਵੀ ਗਲੀ ਵਿੱਚ ਆ ਰਿਹਾ ਸੀ। ਉਹ ਨਿੱਕੂ ਦੇ ਨਾਲ ਉਹਦੇ ਘਰ ਵਿੱਚ ਵੜ ਗਿਆ।

ਕਾਲੀ ਨੇ ਇਹ ਦੇਖ ਕੇ ਸੋਚਿਆ ਕਿਸ ਤਰ੍ਹਾਂ ਸਭ ਤੋਂ ਪਹਿਲਾਂ ਨਿੱਕੂ ਦੀ ਕੰਧ ਦੇ ਨਾਲ ਨੀਂਹ ਪੁੱਟ ਲਵੇ। ਉਹਨੇ ਜੀਤੂ ਦੀ ਸਹਾਇਤਾ ਨਾਲ ਕੰਮ ਸ਼ੁਰੂ ਕਰ ਦਿੱਤਾ। ਅਜੇ ਉਹ ਕੱਚੇ ਨਿਸ਼ਾਨਾਂ ਨੂੰ ਪੱਕਾ ਹੀ ਕਰ ਰਹੇ ਸਨ ਕਿ ਨਿੱਕੂ ਸਿਰ 'ਤੇ ਮੜਾਸਾ ਮਾਰੀ ਅਤੇ ਹੱਥ ਵਿੱਚ ਪਤਲੀ ਜਿਹੀ ਲਾਠੀ ਫੜ ਕੇ ਕਾਲੀ ਦੇ ਸਾਹਮਣੇ ਆ ਖੜ੍ਹਾ ਹੋਇਆ ਅਤੇ ਰੋਅਬ ਨਾਲ ਬੋਲਿਆ:

"ਮੈਂ ਏਥੇ ਨੀਂਹ ਨਹੀਂ ਪੁੱਟਣ ਦੇਊਂਗਾ। ਇਹ ਮੇਰੀ ਥਾਂ ਹੈ।"

ਕਾਲੀ ਹੈਰਾਨੀ ਨਾਲ ਉਹਦੀ ਵਲ ਦੇਖਦਾ ਹੋਇਆ ਬੋਲਿਆ:

"ਚਾਚਾ, ਜਦੋਂ ਮੈਂ ਤੈਨੂੰ ਨਿਸ਼ਾਨ ਦਿਖਾਏ ਸੀ ਤਾਂ ਉਸ ਵੇਲੇ ਤੂੰ ਚੁੱਪ ਰਿਹਾ। ਹੁਣ ਮੈਂ ਨੀਂਹ ਪੁੱਟਣੀ ਸ਼ੁਰੂ ਕੀਤੀ ਹੈ ਤਾਂ ਤੂੰ ਸਿਰ 'ਤੇ ਮੜਾਸਾ ਮਾਰੀ ਝਗੜਾ ਕਰਨ ਆ ਗਿਆਂ।"

ਨਿੱਕੂ ਨਿਸ਼ਾਨ ਲੱਗੀ ਜ਼ਮੀਨ 'ਤੇ ਪੈਰ ਰੱਖਦਾ ਹੋਇਆ ਕਹਿਣ ਲੱਗਾ:

"ਇਹ ਥਾਂ ਮੇਰੀ ਹੈ। ਮੈਂ ਇਸ ਥਾਂ ਨੀਂਹ ਨਹੀਂ ਪੁੱਟਣ ਦੇਊਂਗਾ।"

"ਚਾਚਾ, ਇਸ ਤਰ੍ਹਾਂ ਰੌਲਾ ਪਾਉਣ ਦਾ ਕੀ ਫਾਇਦਾ। ਧੀਰਜ ਨਾਲ ਗੱਲ ਕਰ।" ਕਾਲੀ ਨੇ ਕਹੀ ਸੁੱਟਦੇ ਹੋਏ ਕਿਹਾ।

"ਮੇਰੀ ਜਾਨ ਚਲੀ ਜਾਵੇ ਪਰਵਾਹ ਨਹੀਂ, ਪਰ ਮੈਂ ਤੈਨੂੰ ਏਥੇ ਨੀਂਹ ਨਹੀਂ ਪੁੱਟਣ ਦੇਊਂਗਾ।"

ਰੌਲਾ ਸੁਣ ਕੇ ਕਈ ਤੀਵੀਂਆਂ ਆਪਣੇ ਘਰਾਂ ਤੋਂ ਬਾਹਰ ਆ ਗਈਆਂ। ਕੁਛ ਕਾਲੀ ਦੇ ਘਰ ਦੇ ਸਾਹਮਣੇ ਇਕੱਠੀਆਂ ਹੋ ਗਈਆਂ। ਭੀੜ ਦੇ ਵਧਣ ਦੇ ਨਾਲ ਨਾਲ ਕਾਲੀ ਦੀ ਪਰੇਸ਼ਾਨੀ ਵੀ ਵਧਣ ਲੱਗੀ। ਨਿੱਕੂ ਨੇ ਜਦੋਂ ਦੇਖਿਆ ਕਿ ਗਲੀ ਵਿੱਚ ਕਾਫੀ ਭੀੜ ਇਕੱਠੀ ਹੋ ਗਈ ਹੈ ਤਾਂ ਉਹ ਲੋਕਾਂ ਦੀ ਹਮਦਰਦੀ ਲੈਣ ਲਈ ਰੁਆਂਸੀ ਅਵਾਜ਼ ਵਿੱਚ ਬੋਲਿਆ:

"ਕਾਲੀ ਦੇ ਕੋਲ ਪੈਸਾ ਹੈ ਅਤੇ ਉਹ ਤਕੜਾ ਤੇ ਜਵਾਨ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਗਰੀਬ ਅਤੇ ਕਮਜ਼ੋਰ ਗਵਾਂਢੀ ਦਾ ਹੱਕ ਮਾਰ ਲਵੇ।। ਮੈਂ ਇਥੇ ਮਰ ਜਾਊਂਗਾ ਪਰ ਇਹਨੂੰ ਆਪਣੀ ਥਾਂ ਵਿੱਚ ਨੀਂਹ ਨਹੀਂ ਪੁੱਟਣ ਦੇਊਂਗਾ।"

ਕਾਲੀ ਵੀ ਗਲੀ ਵਿੱਚ ਖੜੀਆਂ ਤੀਵੀਂਆਂ ਨੂੰ ਸੰਬੋਧਨ ਹੁੰਦਾ ਹੋਇਆ ਬੋਲਿਆ:

"ਮੈਂ ਕੱਚੇ ਨਿਸ਼ਾਨ ਲਗਾਉਣ ਤੋਂ ਬਾਅਦ ਇਹਦੇ ਅੱਗੇ ਹੱਥ ਜੋੜ ਕੇ ਕਿਹਾ ਕਿ ਆ ਕੇ ਨਿਸ਼ਾਨ ਦੇਖ ਲੈ। ਇਹ ਤਾਂ ਚੁੱਪ ਰਿਹਾ ਪਰ ਚਾਚੀ ਪ੍ਰੀਤੋ ਮੈਨੂੰ ਝਿੜਕਨ ਲੱਗੀ ਕਿ ਮੈਂ ਉਹਨਾਂ 'ਤੇ ਬੇਇਤਬਾਰੀ ਕਰ ਰਿਹਾਂ। ਫਿਰ ਵੀ ਮੈਂ ਇਹਨੂੰ ਇਥੇ ਲਿਆ ਕੇ ਨਿਸ਼ਾਨ ਦਿਖਾ ਦਿੱਤੇ ਅਤੇ ਇਸ ਨੇ ਕੋਈ ਇਤਰਾਜ਼ ਨਹੀਂ ਕੀਤਾ। ਹੁਣ ਲਾਠੀ ਚੁੱਕ ਕੇ ਝਗੜਾ ਕਰਨ ਆ ਗਿਆ।"

ਕਾਲੀ ਨਿੱਕੂ ਦੇ ਕੋਲ ਆ ਕੇ ਉਹਦਾ ਹੱਥ ਫੜਨ ਦੀ ਕੋਸ਼ਿਸ਼ ਕਰਦਾ ਹੋਇਆ ਬੋਲਿਆ:

"ਚਾਚਾ, ਮੇਰੀ ਗੱਲ ਤਾਂ ਸੁਣ।"

ਨਿੱਕੂ ਝਟਕੇ ਨਾਲ ਆਪਣਾ ਹੱਥ ਛੁੜਾਉਂਦਾ ਹੋਇਆ ਉੱਚੀ ਅਵਾਜ਼ ਵਿੱਚ ਬੋਲਿਆ:

"ਜ਼ੋਰਾਵਰ ਦਾ ਸੱਤੀਂ ਵੀਹੀਂ ਸੌ। ਇਕ ਤਾਂ ਮੇਰੀ ਜ਼ਮੀਨ ਹੜਪ ਰਿਹਾ ਅਤੇ ਹੁਣ ਮੈਨੂੰ ਮਾਰਨ 'ਤੇ ਵੀ ਉਤਾਰੂ ਹੋ ਗਿਆ।"

ਨਿੱਕੂ ਆਪਣੇ ਗੋਡੇ ਨੂੰ ਇਸ ਤਰ੍ਹਾਂ ਸਹਿਲਾਉਣ ਲੱਗਾ ਜਿਵੇਂ ਉਸ 'ਤੇ ਸਖਤ ਸੱਟ ਲੱਗੀ ਹੋਵੇ।

ਪ੍ਰੀਤੋ ਹੁਣ ਤੱਕ ਚੁੱਪ ਖੜੀ ਸੀ, ਪਰ ਨਿੱਕੂ ਨੂੰ ਆਪਣਾ ਗੋਡਾ ਸਹਿਲਾਉਂਦਾ ਹੋਇਆ ਦੇਖ ਉਹ ਬਹੁਤ ਤਿੱਖੀ ਅਵਾਜ਼ ਵਿੱਚ ਬੋਲੀ:

" ਮੋਏ ਕਾਲੀ ਨੂੰ ਨਵੀਂ ਜਵਾਨੀ ਆਈ ਹੈ। ਹਰ ਇਕ ਨੂੰ ਮਾਰਦਾ ਫਿਰਦਾ ਹੈ।"

ਅਤੇ ਫਿਰ ਉਹ ਬਾਹਾਂ ਲਹਿਰਾਉਂਦੀ ਹੋਈ ਬੋਲੀ:

"ਮੋਏ ਨੂੰ ਪਲੇਗ ਨਿਕਲੇ – ਕਾਲਾ ਤਾਪ ਚੜੇ – ਦਰ ਦਰ ਮੰਗਦਾ ਫਿਰੇ।" ਚਾਚੀ ਨੇ ਪ੍ਰੀਤੋ ਨੂੰ ਗਾਲ੍ਹਾਂ ਦਿੰਦੀ ਸੁਣਿਆ ਤਾਂ ਉਹ ਵੀ ਭੜਕ ਪਈ:

"ਪਲੇਗ ਨਿਕਲੇ ਤੈਨੂੰ ਅਤੇ ਤੇਰੇ ਖਸਮ ਨੂੰ ਅਤੇ ਤੇਰੇ ਬੱਚਿਆਂ ਦੀ ਫੌਜ ਨੂੰ, ਜੋ ਸਾਰਾ ਦਿਨ ਘਰ ਘਰ ਦੇ ਦਰਵਾਜ਼ੇ ਸੁੰਘਦੇ ਫਿਰਦੇ ਹਨ।"

ਗਿਆਨੋ ਚਾਚੀ ਦੇ ਕੋਲ ਖੜੀ ਸੀ। ਉਹ ਉਹਨੂੰ ਚੁੱਪ ਕਰਾ ਕੇ ਪ੍ਰੀਤੋ ਕੋਲ ਚਲੇ ਗਈ ਅਤੇ ਉਹਦੇ ਮੂੰਹ ਅੱਗੇ ਹੱਥ ਰੱਖਦੀ ਹੋਈ ਬੋਲੀ:

"ਚਾਚੀ ਮਰਦਾਂ ਦਾ ਝਗੜਾ ਹੈ, ਤੂੰ ਵਿੱਚ ਕਿਉਂ ਦਖਲ ਦਿੰਦੀ ਆਂ।"

"ਰੰਡੀਏ ਮੈਨੂੰ ਸਮਝਾਉਣ ਵਾਲੀ ਤੂੰ ਕੌਣ ਆਂ। ਆਈ ਆ ਉਹਦੇ ਨਾਲ ਹਮਦਰਦੀ ਜਤਾਉਣ। ਸ਼ਰਮ ਹੁੰਦੀ ਤਾਂ ਭਰਾ ਨੂੰ ਪਈ ਕੁੱਟ ਏਨੀ ਛੇਤੀਂ ਨਾ ਭੁਲਦੀ।"

ਪ੍ਰੀਤੋ ਨੇ ਗਿਆਨੋ ਦਾ ਹੱਥ ਆਪਣੇ ਮੂੰਹ ਤੋਂ ਹਟਾਉਂਦੀ ਨੇ ਕਿਹਾ। ਗਿਆਨੋ ਸ਼ਰਮਿੰਦੀ ਜਿਹੀ ਪਿੱਛੇ ਹੱਟ ਗਈ।

ਜਦੋਂ ਪ੍ਰੀਤੋ ਅਤੇ ਚਾਚੀ ਨੂੰ ਬੋਲ ਬੋਲ ਕੇ ਪਸੀਨਾ ਆਉਣ ਲੱਗਾ ਤਾਂ ਕਾਲੀ ਚਾਚੀ ਦਾ ਮੋਢਾ ਹੌਲੀ ਦੇਣੀ ਦਬਦਾ ਹੋਇਆ ਬੋਲਿਆ:

"ਚਾਚੀ, ਕਿਉਂ ਬੋਲੀ ਜਾਂਦੀ ਆਂ, ਲੜਾਈ ਤਾਂ ਏਦਾਂ ਸ਼ੁਰੂ ਕਰ ਦਿੱਤੀ ਜਿਵੇਂ ਇਥੇ ਖੂਨ ਹੋ ਗਿਆ ਹੋਵੇ।"

"ਖੂਨ ਕਰ ਦੇ। ਤੇਰੇ ਸਿਰ 'ਤੇ ਤਾਂ ਖੂਨ ਸਵਾਰ ਹੋਇਆ ਹੀ ਹੈ। ਪੱਲੇ ਚਾਰ ਪੈਸੇ ਕੀ ਹੋ ਗਏ ਕਿ ਹਰ ਇਕ ਦੇ ਪਿੱਛੇ ਲਾਠੀ ਲੈ ਕੇ ਘੁੰਮਦਾ ਫਿਰਦਾ ਹੈ।" ਪ੍ਰੀਤੋ ਦਾ ਗੁੱਸਾ ਪਲ ਪਲ ਵਧਦਾ ਹੀ ਜਾ ਰਿਹਾ ਸੀ। ਕਾਲੀ ਦੇ ਕਹਿਣ 'ਤੇ ਚਾਚੀ ਚੁੱਪ ਹੋ ਗਈ ਸੀ। ਗਿਆਨੋ ਨੇ ਜਦੋਂ ਪ੍ਰੀਤੋ ਨੂੰ ਗਾਲ੍ਹਾਂ ਕੱਢਦੀ ਨੂੰ ਸੁਣਿਆ ਤਾਂ ਉਹ ਉਹਨੂੰ ਚੁੱਪ ਕਰਵਾਉਣ ਉਹਦੀ ਵਲ ਆ ਗਈ। ਉਹਨੂੰ ਆਪਣੀ ਵਲ ਆਉਂਦੀ ਦੇਖ ਪ੍ਰੀਤੋ ਚੀਖਦੀ ਹੋਈ ਬੋਲੀ:

"ਰੰਡੀ ਯਰਾਨੇ ਪਾਲਦੀ ਆ। ਉਹਨਾਂ ਦੀ ਤਰਫਦਾਰੀ ਤਾਂ ਏਦਾਂ ਕਰਦੀ ਆ ਜਿਵੇਂ ਮਕਾਨ ਕਾਲੀ ਦਾ ਨਹੀਂ, ਇਹਦਾ ਬਣ ਰਿਹਾ ਹੋਵੇ।"

ਗਿਆਨੋ ਬੁੜਬੁੜਾਉਂਦੀ ਹੋਈ ਉਲਟੇ ਪੈਰ ਵਾਪਸ ਆ ਗਈ। ਕਾਲੀ ਗੁੱਸੇ ਨਾਲ ਅੱਗ-ਬਗੂਲਾ ਹੋ ਗਿਆ ਪਰ ਬਹੁਤ ਸਾਰੀਆਂ ਤੀਵੀਂਆਂ ਨੂੰ ਉੱਥੇ ਖੜੀਆਂ ਦੇਖ ਚੁੱਪ ਰਿਹਾ। ਚਾਚੀ ਤੋਂ ਚੁੱਪ ਨਾ ਰਿਹਾ ਗਿਆ। ਉਹ ਪ੍ਰੀਤੋ ਵਲ ਵਧਦੀ ਬੋਲੀ:

"ਪਹਿਲਾਂ ਤੂੰ ਆਪਣੀ ਪੀੜ੍ਹੀ ਹੇਠ ਤਾਂ ਝਾਕ ਕੇ ਦੇਖ। ਲੁੱਚੀ ਰੰਨ ਆਪਣੇ ਆਪ ਨੂੰ ਖਾਨਦਾਨੀ ਸਮਝਦੀ ਆ।"

ਰੌਲਾ ਸੁਣ ਕੇ ਤਾਈ ਨਿਹਾਲੀ ਵੀ ਉੱਥੇ ਆ ਗਈ। ਜੀਤੂ ਨੂੰ ਕਾਲੀ ਦੇ ਨੇੜੇ ਦੇਖ ਕੇ ਉਹ ਡਰ ਗਈ। ਉਹ ਘਬਰਾਈ ਹੋਈ ਜੀਤੂ ਦੇ ਕੋਲ ਆ ਗਈ ਅਤੇ ਉਹਦੀ ਬਾਂਹ ਫੜ ਕੇ ਬੋਲੀ:

"ਕਾਕਾ ਚਲ ਇੱਥੋਂ। ਤੂੰ ਖਾਹਮਖਾਹ ਕਿਉਂ ਲੜਾਈ ਵਿੱਚ ਪੈਂਦਾ।"

"ਮਾਂ, ਇੱਥੇ ਡਾਗਾਂ ਨਹੀਂ ਚਲਦੀਆਂ। ਜਾ ਘਰ ਜਾ ਕੇ ਬੈਠ। " ਜੀਤੂ ਤਾਈ ਨਿਹਾਲੀ ਨੂੰ ਪਿੱਛੇ ਧਕਦਾ ਹੋਇਆ ਬੋਲਿਆ।

"ਕਾਕਾ ਸਾਨ੍ਹਾਂ ਦੀ ਲੜਾਈ ਵਿੱਚ ਤੂੰ ਖਾਹਮਖਾਹ ਮਾਰਿਆ ਜਾਏਂਗਾ। ਮੈਥੋਂ ਥਾਣਾ-ਕਚਿਹਰੀਆਂ ਨਹੀਂ ਭੁਗਤੀਆਂ ਜਾਣੀਆਂ।"

ਜੀਤੂ ਨੇ ਤਾਈ ਨਿਹਾਲੀ ਵਲ ਹੋਰ ਘੂਰ ਕੇ ਦੇਖਿਆ ਅਤੇ ਬਹੁਤ ਤਿੱਖੀ ਅਵਾਜ਼ ਵਿੱਚ ਬੋਲਿਆ:

"ਮੇਰੇ ਪਿੱਛੇ-ਪਿੱਛੇ ਸਾਰਾ ਦਿਨ ਏਦਾਂ ਘੁੰਮਦੀ ਰਹਿੰਦੀ ਆਂ ਜਿਵੇਂ ਮੈਂ ਦੋ ਸਾਲ ਦਾ ਬੱਚਾ ਹੋਵਾਂ।"

ਜੀਤੂ ਨੇ ਤਾਈ ਨਿਹਾਲੀ ਨੂੰ ਝਿੜਕ ਦਿੱਤਾ। ਤਾਂ ਉਹ ਰੁਆਂਸੀ ਜਿਹੀ ਅਵਾਜ਼ ਵਿੱਚ ਬੋਲੀ:

"ਇਹ ਤਾਂ ਮੇਰੀ ਜਾਨ ਦਾ ਦੁਸ਼ਮਣ ਬਣ ਗਿਆ ਹੈ।" ਤਾਈ ਨਿਹਾਲੀ ਚਾਚੀ ਪ੍ਰਤਾਪੀ ਦੇ ਕੋਲ ਆ ਕੇ ਬੋਲੀ:

"ਪ੍ਰਤਾਪੀਏ, ਤੂੰ ਹੀ ਇਹਨੂੰ ਸਮਝਾ।"

ਪ੍ਰੀਤੋ ਨੇ ਤਾਈ ਨਿਹਾਲੀ ਅਤੇ ਪ੍ਰਤਾਪੀ ਨੂੰ ਇਕੱਠੀਆਂ ਦੇਖਿਆ ਤਾਂ ਜੀਤੂ ਨੂੰ ਵੀ ਗਾਲ੍ਹਾਂ ਕੱਢਦੀ ਹੋਈ ਬੋਲੀ:

"ਰੰਡੀ ਦਾ ਪੁੱਤ ਸੌਦਾਗਰ ਦਾ ਘੋੜਾ ਕਦੇ ਸਿੱਧੇ ਰਾਹ ਨਹੀਂ ਚਲਦੇ। ਕੀ ਤੂੰ ਪਹਿਲੀ ਕੁੱਟ ਭੁੱਲ ਗਿਆ ਜੋ ਇਸ ਤਰ੍ਹਾਂ ਫਿਰ ਆਕੜਨ ਲੱਗਾਂ। ਮੁਸ਼ਟੰਡਾ ਕਿਤੋਂ ਦਾ।"

"ਤੇਰੀ ਸ਼ਰਾਫਤ ਨੂੰ ਵੀ ਮੈਂ ਚੰਗੀ ਤਰ੍ਹਾਂ ਜਾਣਦਾਂ।" ਜੀਤੂ ਨੇ ਗੁੱਸੇ ਬਹੁਤ ਗੁੱਸੇ ਭਰੀ ਅਵਾਜ਼ ਵਿੱਚ ਕਿਹਾ।

"ਤੂੰ ਬੁੜੀਆਂ ਦੀ ਲੜਾਈ ਵਿੱਚ ਕਿਉਂ ਬੋਲਦਾਂ।" ਕਾਲੀ ਨੇ ਜੀਤੂ ਨੂੰ ਝਿੜਕਦੇ ਹੋਏ ਕਿਹਾ।

ਜੀਤੂ ਕਹੀ ਚੁੱਕ ਕੇ ਨਿੱਕੂ ਵਲ ਵਧਦਾ ਹੋਇਆ ਬੋਲਿਆ:

"ਇਸ ਤਰ੍ਹਾਂ ਕੰਮ ਹੋਣ ਤੋਂ ਰਿਹਾ। ਇਹ ਤਾਂ ਜੁੱਤੀ ਦਾ ਯਾਰ ਆ।"

ਨਿੱਕੂ ਨੇ ਜੀਤੂ ਨੂੰ ਆਪਣੀ ਵਲ ਆਉਂਦੇ ਦੇਖਿਆ ਤਾਂ ਉਹਨੂ ਲਲਕਾਰਦਾ ਹੋਇਆ ਬੋਲਿਆ:

"ਹਿੰਮਤ ਹੈ ਤਾਂ ਅੱਗੇ ਆ। ਤੇਰੇ ਟੁੱਕੜੇ ਕਰ ਦੇਊਂਗਾ। ਰੰਡੀ ਦਾ ਪੁੱਤ ਆਪਣੇ ਆਪ ਨੂੰ ਬਹੁਤ ਲਾਟ ਸਾਹਿਬ ਸਮਝਦਾ ਹੈ।"

ਜੀਤੂ ਨੇ ਨਿੱਕੂ ਨੂੰ ਮੋਟੀ ਜਿਹੀ ਗਾਲ੍ਹ ਕੱਢੀ ਅਤੇ ਉਹਦੇ ਵਲ ਵਧਿਆ ਪਰ ਕਾਲੀ ਨੇ ਉਹਨੂੰ ਆਪਣੀਆਂ ਬਾਹਾਂ ਵਿੱਚ ਭਰ ਲਿਆ।

"ਜੀਤੂ, ਹੋਸ਼ ਕਰ।"

ਪ੍ਰੀਤੋ, ਜੀਤੂ ਦਾ ਇਹ ਰੰਗ ਦੇਖ ਕੇ ਹੋਰ ਵੀ ਜ਼ਿਆਦਾ ਭੜਕ ਪਈ:

"ਤੇਰਾ ਕੁਛ ਨਾ ਰਹੇ। ਰੱਬ ਤੈਨੂੰ ਚੜ੍ਹਦੀ ਜਵਾਨੀ ਵਿੱਚ ਚੁੱਕ ਲਵੇ। ਤੇਰੀ ਦੇਹ ਵਿੱਚ ਕੀੜੇ ਪੈਣ।"

ਪ੍ਰੀਤੋ ਦੀਆਂ ਗਾਲ੍ਹਾਂ ਸੁਣ ਕੇ ਤਾਈ ਨਿਹਾਲੀ ਵੀ ਜਵਾਬ ਵਿੱਚ ਗਾਲ੍ਹਾਂ ਦੇਣ ਲੱਗੀ। ਚਾਚੀ ਪ੍ਰਤਾਪੀ ਵੀ ਨਿਹਾਲੀ ਦੇ ਨਾਲ ਰਲ ਗਈ। ਪ੍ਰੀਤੋ ਦੇ ਨਾਲ ਉਹਦੀ ਜਵਾਨ ਧੀ ਲੱਛੋ ਆ ਰਲੀ। ਕੰਨ ਪਈ ਅਵਾਜ਼ ਨਹੀਂ ਸੁਣ ਰਹੀ ਸਿ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਪੱਠੇ ਕੁਤਰਨ ਵਾਲੀਆਂ ਕਈ ਮਸ਼ੀਨਾਂ ਇਕੋ ਵੇਲੇ ਇਕੱਠੀਆਂ ਚੱਲ ਰਹੀਆਂ ਹੋਣ। ਗਿਆਨੋ ਸਾਰਿਆਂ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਜਦੋਂ ਉਹ ਫਿਰ ਪ੍ਰੀਤੋ ਦੇ ਕੋਲ ਆਈ ਤਾਂ ਉਹ ਫਿਰ ਉਹਦੇ ਮੂੰਹ ਵਿੱਚ ਹੱਥ ਦਿੰਦੀ ਹੋਈ ਬੋਲੀ:

"ਚਲੀ ਜਾ ਮੇਰੇ ਕੋਲੋਂ; ਕੰਜਰੀ ਕਿਤੋਂ ਦੀ। ਆਪਣੇ ਭਰਾ ਦੀ ਇੱਜ਼ਤ ਨੂੰ ਸਾਰਿਆਂ ਦੇ ਸਾਹਮਣੇ ਮਿੱਟੀ ਵਿੱਚ ਮਿਲਾ ਰਹੀ ਆਂ।"

ਗਿਆਨੋ ਵੀ ਭੜਕ ਪਈ ਅਤੇ ਗੁੱਸੇ ਵਿੱਚ ਬੋਲੀ:

"ਚਾਚੀ, ਜ਼ਬਾਨ ਸੰਭਾਲ ਕੇ ਗੱਲ ਕਰ।"

ਚਾਚੀ ਪ੍ਰਤਾਪੀ ਪ੍ਰੀਤੋ ਵਲ ਲਪਕਦੀ ਹੋਈ ਬੋਲੀ:

"ਦੁਨੀਆਂ ਵਿੱਚ ਲੋਕ ਲਾਜ ਵੀ ਕੋਈ ਚੀਜ਼ ਹੁੰਦੀ ਹੈ। ਤੇਰੇ ਵਿੱਚ ਉਹ ਵੀ ਹੈ ਨਹੀਂ। ਕੰਵਾਰੀ ਕੁੜੀ 'ਤੇ ਤੁਹਮਤ ਲਾਉਂਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ।"

"ਕੰਜਰੀ ਤਾਂ ਹੈ ਹੀ ਜੋ ਤੇਰੀ ਇਸ ਤਰ੍ਹਾਂ ਤਰਫਦਾਰੀ ਕਰਦੀ ਹੈ। ਕੀ ਲੱਗਦੀ ਹੈ ਇਹ ਤੇਰੀ?"

"ਪ੍ਰੀਤੋ ਤੈਨੂੰ ਸਾਰੀ ਦੁਨਿਆਂ ਆਪਣੇ ਵਰਗੀ ਦਿਸਦੀ ਆ। ਤੂੰ ਤਾਂ ਕੁੱਤੀ ਨੂੰ ਵੀ ਪਿੱਛੇ ਛੱਡ ਦਿੱਤਾ। ਤੂੰ ਬਾਹਰ ਨਿਕਲਦੀ ਆਂ ਤਾਂ ਦਸ ਮਰਦ ਤੇਰੇ ਪਿੱਛੇ ਹੁੰਦੇ ਹਨ। ਤੇਰੀ ਲੜਕੀ ਨਿਕਲਦੀ ਆ ਤਾਂ ਵੀਹ ਉਹਦੇ ਪਿੱਛੇ ਹੁੰਦੇ ਹਨ। ਜੇ ਤੂੰ ਸੱਚੀਆਂ ਗੱਲਾਂ ਸੁਣਨੀਆਂ ਚਾਹੁੰਦੀ ਆਂ ਤਾਂ ਅੱਜ ਸੁਣ ਲੈ।"

ਚਾਚੀ ਪ੍ਰੀਤੋ ਨੂੰ ਮੂੰਹ ਝਕਾਉਂਦੀ ਬੋਲੀ:

"ਤੂੰ ਆਪਣੀਆਂ ਕਰਤੂਤਾਂ ਬਹੁਤ ਜ਼ਲਦੀ ਭੁੱਲ ਗਈ। ਅੱਜ ਉਹ ਚੌਧਰੀ ਤੈਨੂੰ ਖਟਕਣ ਲੱਗੇ ਹਨ ਜਿਹਨਾਂ ਦੇ ਘਰਾਂ ਵਿੱਚ ਤੂੰ ਸਾਰਾ ਸਾਰਾ ਦਿਨ ਪਈ ਰਹਿੰਦੀ ਸੀ। ਤੂੰ ਤਾਂ ਬਾਜ਼ੀਗਰਾਂ ਦੇ ਕੋਠਿਆਂ ਤੱਕ ਵੀ ਜਾ ਪਹੁੰਚੀ ਸੀ।"

ਪ੍ਰੀਤੋ ਨੇ ਚਾਚੀ ਨੂੰ ਨਾਲ ਹੀ ਦਸ-ਵੀਹ ਗਾਲ੍ਹਾਂ ਕੱਢ ਦਿੱਤੀਆਂ

"ਤੂੰ ਨੱਥਾ ਸਿੰਘ ਦੀ ਜੋਰੋ ।।। ਤੂੰ ਉੱਚੇ ਮੁਹੱਲੇ ਵਾਲੇ ਖੜਕ ਸਿੰਘ ਦੀ ਰਖੇਲ ।।। ਤੂੰ ਬਾਬਕ ਦੇ ਲਾਲਾ ਚਮਨ ਲਾਲ ਦੀ ਰੰਨ ।।। ਤੂੰ ਆਪਣੇ ਪਿੰਡ ਦੇ ਜਵਾਨ ਤਾਂ ਕੀ, ਆਲੇ ਦੁਆਲੇ ਦੇ ਬੁੱਢੇ ਨਹੀਂ ਛੱਡੇ। ਤੈਨੂੰ ਤਾਂ ਹੁਣ ਵੀ ਸ਼ਰਮ ਨਹੀਂ ਆਉਂਦੀ। ਦਸ ਨਿਆਣਿਆਂ ਦੀ ਮਾਂ ਬਣ ਗਈ ਪਰ ਤੇਰਾ ਤੇਲ, ਸੁਰਮਾ ਅਤੇ ਕੰਘੀ ਪੱਟੀ ਹਾਲੇ ਵੀ ਕੁੜੀਆਂ ਵਰਗੀ ਹੈ।" ਚਾਚੀ ਬਾਹਾਂ ਉਲਾਰ ਉਲਾਰ ਕੇ ਬੋਲ ਰਹੀ ਸੀ ਅਤੇ ਉਹਦੇ ਮੂੰਹ ਵਿੱਚੋਂ ਝੱਗ ਵਗ ਰਹੀ ਸੀ।

ਪ੍ਰੀਤੋ ਵੀ ਲੜਾਈ ਵਿੱਚ ਆਪਣੇ ਆਪ ਨੂੰ ਭੁੱਲ ਗਈ ਸੀ। ਉਹਦੀ ਚੁੰਨੀ ਸਿਰ ਤੋਂ ਖਿਸਕ ਕੇ ਪੈਰਾਂ ਵਿੱਚ ਆ ਡਿੱਗੀ ਸੀ। ਕਮੀਜ਼ ਦੇ ਬਟਨ ਖੁਲ੍ਹ ਗਏ ਸਨ। ਉਹਦੇ ਛੋਟੇ ਬੱਚੇ ਸਹਿਮੇ ਹੋਏ ਉਹਦੀਆਂ ਲੱਤਾਂ ਨਾਲ ਆ ਚਿੰਬੜੇ ਸਨ। ਉਹ ਇਕ ਦੂਜੀ ਨੂੰ ਜੋ ਮੂੰਹ ਆਉਂਦਾ ਉਹ ਕਹਿ ਰਹੀਆਂ ਸਨ। ਪਿੰਡ ਦਾ ਕੋਈ ਜੱਟ ਏਦਾਂ ਦਾ ਨਹੀਂ ਸੀ, ਜਿਹਦਾ ਇਸ ਲੜਾਈ ਵਿੱਚ ਜ਼ਿਕਰ ਨਾ ਆਇਆ ਹੋਵੇ। ਕਾਲੀ ਅਤੇ ਜੀਤੂ ਆਪਣੇ ਬਲਦੀਅਤ ਬਾਰੇ ਨਵੇਂ ਨਵੇਂ ਕਿੱਸੇ ਸੁਣ ਕੇ ਸ਼ਰਮ ਨਾਲ ਜ਼ਮੀਨ ਵਿੱਚ ਧਸਦੇ ਜਾ ਰਹੇ ਸਨ। ਨਿੱਕੂ ਵੀ ਗਰਦਨ ਝੁਕਾ ਕੇ ਜ਼ਮੀਨ 'ਤੇ ਬੈਠ ਗਿਆ ਸੀ।

ਕਾਲੀ ਨੇ ਜਦੋਂ ਦੇਖਿਆ ਕਿ ਗੱਲ ਔਰਤਾਂ ਤੋਂ ਹਟ ਕੇ ਬੱਚਿਆਂ ਅਤੇ ਵੱਡਿਆਂ ਤਕ ਆ ਪਹੁੰਚੀ ਹੈ ਤਾਂ ਉਹ ਚਾਚੀ ਅੱਗੇ ਹੱਥ ਜੋੜਦਾ ਹੋਇਆ ਬੋਲਿਆ:

"ਚਾਚੀ ਬਸ ਕਰ। ਕਿਉਂ ਲੋਕਾਂ ਨੂੰ ਤਮਾਸ਼ਾ ਦਿਖਾਉਂਦੀ ਹੈ।"

ਚਾਚੀ ਚੁੱਪ ਹੋਣ ਦੀ ਥਾਂ ਹੋਰ ਵੀ ਜ਼ਿਆਦਾ ਜ਼ੋਰ ਨਾਲ ਬੋਲਣ ਲੱਗੀ। ਉਹਦਾ ਸਾਹ ਫੁੱਲ ਰਿਹਾ ਸੀ। ਉਹ ਕਾਲੀ ਨੂੰ ਇਕ ਪਾਸੇ ਕਰਦੀ ਹੋਈ ਬੋਲੀ:

"ਕਾਕਾ, ਪਰੇ ਹੱਟ ਜਾ, ਰੋਜ਼ ਰੋਜ਼ ਦਾ ਕਲੇਸ਼ ਚੰਗਾ ਨਹੀਂ ਹੁੰਦਾ। ਅੱਜ ਇਸ ਰੰਡੀ ਨਾਲ ਫੈਸਲਾ ਕਰਕੇ ਹੀ ਹਟੂੰਗੀ।"

ਕਾਲੀ ਨੇ ਚਾਚੀ ਦਾ ਇਹ ਰੂਪ ਪਹਿਲਾਂ ਕਦੇ ਨਹੀਂ ਦੇਖਿਆ ਸੀ। ਉਹ ਅੱਗ ਦੀ ਤਰ੍ਹਾਂ ਦਹਿਕ ਰਹੀ ਸੀ। ਉਹ ਉਹਨੂੰ ਫੜ ਕੇ ਪਿੱਛੇ ਲੈ ਆਇਆ ਅਤੇ ਆਪਣੇ ਘਰ ਤੋਂ ਦੂਰ ਚੁਗਾਨ ਵਲ ਲੈ ਗਿਆ। ਚਾਚੀ ਪਿੱਛੇ ਮੁੜ ਮੁੜ ਕੇ ਪ੍ਰੀਤੋ ਨੂੰ ਲਗਾਤਾਰ ਗਾਲ੍ਹਾਂ ਕੱਢ ਰਹੀ ਸੀ। ਕਈ ਔਰਤਾਂ ਚਾਚੀ ਦੇ ਪਿੱਛੇ ਚਲੇ ਗਈਆਂ। ਪ੍ਰੀਤੋ ਕੁਝ ਦੇਰ ਤਾਂ ਪੂਰੇ ਜੋਸ਼ ਨਾਲ ਬੋਲਦੀ ਰਹੀ ਪਰ ਮੁਕਾਬਲੇ ਵਿੱਚ ਕਿਸੇ ਨੂੰ ਨਾ ਦੇਖ ਕੇ ਉਹਦਾ ਜੋਸ਼ ਠੰਢਾ ਪੈਣ ਲੱਗਾ।

ਕਾਲੀ ਚਾਚੀ ਨੂੰ ਚੁਗਾਨ ਵਿੱਚ ਛੱਡ ਕੇ ਸਿੱਧਾ ਪ੍ਰੀਤੋ ਦੇ ਕੋਲ ਆਇਆ ਅਤੇ ਉਹਦੇ ਸਾਹਮਣੇ ਹੱਥ ਜੋੜ ਕੇ ਸਿਰ ਝੁਕਾਉਂਦਾ ਹੋਇਆ ਬੋਲਿਆ:

"ਚਾਚੀ ਮੈਂ ਤੇਰੇ ਪੈਰੀਂ ਪੈਂਦਾ। ਤੇਰੇ ਸਾਹਮਣੇ ਸਿਰ ਨੀਵਾਂ ਕਰ ਕੇ ਬੈਠ ਜਾਂਦਾ। ਤੂੰ ਮੇਰੇ ਸਿਰ 'ਤੇ ਸੌ ਜੁੱਤੀਆਂ ਮਾਰ ਕੇ ਇਕ ਗਿਣ। ਸਾਰੇ ਪਿੰਡ ਦੀ ਸੁਆਹ ਮੇਰੇ ਸਿਰ ਵਿੱਚ ਪਾ ਦੇ ਪਰ ਇਹ ਤਮਾਸ਼ਾ ਬੰਦ ਕਰ ਦੇ। ।।। ਮੈਂ ਤੇਰੇ ਪੁੱਤ ਬਰਾਬਰ ਹਾਂ। ਮੇਰੇ ਪ੍ਰਾਣ ਵੀ ਕੱਢ ਲਵੇਂ ਤਾਂ ਮੈਂ ਉਫ ਨਹੀਂ ਕਰੂੰਗਾਂ।"

"ਇਹ ਕੀ ਕਰ ਰਿਹਾਂ?" ਪ੍ਰੀਤੋ ਨੇ ਪਿੱਛੇ ਹਟਦਿਆਂ ਕਿਹਾ। ਕਾਲੀ ਦੀਆਂ ਗੱਲਾਂ ਨੇ ਉਹਦੇ ਅੰਦਰ ਮਮਤਾ ਦੀ ਭਾਵਨਾ ਜਗਾ ਦਿੱਤੀ।

"ਚਾਚੀ ਛਾਂਵੇਂ ਆ ਜਾ। ਧੁੱਪ ਵਿੱਚ ਖੜੀ ਹੋ ਕੇ ਕੀ ਹਾਲ ਕਰ ਲਿਆ।" ਕਾਲੀ ਨੇ ਚੁੰਨੀ ਚੁੱਕ ਕੇ ਸਾਫ ਕੀਤੀ ਅਤੇ ਪ੍ਰੀਤੋ ਦੇ ਹੱਥ ਵਿੱਚ ਫੜਾ ਦਿੱਤੀ।

ਜੀਤੂ ਨੂੰ ਕਾਲੀ 'ਤੇ ਗੁੱਸਾ ਆਉਣ ਲੱਗਾ ਅਤੇ ਉਹ ਮੂੰਹ ਹੀ ਬੁੜਬੁੜਾਇਆ:

"ਇਸ ਚੁੜੇਲ ਦੇ ਪੈਰ ਫੜ ਰਿਹਾ, ਕਹੀ ਚੁੱਕ ਕੇ ਉਹਦੇ ਸਿਰ 'ਚ ਨਹੀਂ ਮਾਰਦਾ।"

ਉਹਨੇ ਨਫਰਤ ਨਾਲ ਮੂੰਹ ਦੂਜੇ ਪਾਸੇ ਕਰ ਲਿਆ। ਪ੍ਰੀਤੋ ਨੇ ਨਿੱਕੂ ਵਲ ਦੇਖਿਆ ਜੋ ਸਿਰ ਲਮਕਾਈ ਖੜਾ ਸੀ। ਫਿਰ ਉਹਦਾ ਧਿਆਨ ਬੱਚਿਆਂ ਵਲ ਗਿਆ। ਹੰਝੂਆਂ ਨਾਲ ਉਹਨਾਂ ਦੀਆਂ ਗੱਲ੍ਹਾਂ 'ਤੇ ਲਕੀਰਾਂ ਜਿਹੀਆਂ ਬਣ ਗਈਆਂ ਸਨ। ਕਾਲੀ ਨੇ ਅਵਾਜ਼ ਮਾਰ ਕੇ ਸਾਰਿਆਂ ਨੂੰ ਆਪਣੇ ਕੋਲ ਸੱਦਿਆ ਅਤੇ ਉਹਨਾਂ ਦੇ ਸਿਰ 'ਤੇ ਹੱਥ ਫੇਰਦਾ ਹੋਇਆ ਬੋਲਿਆ:

"ਰੋ-ਰੋਕਰ ਵਿਚਾਰਿਆਂ ਦੇ ਮੂੰਹ ਚਿੜੀ ਦੇ ਬੋਟਾਂ ਵਰਗੇ ਨਿਕਲ ਆਏ ਹਨ।"

ਬੱਚੇ ਮਾਸੂਮੀਅਤ ਨਾਲ ਕਾਲੀ ਵਲ ਦੇਖਣ ਲੱਗੇ। ਬੱਚਿਆਂ ਦਾ ਇਹ ਹੁਲੀਆ ਦੇਖ ਕੇ ਪ੍ਰੀਤੋ ਦਾ ਵੀ ਦਿਲ ਪਸੀਜ ਗਿਆ

ਅਤੇ ਉਹਨੇ ਸਾਰਿਆਂ ਨੂੰ ਆਪਣੀਆਂ ਲੱਤਾਂ ਨਾਲ ਲਾ ਲਿਆ।

ਕਾਲੀ ਨਿੱਕੂ ਦੇ ਕੋਲ ਜਾ ਕੇ ਉਹਦੇ ਸਾਹਮਣੇ ਹੱਥ ਜੋੜਦਾ ਹੋਇਆ ਬੋਲਿਆ:

"ਚਾਚਾ, ਆਪਣੀ ਜਿੱਦ ਛੱਡ ਦੇ। ਮੈਂ ਸਾਰਾ ਕੰਮ ਤੇਰੀ ਮਰਜ਼ੀ ਦੇ ਮੁਤਾਬਕ ਹੀ ਕਰੂੰਗਾਂ। ਜਿੱਥੇ ਕਹੂੰਗਾਂ ਉੱਥੇ ਹੀ ਨੀਂਹ ਪੱਟੂਗਾਂ ਜੇ ਕਹੇਂਗਾਂ ਤਾਂ ਮਕਾਨ ਬਣਾਉਣਾ ਹੀ ਛੱਡ ਦੇਊਂਗਾ। ਲੋਕਾਂ ਨੂੰ ਬਹੁਤ ਤਮਾਸ਼ਾ ਦਿਖਾ ਲਿਆ। ਹੁਣ ਉੱਠ ਇੱਥੋਂ।"

ਕਾਲੀ ਦੇ ਇਹ ਸ਼ਬਦ ਨਿੱਕੂ 'ਤੇ ਠੰਢੇ ਪਾਣੀ ਦੀ ਧਾਰ ਵਾਂਗ ਪਏ। ਉਹਦੇ ਮੂੰਹ ਵਿੱਚੋਂ ਇਕ ਵੀ ਸ਼ਬਦ ਨਾ ਨਿਕਲਿਆ। ਕਾਲੀ ਨੇ ਕੰਧ ਦੀ ਛਾਂ ਵਿੱਚ ਮੰਜੀ ਡਾਹ ਦਿੱਤੀ ਅਤੇ ਨਿੱਕੂ ਨੂੰ ਉਸ 'ਤੇ ਬਿਠਾ ਦਿੱਤਾ। ਇਕ ਨਿਆਣੇ ਤੋਂ ਪੱਖੀ ਮੰਗਵਾ ਕੇ ਉਹਨੂੰ ਪੱਖੀ ਝਲਣ ਲੱਗਾ। ਪ੍ਰੀਤੋਂ ਵੀ ਉਹਨਾਂ ਦੇ ਕੋਲ ਆ ਗਈ। ਨਿਆਣੇ ਵੀ ਮੰਜੀ ਦੁਆਲੇ ਇਕੱਠੇ ਹੋ ਗਏ। ਕਾਲੀ ਨੇ ਸਾਰਿਆਂ ਨੂੰ ਘੜੇ ਦਾ ਠੰਢਾ ਪਾਣੀ ਪਿਲਾਇਆ।

ਕਾਲੀ ਨੇ ਜਦੋਂ ਦੇਖਿਆ ਕਿ ਨਿੱਕੂ ਅਤੇ ਪ੍ਰੀਤੋ ਸ਼ਾਂਤ ਹੋ ਗਏ ਹਨ ਤਾਂ ਉਹ ਦੋਵਾਂ ਨੂੰ ਪੱਖੀ ਝਲਦਾ ਹੋਇਆ ਬੋਲਿਆ:

"ਚਾਚਾ, ਹੁਣ ਦਸ ਤੈਨੂੰ ਇਤਰਾਜ਼ ਕਿਸ ਗੱਲ 'ਤੇ ਹੈ। ਜੇ ਤੂੰ ਚਾਹੇਂ ਤਾਂ ਮੈਂ ਇਕ ਹੱਥ ਆਪਣੀ ਥਾਂ ਤੇਰੀ ਕੰਧ ਵਲ ਛੱਡ ਦਿੰਦਾਂ। ਪਰ ਇਹ ਸੋਚ ਲਈਂ ਕਿ ਬਰਸਾਤ ਵਿੱਚ ਦੋਵੇਂ ਕੰਧਾਂ ਪਾਣੀ ਪੈਣ ਨਾਲ ਬੋਦੀਆਂ ਹੋ ਜਾਣਗੀਆਂ ਅਤੇ ਉਹਨਾਂ ਦੇ ਡਿੱਗ ਪੈਣ ਦਾ ਡਰ ਰਹੂਗਾ।"

ਨਿੱਕੂ ਨੇ ਕੋਈ ਜੁਆਬ ਨਾ ਦਿੱਤਾ ਤਾਂ ਉਹਨੇ ਪ੍ਰੀਤੋ ਨੂੰ ਕਿਹਾ:

"ਚਾਚੀ, ਤੂੰ ਹੀ ਦਸ। ਚਾਚੇ ਨੂੰ ਸ਼ਾਇਦ ਕੁਝ ਸੁਝ ਨਹੀਂ ਰਿਹਾ।"

"ਮੈਂ ਕੀ ਦੱਸਾਂ। ਮਰਦਾਂ ਦੀ ਗੱਲ 'ਚ ਮੈਂ ਸਲਾਹ ਦੇਣ ਵਾਲੀ ਕੌਣ ਹੁੰਦੀ ਹਾਂ?" ਪ੍ਰੀਤੋ ਨੇ ਜੁਆਬ ਦਿੱਤਾ। ਕਾਲੀ ਨਿੱਕੂ ਨੂੰ ਸਮਝਾਉਂਦਾ ਹੋਇਆ ਬੋਲਿਆ:

"ਚਾਚਾ, ਕੱਚੀ ਕੰਧ ਬਹੁਤ ਮੋਟੀ ਹੁੰਦੀ ਆ। ਪੱਕੀ ਕੰਧ ਤਾਂ ਉਨੀ ਮੋਟੀ ਨਹੀਂ ਹੋਣੀ। ਤੂੰ ਉੱਠ ਕੇ ਦੇਖ ਲੈ। ਮੈਂ ਤੇਰੀ ਕੰਧ ਤੋਂ ਮਿੱਟੀ ਦੀ ਇਕ ਛਿੱਲ ਤੱਕ ਨਹੀਂ ਲਾਹੀ।"

ਨਿੱਕੂ ਫਿਰ ਵੀ ਚੁੱਪ ਰਿਹਾ ਤਾਂ ਕਾਲੀ ਪ੍ਰੀਤੋ ਨੂੰ ਕਹਿਣ ਲੱਗਾ:

"ਚਾਚੀ ਤੂੰ ਪੁੱਛ ਕੇ ਦਸ ਦੇ। ਚਾਚੇ ਨੂੰ ਸ਼ਾਇਦ ਮੇਰੇ ਨਾਲ ਗੱਲ ਕਰਨਾ ਪਸੰਦ ਨਹੀਂ।"

ਪ੍ਰੀਤੋ ਨਿੱਕੂ ਨੂੰ ਝਿੜਕਦੀ ਹੋਈ ਬੋਲੀ:

"ਹੁਣ ਬੋਲਦਾ ਕਿਉਂ ਨਹੀਂ? ਕੀ ਜ਼ਬਾਨ ਗੋਤਾ ਖਾ ਗਈ ਹੈ?"

ਨਿੱਕੂ ਨੇ ਆਪਣਾ ਚਿਹਰਾ ਉੱਪਰ ਚੁੱਕਿਆ। ਉਹਦੇ ਬੁੱਲ੍ਹ ਫੜਫੜਾਏ ਅਤੇ ਉਹ ਹਾਰੀ ਹੋਈ ਅਵਾਜ਼ ਵਿੱਚ ਬੋਲਿਆ:

"ਮੈਨੂੰ ਪਹਿਲਾਂ ਏਦਾਂ ਲੱਗਿਆ ਸੀ ਕਿ ਤੂੰ ਮੇਰੀ ਅੱਧੀ ਕੰਧ ਛਿਲ ਲਈ ਹੈ।"

"ਇਕ ਵਾਰ ਫਿਰ ਚੰਗੀ ਤਰ੍ਹਾਂ ਦੇਖ ਕੇ ਆਪਣੀ ਤਸੱਲੀ ਕਰ ਲੈ।" ਕਾਲੀ ਨੇ ਕਿਹਾ।

ਨਿੱਕੂ ਜਦੋਂ ਚੁੱਪ ਬੈਠਿਆ ਰਿਹਾ ਤਾਂ ਕਾਲੀ ਖੁਸ਼ੀ ਭਰੇ ਢੰਗ ਨਾਲ ਬੋਲਿਆ:

"ਖਾਹਮਖਾਹ ਏਨਾ ਸਮਾਂ ਬਰਬਾਦ ਕਰ ਦਿੱਤਾ। ਨਾ ਕੋਈ ਗੱਲ ਸੀ ਅਤੇ ਨਾ ਕੋਈ ਉਹਦਾ ਸਿਰ ਪੈਰ।"

ਕਾਲੀ ਨੇ ਮੁਸਕਰਾਉਂਦਿਆਂ ਹੋਇਆਂ ਪ੍ਰੀਤੋ ਨੂੰ ਕਿਹਾ:

"ਚਾਚੀ, ਭਲਾ ਤੂੰ ਮੈਨੂੰ ਏਨੀਆਂ ਗਾਲ੍ਹਾਂ ਕਿਉਂ ਕੱਢੀਆਂ। ਕੀ ਤੂੰ ਸੱਚੀਂ ਦਿਲੋਂ ਮੇਰਾ ਏਨਾ ਬੁਰਾ ਚਾਹੁੰਦੀ ਆਂ?"

"ਮੈਂ ਤੇਰਾ ਬੁਰਾ ਕਿਉਂ ਚਾਹੂੰਗੀ। ਤੂੰ ਤਾਂ ਮੈਨੂੰ ਆਪਣੀ ਔਲਾਦ ਤੋਂ ਵੀ ਜ਼ਿਆਦਾ ਪਿਆਰਾਂ।" ਪ੍ਰੀਤੋ ਨੇ ਭਰੀ ਹੋਈ ਅਵਾਜ਼ ਵਿੱਚ ਕਿਹਾ।

"ਤਾਂ ਫਿਰ ਤੂੰ ਮੈਨੂੰ ਏਨੀਆਂ ਗਾਲ੍ਹਾਂ ਕਿਉਂ ਕੱਢੀਆਂ?"

"ਤੂੰ ਆਪਣੇ ਚਾਚੇ ਨਾਲ ਜਿਉਂ ਲੜ ਰਿਹਾ ਸੀ। ਤੀਵੀਂ ਨੂੰ ਆਪਣੇ ਆਦਮੀ ਦਾ ਦਰਦ ਤਾਂ ਹੁੰਦਾ ਹੀ ਹੈ। ਮੈਂ ਵੀ ਬੋਲ ਪਈ।"

"ਮੈਂ ਚਾਚੇ ਨਾਲ ਕਦੋਂ ਲੜਿਆਂ? ਪੁੱਛ ਲੈ ਉਹਨੂੰ? ਮੈਂ ਤਾਂ ਉਹਨੂੰ ਇਕ ਉੱਚਾ ਬੋਲ ਨਹੀਂ ਬੋਲਿਆ।"

"ਇਹ ਤਾਂ ਪਿਛਲੱਗ ਹੈ। ਕਿਸੇ ਨੇ ਪੜ੍ਹਾ - ਸਿਖਾ ਤਾ ਹੋਣਾ ।।। ਸਿਰ 'ਤੇ ਮੜਾਸਾ ਬੰਨ ਕੇ ਅਤੇ ਲਾਠੀ ਚੁੱਕ ਕੇ ਜਦੋਂ ਇਹ

ਘਰੋਂ ਨਿਕਲਿਆ ਤਾਂ ਮੈਂ ਸੋਚਿਆ ਕਿ ਕਿਤੇ ਕੰਮ 'ਤੇ ਚੱਲਿਆ ਹੋਣਾ। ਪਰ ਮੈਨੂੰ ਕੀ ਪਤਾ ਸੀ ਕਿ ਇਹ ਜਾਇਦਾਦ ਵੰਡਣ ਆਇਆ।" ਪ੍ਰੀਤੋ ਕਰਾਹੁੰਦੀ ਹੋਈ ਬੋਲੀ , "ਪਤਾ ਨਹੀਂ ਉਹ ਦਿਨ ਕਦੋਂ ਆਊਗਾ ਜਦੋਂ ਇਹ ਵੀ ਕੰਮ 'ਤੇ ਜਾਊਗਾ।"

ਕਾਲੀ ਨੇ ਕੁਛ ਦੇਰ ਚੁੱਪ ਰਹਿ ਕੇ ਕਿਹਾ:

"ਚਾਚੀ ਜੇ ਕਹੇਂ ਤਾਂ ਕੰਮ ਸ਼ੁਰੂ ਕਰ ਦਿਆਂ।"

ਪ੍ਰੀਤੋ ਨਿੱਕੂ ਵਲ ਦੇਖਣ ਲੱਗੀ। ਜਦੋਂ ਉਹ ਚੁੱਪ ਰਿਹਾ ਤਾਂ ਤਿੱਖੀ ਅਵਾਜ਼ ਵਿੱਚ ਬੋਲੀ:

"ਤੂੰ ਵੀ ਮੂੰਹੋਂ ਕੁਝ ਫੁੱਟ।"

ਫਿਰ ਉਹ ਕਾਲੀ ਨੂੰ ਕਹਿਣ ਲੱਗੀ:

"ਇਹ ਤਾਂ ਗੁੰਗਾ ਹੋ ਗਿਆ।"

ਪ੍ਰੀਤੋ ਨੇ ਇਕ ਵਾਰ ਫਿਰ ਨਿੱਕੂ ਨੂੰ ਸਖਤੀ ਨਾਲ ਪੁੱਛਿਆ ਤਾਂ ਉਹ ਭਰੀ ਹੋਈ ਅਵਾਜ਼ ਵਿੱਚ ਬੋਲਿਆ:

"ਮੈਂ ਕਦੋਂ ਰੋਕਦਾਂ? ਤੇਰੀ ਥਾਂ ਆ, ਤੂੰ ਜਿੱਦਾਂ ਚਾਹੇ ਉਦਾਂ ਪੁੱਟ।"

ਥੋੜੇ ਚਿਰ ਬਾਅਦ ਨਿੱਕੂ ਅਤੇ ਪ੍ਰੀਤੋ ਆਪਣੇ ਘਰ ਚਲੇ ਗਏ।

ਕਾਲੀ ਅਤੇ ਜੀਤੂ ਨੇ ਕਹੀਆਂ ਚੁੱਕ ਲਈਆਂ। ਜੀਤੂ ਆਪਣੀ ਕਹੀ ਨੂੰ ਮਜ਼ਬੂਤੀ ਨਾਲ ਫੜਦਾ ਹੋਇਆ ਬੋਲਿਆ:

"ਪਹਿਲਾਂ ਨਿੱਕੂ ਦੀ ਕੰਧ ਦੇ ਨਾਲ ਨੀਂਹ ਪੁੱਟ ਲਾ। ਇਹਦਾ ਕੋਈ ਭਰੋਸਾ ਨਹੀਂ। ਇਹ ਘੜੀ 'ਚ ਸੇਰ ਅਤੇ ਪਲ 'ਚ ਮਾਸ਼ਾ ਹੋ ਜਾਂਦਾ।"

ਕਾਲੀ ਜੀਤੂ ਵਲ ਅਰਥ ਭਰੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਬੋਲਿਆ:

"ਤੂੰ ਠੀਕ ਕਹਿੰਦਾਂ। ਪਤਾ ਨਹੀਂ ਫਿਰ ਕਦੋਂ ਲਾਠੀ ਚੁੱਕ ਕੇ ਆ ਜਾਵੇ।"

ਕਾਲੀ ਅਤੇ ਜੀਤੂ ਦੋਨੋਂ ਸਿਰਿਆਂ ਤੋਂ ਇਕ-ਦੂਸਰੇ ਨਾਲ ਸ਼ਰਤ ਲਾ ਕੇ ਨੀਂਹ ਪੁੱਟਣ ਲੱਗ ਪਏ ਅਤੇ ਪ੍ਰੀਤੋ ਦੇ ਨਿਆਣੇ ਮਿੱਟੀ ਦੇ ਢੇਲੇ ਚੁੱਕ ਕੇ ਇਕ ਦੂਸਰੇ ਦੇ ਮਾਰਨ ਲੱਗੇ। (ਚਲਦਾ)

**-ਅਨੁਵਾਦ: ਸੁਖਵੰਤ ਹੁੰਦਲ**

***

**ਸਥਾਈ ਕਾਲਮ**

# ਪਰਦਾ ਜੋ ਉੱਠ ਗਿਆ

{ਇਸ ਕਾਲਮ ਵਿੱਚ ਉਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਹੜੀ ਮੁੱਖ ਧਾਰਾ ਦੇ ਮੀਡੀਏ ਵਿੱਚ ਨਹੀਂ ਮਿਲਦੀ ਜਾਂ ਹਾਸ਼ੀਏ ਉੱਪਰ ਧੱਕ ਦਿੱਤੀ ਜਾਂਦੀ ਹੈ। }

## ਆਜ਼ਾਦ ਮੰਡੀ ਜਾਂ ਕਾਰਪੋਰੇਸ਼ਨਾਂ ਦਾ ਗ਼ਲਬਾ

**ਸੁਖਵੰਤ ਹੁੰਦਲ** (shundal@sfu[ca)

ਅੱਜ ਦੁਨੀਆਂ ਭਰ ਵਿੱਚ ਪਸਰੇ ਵਿਸ਼ਵ ਵਪਾਰ ਨੂੰ ਆਜ਼ਾਦ ਮੰਡੀ ਦੇ ਪ੍ਰਬੰਧ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਪਰ ਅਸਲੀਅਤ ਇਸ ਤੋਂ ਬਿਲਕੁਲ ਉਲਟ ਹੈ। ਅਸਲ ਵਿੱਚ ਅਜੋਕੇ ਵਿਸ਼ਵ ਵਪਾਰ ਦੇ ਵੱਖ ਵੱਖ ਖੇਤਰ ਮੁੱਠੀ ਭਰ ਬਹੁਕੌਮੀ ਕਾਰਪੋਰੇਸ਼ਨਾਂ ਦੇ ਕਬਜ਼ੇ ਹੇਠ ਹਨ। ਆਪਣੀ ਇਸ ਧਾਰਨਾ ਨੂੰ ਸਿੱਧ ਕਰਨ ਲਈ ਅਸੀਂ ਖੇਤੀਬਾੜੀ ਨਾਲ ਸੰਬੰਧਿਤ ਵਪਾਰ ਦੇ ਕੁਝ ਹਿੱਸਿਆਂ ਉੱਤੇ ਨਿਗ੍ਹਾ ਮਾਰਾਂਗੇ । ਇਹ ਹਿੱਸੇ ਹਨ: ਖੇਤੀ ਦੀ ਪੈਦਾਵਾਰ ਦਾ ਵਪਾਰ, ਖੇਤੀ ਕਰਨ ਲਈ ਲੋੜੀਂਦੀਆਂ ਵਸਤਾਂ ਦਾ ਵਪਾਰ, ਖੇਤੀ ਦੀ ਪੈਦਾਵਾਰ ਨੂੰ ਖਾਣ-ਯੋਗ ਵਸਤਾਂ ਵਿੱਚ ਤਬਦੀਲ ਕਰਨ (ਪ੍ਰੋਸੈਸਿੰਗ) ਦਾ ਵਪਾਰ ਅਤੇ ਖਾਣੇ ਦੀਆਂ ਵਸਤਾਂ ਦੀ ਪ੍ਰਚੂਨ ਵਿਕਰੀ।

**ਖੇਤੀ ਦੀ ਪੈਦਾਵਾਰ ਦਾ ਵਪਾਰ:** ਦੁਨੀਆਂ ਭਰ ਵਿੱਚ ਅਨਾਜ ਦੇ ਵਪਾਰ ਦਾ 90 ਫੀਸਦੀ ਹਿੱਸਾ 4 ਜਾਂ 5 ਕੰਪਨੀਆਂ ਦੇ ਕੰਟਰੋਲ ਵਿੱਚ ਹੈ। ਇਹਨਾਂ ਵਿੱਚ ਉੱਪਰਲੀਆਂ ਚਾਰ ਦੇ ਨਾਂ ਹਨ: ਆਰਚਰ ਡੈਨੀਅਲਜ਼ ਮਿਡਲੈਂਡ ਕੰਪਨੀ (ਏ ਡੀ ਐਮ), ਲੁਈਸ ਡਰੈਫਸ, ਬੰਗੀ ਅਤੇ ਕਾਰਗਿਲ। ਪੰਜ ਕੰਪਨੀਆਂ - ਚਿਕੀਤਾ, ਡੈੱਲ ਮੌਂਟੇ, ਡੋਲ, ਫਾਇਫਸ ਅਤੇ ਨੋਬੋਆ- ਦੁਨੀਆਂ ਭਰ ਦੇ ਕੇਲਿਆਂ ਦੇ ਵਪਾਰ ਦਾ 80 ਫੀਸਦੀ ਕੰਟਰੋਲ ਕਰਦੀਆਂ ਹਨ। ਇਹਨਾਂ ਵਿੱਚੋਂ ਦੋ - ਚਿਕੀਤਾ ਅਤੇ ਡੋਲ- ਦਾ ਦੁਨੀਆਂ ਭਰ ਵਿੱਚ ਕੇਲਿਆਂ ਦੇ ਵਪਾਰ ਦੇ 50 ਫੀਸਦੀ ਉੱਪਰ ਕੰਟਰੋਲ ਹੈ। ਅਮਰੀਕਾ ਵਿੱਚੋਂ ਨਿਰਯਾਤ ਹੋਣ ਵਾਲੀ ਮੱਕੀ ਦਾ 80 ਫੀਸਦੀ ਨਿਰਯਾਤ ਤਿੰਨ ਕਾਰਪੋਰੇਸ਼ਨਾਂ - ਏ ਡੀ ਐਮ, ਕਾਰਗਿਲ, ਅਤੇ ਜੈੱਨ ਨੋਹ - ਰਾਹੀਂ ਹੁੰਦਾ ਹੈ। ਇਸ ਵਿੱਚੋਂ 42 ਫੀਸਦੀ ਨਿਰਯਾਤ ਇਕੱਲੀ ਕਾਰਗਿਲ ਕੰਪਨੀ ਕਰਦੀ ਹੈ। ਇਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਵਿਸ਼ਵ ਮੰਡੀ ਵਿੱਚ ਮੱਕੀ ਦੀ ਕੁੱਲ ਸਪਲਾਈ ਦਾ ਦੋ ਤਿਹਾਈ ਹਿੱਸਾ ਅਮਰੀਕਾ ਵਲੋਂ ਸਪਲਾਈ ਹੁੰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਵਿਸ਼ਵ ਮੰਡੀ ਵਿੱਚ ਪਹੁੰਚਣ ਵਾਲੀ ਮੱਕੀ ਦੀ ਸਪਲਾਈ ਦਾ 53 ਫੀਸਦੀ ਹਿੱਸਾ ਤਿੰਨ ਕਾਰਪੋਰੇਸ਼ਨਾਂ ਦੇ ਕੰਟਰੋਲ ਵਿੱਚ ਹੈ ਅਤੇ 28 ਫੀਸਦੀ ਹਿੱਸੇ ਉੱਪਰ ਸਿਰਫ ਇਕ ਕੰਪਨੀ ਕਾਗਗਿਲ ਦਾ ਕੰਟਰੋਲ ਹੈ। ਜੇ ਖੇਤੀ ਦੀ ਪੈਦਾਵਾਰ ਉੱਤੇ ਕੰਟਰੋਲ ਨਾਲ ਸੰਬੰਧਿਤ ਅੰਕੜਿਆਂ ਨੂੰ ਵਿਸ਼ਵ ਪੱਧਰ ਦੀ ਥਾਂ ਕੁਝ ਕੁ ਖੇਤਰਾਂ ਜਾਂ ਦੇਸ਼ਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਹੋਰ ਵੀ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ। ਉਦਾਹਰਨ ਲਈ ਬਲੀਜ਼ ਅਤੇ ਸੁਰੀਨਾਮ ਤੋਂ ਹੋਣ ਵਾਲਾ ਸਾਰੇ ਦਾ ਸਾਰਾ ਕੇਲਿਆਂ ਦਾ ਨਿਰਯਾਤ ਫਾਇਫਸ ਕਾਰਪੋਰੇਸ਼ਨ ਦੇ ਕੰਟਰੋਲ ਹੇਠ ਹੈ। ਪੀਰੂ ਦੀ ਦੁੱਧ ਦੀ ਪੈਦਾਵਾਰ ਦੇ ਲਗਭਗ 80 ਫੀਸਦੀ ਹਿੱਸੇ ਉੱਪਰ ਨੈਸਲੇ ਕੰਪਨੀ ਦਾ ਕੰਟਰੋਲ ਹੈ।

**ਖੇਤੀ ਕਰਨ ਲਈ ਲੋੜੀਂਦੀਆਂ ਵਸਤਾਂ ਦਾ ਵਪਾਰ:** ਖੇਤੀ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਵਿੱਚ ਕੁਝ ਇਕ ਵਸਤਾਂ ਹਨ: ਕੀੜੇ ਮਾਰ ਦਵਾਈਆਂ, ਖਾਦਾਂ, ਬੂਟੀਨਾਸ਼ਕ ਦਵਾਈਆਂ, ਬੀਜ। ਇਹਨਾਂ ਵਸਤਾਂ ਦੇ ਵਿਸ਼ਵ ਵਪਾਰ ਬਾਰੇ ਮਿਲਦੇ ਅੰਕੜੇ

ਬਹੁਤ ਸਪਸ਼ਟਤਾ ਨਾਲ ਦਰਸਾਉਂਦੇ ਹਨ ਕਿ ਇਹ ਵਪਾਰ ਕੁਝ ਇਕ ਕਾਰਪੋਰੇਸ਼ਨ ਦੇ ਗ਼ਲਬੇ ਹੇਠ ਆ ਚੁੱਕਿਆ ਹੈ। ਉਦਾਹਰਨ ਲਈ, ਇਸ ਸਮੇਂ ਵਿਸ਼ਵ ਪੱਧਰ ਉੱਤੇ ਕੀੜੇਮਾਰ ਦਵਾਈਆਂ ਦੀ ਕੁੱਲ ਮਾਰਕੀਟ ਦਾ 75-80 ਫੀਸਦੀ ਹਿੱਸਾ ਛੇ ਕੰਪਨੀਆਂ ਦੇ ਕੰਟਰੋਲ ਹੇਠ ਹੈ। ਇਹ ਕੰਪਨੀਆਂ ਹਨ: ਬੈਸਫ (ਬੀ ਏ ਐਸ ਐਫ), ਬੇਅਰ, ਡੋਅ, ਡੂ-ਪੁਆਇੰਟ, ਮੌਨਸੈਂਟੋ ਅਤੇ ਸਿਨਜੈਨਟਾ। ਹਿੰਦੁਸਤਾਨ ਵਿੱਚ ਕੀੜੇਮਾਰ ਦਵਾਈਆਂ ਦੀ ਮਾਰਕੀਟ ਦਾ 22 ਫੀਸਦੀ ਹਿੱਸਾ ਇਕੱਲੀ ਬੇਅਰ ਕੰਪਨੀ ਦੇ ਕਬਜ਼ੇ ਹੇਠ ਹੈ। ਬੀਜਾਂ ਦੇ ਖੇਤਰ ਵਿੱਚ ਵਿਸ਼ਵ ਪੱਧਰ ਉੱਤੇ ਮੱਕੀ ਦੇ ਬੀਜਾਂ ਦੀ ਮਾਰਕੀਟ ਦਾ 65 ਫੀਸਦੀ ਅਤੇ ਸੋਇਆਬੀਨ ਦੇ ਬੀਜਾਂ ਦੀ ਮਾਰਕੀਟ ਦਾ 44 ਫੀਸਦੀ ਹਿੱਸਾ ਡੂ-ਪੁਆਇੰਟ ਅਤੇ ਮੌਨਸੈਂਟੋ ਕੰਟਰੋਲ ਕਰਦੀਆਂ ਹਨ। ਸੰਨ 2001 ਵਿੱਚ ਦੁਨੀਆਂ ਭਰ ਦੀ ਜਨੈਟੀਕਲ ਮੌਡੀਫਾਈਡ (ਜੀ ਐਮ) ਬੀਜਾਂ ਦੀ ਮਾਰਕੀਟ ਦਾ 91 ਫੀਸਦੀ ਹਿੱਸਾ ਸਿਰਫ ਇਕ ਕੰਪਨੀ ਮੌਨਸੈਂਟੋ ਦੇ ਕੰਟੋਰਲ ਵਿੱਚ ਸੀ। ਬੀਜਾਂ ਦੇ ਖੇਤਰ ਵਿੱਚ ਨੋਟ ਕਰਨ ਵਾਲੀ ਇਕ ਗੱਲ ਇਹ ਵੀ ਹੈ ਕਿ ਅਜੇ ਕਈ ਫਸਲਾਂ ਦੇ ਬੀਜਾਂ ਦੀ ਵਿਕਰੀ ਉੱਪਰ ਬਹੁਕੌਮੀ ਕੰਪਨੀਆਂ ਆਪਣਾ ਪੂਰਾ ਕਬਜ਼ਾ ਨਹੀਂ ਜਮਾਂ ਸਕੀਆਂ ਕਿਉਂਕਿ ਅਜੇ ਵੀ ਦੁਨੀਆਂ ਦੇ ਬਹੁਤ ਹਿੱਸਿਆਂ, ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ, ਵਿੱਚ ਕਿਸਾਨ ਆਪਣੇ ਬੀਜ ਵਰਤ ਰਹੇ ਹਨ। ਪਰ ਇਸ ਖੇਤਰ ਵਿੱਚ ਆਪਣੀ ਜਕੜ ਜਮਾਉਣ ਲਈ ਕੰਪਨੀਆਂ ਪੂਰੇ ਯਤਨ ਕਰ ਰਹੀਆਂ ਹਨ। ਉਹ ਨਵੇਂ ਬੀਜ਼ਾਂ ਨੂੰ ਪੇਟੈਂਟ ਕਰਵਾਕੇ ਇਹ ਯਤਨ ਕਰ ਰਹੀਆਂ ਹਨ ਕਿ ਦੂਸਰੀ ਵਾਰ ਬੀਜ ਵਰਤਣ ਲਈ ਕਿਸਾਨਾਂ ਨੂੰ ਕੰਪਨੀਆਂ ਨੂੰ ਰੌਇਲਟੀ ਜਾਂ ਲਾਇਸੰਸ ਫੀਸ ਦੇਣੀ ਪਵੇ। ਉਹ ਬੀਜਾਂ ਦੀਆਂ ਜੀਨਾਂ ਵਿੱਚ ਤਬਦੀਲੀਆਂ ਕਰਕੇ ਅਜਿਹੇ ਬੀਜ ਤਿਆਰ ਕਰ ਰਹੀਆਂ ਹਨ ਕਿ ਬੀਜ ਇਕ ਵਾਰ ਤੋਂ ਵੱਧ ਵਰਤੇ ਨਾ ਜਾ ਸਕਣ। ਉਹ ਅਜਿਹੇ ਤਕਨੀਕੀ ਪੈਕਜ ਤਿਆਰ ਕਰ ਰਹੀਆਂ ਹਨ ਕਿ ਜੇ ਤੁਸੀਂ ਇਕ ਕੰਪਨੀ ਦੀ ਬਣੀ ਖਾਦ ਵਰਤਣੀ ਹੈ ਤਾਂ ਤੁਹਾਨੂੰ ਉਸ ਕੰਪਨੀ ਵਲੋਂ ਬਣਾਏ ਬੀਜ, ਕੀੜੇਮਾਰ ਦਵਾਈਆਂ ਆਦਿ ਵੀ ਵਰਤਨੀਆਂ ਪੈਣਗੀਆਂ। ਇਸ ਦੇ ਨਾਲ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਕੰਪਨੀਆਂ ਵੱਖ ਵੱਖ ਖੇਤਰਾਂ ਵਿੱਚ ਆਪਣੀ ਜਕੜ ਮਜ਼ਬੂਤ ਕਰਨ ਲਈ ਅਤੇ ਮੁਕਾਬਲਾ ਘਟਾਉਣ ਲਈ ਉਸ ਖੇਤਰ ਵਿੱਚ ਵਸਤਾਂ ਵੇਚਣ ਵਾਲੀਆਂ ਦੂਸਰੀਆਂ ਕੰਪਨੀਆਂ ਨੂੰ ਖ਼੍ਰੀਦ ਕੇ ਆਪਣੇ ਨਾਲ ਮਿਲਾ ਰਹੀਆਂ ਹਨ। ਉਦਾਹਰਨ ਲਈ 1994 ਵਿੱਚ ਕੀੜੇਮਾਰ ਦਵਾਈਆਂ ਦੀ ਵਿਸ਼ਵ ਮਾਰਕੀਟ 12 ਕੰਪਨੀਆਂ - ਬੇਅਰ, ਹੌਚਿਸਟ, ਸ਼ੈਰਿੰਗ, ਹੌਨ-ਪੌਲਨਿਕ, ਸੀਬਾ ਗੀਗੀ, ਸੈਂਡੋਜ਼, ਜ਼ੈਨੇਕਾ, ਬੈਸਫ, ਸਿਨਾਮਿਡ, ਡੋਅ-ਇਲੈਂਕੋ, ਡੂ-ਪੁਆਇੰਗ, ਮੌਨਸੈਂਟੋ - ਦੇ ਕਬਜ਼ੇ ਵਿੱਚ ਸੀ ਅਤੇ 2003 ਤੱਕ ਇਹ ਮਾਰਕੀਟ ਸਿਰਫ ਉੱਪਰ ਦੱਸੀਆਂ 6 ਕੰਪਨੀਆਂ ਦੇ ਕਬਜ਼ੇ ਹੇਠ ਹੋ ਗਈ ਹੈ।

**ਖੇਤੀ ਦੀ ਪੈਦਾਵਾਰ ਤੋਂ ਖਾਣ ਦੀਆਂ ਵਸਤਾਂ ਬਣਾਉਣ (ਫੂਡ ਪ੍ਰੋਸੈਸਿੰਗ) ਦਾ ਖੇਤਰ:** ਇਸ ਖੇਤਰ ਬਾਰੇ ਗੱਲ ਕਰਨ ਲਈ ਪੀਣ ਵਾਲੀਆਂ ਵਸਤਾਂ ਦੇ ਵਪਾਰ ਅਤੇ ਮਾਰਕੀਟ ਬਾਰੇ ਗੱਲ ਕਰਾਂਗੇ। ਸਭ ਤੋਂ ਪਹਿਲਾਂ ਅਸੀਂ ਚਾਹ ਦੇ ਵਪਾਰ ਅਤੇ ਮਾਰਕੀਟ ਬਾਰੇ ਗੱਲ ਕਰਦੇ ਹਾਂ। ਵਰਲਡ ਬੈਂਕ ਦੀ ਇਕ ਰਿਪੋਰਟ ਮੁਤਾਬਕ 1990ਵਿਆਂ ਵਿੱਚ ਦੁਨੀਆਂ ਵਿੱਚ ਚਾਹ ਦੀ ਪ੍ਰੋਸੈਸਿੰਗ ਅਤੇ ਡਿਸਟਰੀਬਿਊਸ਼ਨ ਦਾ ਵਪਾਰ ਚਾਰ ਕੰਪਨੀਆਂ - ਯੂਨੀਲਿਵਰ/ਬਰੁੱਕ ਬਾਂਡ, ਕੈਡਵਰੀ ਸ਼ਿਵੈੱਪਸ, ਅਲਾਈਡ-ਲਾਇਨਜ਼ (ਹੁਣ ਟਾਟਾ ਟੀ) ਅਤੇ ਬ੍ਰਿਟਿਸ਼ ਫੂਡਜ਼/ਟਵਿਨਿੰਗ - ਦੇ ਗ਼ਲਬੇ ਹੇਠ ਸੀ। ਇਹ ਚਾਰ ਕੰਪਨੀਆਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਚਾਹ ਦੀ 80 ਫੀਸਦੀ ਤੱਕ ਮਾਰਕੀਟ ਨੂੰ ਕੰਟਰੋਲ ਕਰਦੀਆਂ ਸਨ। ਇਸ ਖੇਤਰ ਵਿੱਚ ਮਿਲਦੀਆਂ ਹੋਰ ਰਿਪੋਰਟਾਂ ਤੋਂ ਇਹ ਅੰਦਾਜ਼ਾ ਲੱਗਦਾ ਹੈ ਕਿ ਪਿਛਲੇ ਦਹਾਕੇ -ਡੇਢ ਦਹਾਕੇ ਵਿੱਚ ਵਿਸ਼ਵ ਦੀ ਚਾਹ ਮਾਰਕੀਟ ਵਿੱਚ ਬਹੁਕੌਮੀ ਕਾਰਪੋਰੇਸ਼ਨਾਂ ਦਾ ਗ਼ਲਬਾ ਹੋਰ ਮਜ਼ਬੂਤ ਹੋਇਆ ਹੈ। ਉਦਾਹਰਨ ਲਈ, ਬਰਤਾਨੀਆਂ ਦੀ ਇਕ ਐਨ ਜੀ ਓ, ਐਕਸ਼ਨ ਏਡ ਵਲੋਂ 2004-5 ਵਿੱਚ ਛਪੀ ਇਕ ਰਿਪੋਰਟ, *ਪਾਵਰ ਹੰਗਰੀ: ਸਿਕਸ ਰੀਜ਼ਨਜ਼ ਟੂ ਰੈਗੂਲੇਟ ਫੂਡ ਕਾਰਪੋਰੇਸ਼ਨ*, ਅਨੁਸਾਰ ਦੁਨੀਆਂ ਦੀ ਚਾਹ ਮਾਰਕੀਟ ਦਾ 85 ਫੀਸਦੀ ਹਿੱਸਾ ਤਿੰਨ ਕੰਪਨੀਆਂ ਦੇ ਕੰਟਰੋਲ ਅਧੀਨ ਹੈ। ਇਹਨਾਂ ਤਿੰਨਾਂ ਵਿੱਚੋਂ ਯੂਨੀਲਿਵਰ ਸਭ ਤੋਂ ਅੱਗੇ ਹੈ। ਹਿੰਦੁਸਤਾਨ ਦੀ ਸਨਅਤ ਬਾਰੇ ਖੋਜ ਕਰਨ ਵਾਲੀ ਇਕ ਕੰਪਨੀ *ਵੈਲਯੂ ਨੋਟਸ* ਅਨੁਸਾਰ ਹਿੰਦੁਸਤਾਨ ਦੀ ਚਾਹ ਦੀ ਕੁੱਲ ਮਾਰਕੀਟ ਦਾ ਇਕ ਤਿਹਾਈ ਹਿੱਸਾ ਬਰਾਂਡਾਂ ਵਾਲੀ ਚਾਹ ਦਾ ਹੈ। ਇਸ ਮਾਰਕੀਟ ਦਾ 43-45 ਫੀਸਦੀ ਹਿੱਸਾ ਹਿੰਦੁਸਤਾਨ ਲੀਵਰ (ਜੋ ਲਿਪਟਨ ਯੈਲੋ ਲੇਬਲ, ਬਰੁੱਕ ਬਾਂਡ ਰੈੱਡ ਲੇਬਲ ਆਦਿ ਬਰਾਂਡ ਦੀ ਸਪਲਾਇਰ ਹੈ) ਕੋਲ ਹੈ ਅਤੇ 17-18 ਫੀਸਦੀ ਹਿੱਸਾ ਟਾਟਾ ਟੀ (ਜਿਸ ਦਾ ਇਕ ਬ੍ਰਾਂਡ ਟੈਟਲੇ ਹੈ) ਕੋਲ ਹੈ। ਇਸ ਦਾ ਭਾਵ ਇਹ ਹੋਇਆ ਕਿ

ਹਿੰਦੁਸਤਾਨ ਵਿੱਚ ਪੈਕਟ ਬੰਦ ਚਾਹ ਦੀ ਸਪਲਾਈ ਦਾ 60 ਫੀਸਦੀ ਤੋਂ ਵੱਧ ਹਿੱਸਾ ਸਿਰਫ ਦੋ ਕੰਪਨੀਆਂ ਦੇ ਕੰਟਰੋਲ ਅਧੀਨ ਹੈ।

ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਚਾਹ ਦੇ ਖੇਤਰ ਵਿੱਚ ਗ਼ਾਲਬ ਇਹ ਕੰਪਨੀਆਂ ਇਕੱਲੀਆ ਚਾਹ ਦੀ ਪ੍ਰੋਸੈਸਿੰਗ ਅਤੇ ਡਿਸਟਰੀਬਿਊਸ਼ਨ ਵਿੱਚ ਹੀ ਸ਼ਾਮਲ ਨਹੀਂ ਹਨ ਸਗੋਂ ਇਹ ਚਾਹ ਦੀ ਪੈਦਾਵਾਰ ਦੇ ਸੰਬੰਧ ਵਿੱਚ ਵੀ ਕਾਫੀ ਵੱਡੇ ਸਾਧਨਾਂ ਦੀਆਂ ਮਾਲਕ ਹਨ। ਉਦਾਹਰਨ ਲਈ ਔਕਸਫੈਮ ਨਾਮੀ ਐਨ ਜੀ ਓ ਦੀ ਇਕ ਰਿਪੋਰਟ, *ਦੀ ਟੀ ਮਾਰਕੀਟ - ਏ ਬੈਕਗਰਾਊਂਡ ਸਟੱਡੀ*, ਅਨੁਸਾਰ ਟਾਟਾ ਟੀ ਲਿਮਟਿਡ ਦਾ ਹਿੰਦੁਸਤਾਨ ਵਿੱਚ ਚਾਹ ਦੀਆਂ 54 ਪਲਾਂਟੇਸ਼ਨ ਅਤੇ ਸ੍ਰੀ ਲੰਕਾ ਵਿੱਚ 20 ਤੋਂ ਵੱਧ ਪਲਾਂਟੇਸ਼ਨ ਉੱਪਰ ਕੰਟਰੋਲ ਹੈ। ਇਸ ਦੇ ਨਾਲ ਹੀ ਇਹ ਕੰਪਨੀ ਇਕੱਲੇ ਹਿੰਦੁਸਤਾਨ ਵਿੱਚ ਚਾਹ ਦੀਆਂ 10 ਬਲੈਂਡਿੰਗ ਅਤੇ ਪ੍ਰੋਸੈਸਿੰਗ ਫੈਕਟਰੀਆਂ ਦੀ ਮਾਲਕ ਹੈ।

ਚਾਹ ਦੀ ਥੋਕ ਦੀ ਵਿਕਰੀ ਉੱਪਰ ਵੀ ਮੁੱਠੀ ਭਰ ਕਾਰਪੋਰੇਸ਼ਨ ਦਾ ਕੰਟਰੋਲ ਹੈ। ਉਦਾਹਰਨ ਲਈ ਹਿੰਦੁਸਤਾਨ ਵਿੱਚ ਚਾਹ ਦੀ ਨਿਲਾਮੀ ਦਾ 1/3 ਹਿੱਸਾ ਜੇ. ਥੌਮਸ ਐਂਡ ਕੰਪਨੀ ਪ੍ਰਾਈਬੇਟ ਲਿਮਟਿਡ ਰਾਹੀਂ ਹੁੰਦਾ ਹੈ। ਇਸ ਤੋਂ ਬਾਅਦ ਹਿੰਦੁਸਤਾਨ ਵਿੱਚ ਚਾਹ ਦੀ ਨਿਲਾਮੀ ਦੇ 24 ਫੀਸਦੀ ਹਿੱਸੇ ਨੂੰ ਕੈਰੀਅਟ ਮੋਰਾਨ ਐਂਡ ਕੰਪਨੀ ਲਿਮਟਿਡ ਸੰਭਾਲਦੀ ਹੈ। ਇਸ ਦਾ ਭਾਵ ਇਹ ਹੋਇਆ ਕਿ ਹਿੰਦੁਸਤਾਨ ਵਿੱਚ ਚਾਹ ਦੀ ਨੀਲਾਮੀ ਦੇ 60 ਫੀਸਦੀ ਦੇ ਲਗਭਗ ਹਿੱਸੇ ਉੱਪਰ ਦੋ ਕੰਪਨੀਆਂ ਦਾ ਕੰਟਰੋਲ ਹੈ।

ਦੁਨੀਆਂ ਵਿੱਚ ਕੌਫੀ ਦਾ ਵਪਾਰ ਚਾਰ ਕੰਪਨੀਆਂ - ਕਰਾਫਟ, ਪ੍ਰੋਕਟਰ ਐਂਡ ਗੈਂਬਲ, ਸਾਰਾ ਲੀ ਅਤੇ ਨੈਸਲੇ- ਦੇ ਗ਼ਲਬੇ ਹੇਠ ਹੈ। ਪਾਕਿਸਤਾਨ ਵਿੱਚ ਯੂ ਐਚ ਟੀ ਦੁੱਧ ਦੇ ਵਪਾਰ ਉੱਪਰ ਨੈਸਲੇ ਦਾ ਸੰਪੂਰਨ ਗ਼ਲਬਾ ਹੈ। ਇੰਗਲੈਂਡ ਵਿੱਚ ਡੇਅਰੀ ਪ੍ਰੋਸੈਸਿੰਗ ਦਾ 93 ਫੀਸਦੀ ਹਿੱਸਾ ਛੇ ਕੰਪਨੀਆਂ ਦੇ ਕਬਜ਼ੇ ਹੇਠ ਹੈ। ਹੋਰ ਪੀਣ ਵਾਲੀਆਂ ਵਸਤਾਂ ਬਾਰੇ ਵਿਸਥਾਰ ਵਿੱਚ ਜਾਣ ਜਿੰਨੀ ਥਾਂ ਸਾਡੇ ਕੋਲ ਨਹੀਂ ਹੈ। ਇਸ ਲਈ ਇਥੇ ਇਹ ਦੱਸਣਾ ਹੀ ਕਾਫੀ ਹੋਏਗਾ ਕਿ ਆਕਸਫੋਮ ਦੀ ਉਪਰੋਕਤ ਰਿਪੋਰਟ ਵਿੱਚ ਵਰਲਡ ਬੈਂਕ ਦੀ ਇਕ ਰਿਪੋਰਟ ਦਾ ਹਵਾਲਾ ਦੇ ਕੇ ਦਾਅਵਾ ਕੀਤਾ ਗਿਆ ਹੈ ਕਿ ਵਿੱਚ ਵਿਸ਼ਵ ਪੱਧਰ ਉੱਤੇ ਪੀਣ ਵਾਲੀਆਂ ਵਸਤਾਂ ਦਾ ਕੁੱਲ ਵਪਾਰ ਸਿਰਫ 50 ਕਾਰਪੋਰੇਸ਼ਨਾਂ ਵਲੋਂ ਕੰਟਰੋਲ ਕੀਤਾ ਜਾ ਰਿਹਾ ਹੈ।

**ਖਾਣੇ ਦੀ ਵਸਤਾਂ ਦੀ ਪ੍ਰਚੂਨ ਵਿਕਰੀ:** ਖੇਤਾਂ ਵਿੱਚ ਹੋਈ ਪੈਦਾਵਾਰ ਦੇ ਖਪਤਕਾਰਾਂ ਤੱਕ ਪਹੁੰਚਣ ਤੱਕ ਦੀ ਲੜੀ ਦੀ ਅਖੀਰਲੀ ਕੜੀ ਹੈ ਉਹਨਾਂ ਦੀ ਪ੍ਰਚੂਨ ਵਿਕਰੀ। ਵਿਕਸਿਤ ਦੇਸ਼ਾਂ ਵਿੱਚ ਖੇਤੀ ਦੀਆਂ ਵਸਤਾਂ ਦੇ ਵਪਾਰ ਦੇ ਇਸ ਖੇਤਰ ਉੱਪਰ ਕੁਝ ਇਕ ਕਾਰਪੋਰੇਸ਼ਨਾਂ ਆਪਣੀ ਜਕੜ ਬਣਾ ਚੁੱਕੀਆਂ ਹਨ। ਉਦਾਹਰਨ ਲਈ, ਬਰਤਾਨੀਆਂ ਵਿੱਚ ਖਾਣੇ ਦੀਆਂ ਵਸਤਾਂ ਦੀ ਪ੍ਰਚੂਨ ਵਿਕਰੀ ਦਾ 75 ਫੀਸਦੀ ਹਿੱਸਾ ਚਾਰ ਕੰਪਨੀਆਂ - ਐਸਡਾ ਵਾਲ-ਮਾਰਟ, ਸੇਫਵੇਅ, ਸੈਨਜ਼ਬਰੀ ਅਤੇ ਟੈਸਕੋ- ਦੀਆਂ ਸੁਪਰਮਾਰਕੀਟਾਂ ਰਾਹੀਂ ਹੁੰਦਾ ਹੈ। ਸੰਨ 2004 ਵਿੱਚ ਅਮਰੀਕਾ ਦੇ ਸਾਊਥ ਸੈਂਟਰਲ ਰੀਜਨ ਵਿੱਚ ਗਰੌਸਰੀ (ਕਰਿਆਨੇ) ਦੀ ਵਿਕਰੀ ਦਾ 52 ਫੀਸਦੀ ਹਿੱਸਾ ਸਿਰਫ ਤਿੰਨ ਕਾਰਪੋਰੇਸ਼ਨਾਂ - ਵਾਲ ਮਾਰਟ (30 ਫੀਸਦੀ), ਐਚ ਈ ਬੱਟ (14 ਫੀਸਦੀ) ਅਤੇ ਕਰੌਗਰ (8 ਫੀਸਦੀ)- ਦੇ ਅਧੀਨ ਸੀ। ਅਮਰੀਕਾ ਦੇ ਸਾਊਥ ਸੈਂਟਰਲ ਰੀਜਨ ਵਿੱਚ ਆਉਣ ਵਾਲੇ ਛੇ ਸੂਬਿਆਂ ਦੇ ਨਾਂ ਹਨ: ਟੈਕਸਜ਼, ਅਰਕੈਨਸਾਸ, ਲੁਜ਼ੀਆਇਨਾ, ਓਕਲਾਹੋਮਾ, ਕੈਨਸਸ ਅਤੇ ਨਿਊ ਮੈਕਸੀਕੋ।

ਬੇਸ਼ੱਕ ਵਿਕਾਸਸ਼ੀਲ ਦੇਸ਼ਾਂ ਵਿੱਚ ਕਰਿਆਨੇ ਦੀਆਂ ਵਸਤਾਂ ਦੀ ਵਿਕਰੀ ਉੱਤੇ ਅਜੇ ਕਾਰਪੋਰੇਸ਼ਨਾਂ ਦੀ ਏਡੀ ਵੱਡੀ ਪੱਧਰ ਤੱਕ ਜਕੜ ਨਹੀਂ ਬਣੀ ਪਰ ਇਸ ਪਾਸੇ ਨੂੰ ਰੁਝਾਣ ਵੱਧ ਰਿਹਾ ਹੈ। ਉਦਾਹਰਨ ਲਈ ਥਾਈਲੈਂਡ ਵਿੱਚ ਖਾਣੇ ਦੀ ਪ੍ਰਚੂਨ ਵਿਕਰੀ ਦਾ 36 ਫੀਸਦੀ ਹਿੱਸਾ ਹੁਣ ਕਾਰਪੋਰੇਸ਼ਨਾਂ ਦੀਆਂ ਸੁਪਰਮਾਰਕੀਟਾਂ ਰਾਹੀਂ ਵਿਕਦਾ ਹੈ। ਮੈਕਸੀਕੋ ਦੀ ਕੁੱਲ ਪ੍ਰਚੂਨ ਵਿਕਰੀ (ਇਕੱਲੇ ਖਾਣੇ ਦੀ ਨਹੀਂ) ਦਾ 40 ਫੀਸਦੀ ਹਿੱਸਾ ਇਕੱਲੇ ਵਾਲ-ਮਾਰਟ ਦੇ ਕੋਲ ਹੈ। ਵਿਸ਼ਵ ਵਪਾਰ ਦੇ ਸੰਬੰਧ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਨੂੰ ਮਾਰਕੀਟ ਦਾ ਵਿਸ਼ਲੇਸ਼ਣ ਪ੍ਰਦਾਨ ਕਰਨ ਵਾਲੀ ਇਕ ਸੰਸਥਾਂ ਪਲੈਨਿਟ ਰੀਟੇਲ ਦੀ ਇਕ ਪ੍ਰੈਸ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਬੇਸ਼ੱਕ ਦੁਨੀਆਂ ਭਰ ਦੀ ਕਰਿਆਨੇ ਦੀ ਵਿਕਰੀ ਦਾ 45 ਫੀਸਦੀ ਹਿੱਸਾ 100 ਕੁ ਕਾਰਪੋਰੇਸ਼ਨਾਂ ਦੇ ਅਧੀਨ ਹੋ ਗਿਆ ਹੈ ਪਰ ਅਜੇ ਤੱਕ ਚੀਨ, ਹਿੰਦੁਸਤਾਨ ਅਤੇ ਰੂਸ ਵਿੱਚ ਅਤੇ ਬਹੁਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਕਰਿਆਨੇ ਦੀ ਵਿਕਰੀ ਦਾ ਅੰਤਰਰਾਸ਼ਟਰੀ ਪ੍ਰਚੂਨ ਵਿਕਰੇਤਾਵਾਂ ਵਲੋਂ ਖੋਜਿਆ ਜਾਣਾ ਬਾਕੀ ਹੈ। ਇਸ ਪ੍ਰੈਸ ਰੀਲੀਜ਼ ਵਿੱਚ ਇਹ ਵੀ ਦੱਸਿਆ

ਗਿਆ ਹੈ ਕਿ ਇਸ ਸੰਬੰਧ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਦਾਹਰਨ ਲਈ ਵਾਲ ਮਾਰਟ ਕੇਂਦਰੀ ਅਮਰੀਕਾ ਦੇ ਦੇਸ਼ਾਂ ਵਿੱਚ ਆਪਣੇ ਪੈਰ ਜਮਾਉਣ ਦੇ ਯਤਨ ਕਰ ਰਿਹਾ ਹੈ। ਮੈਟਰੋ ਗਰੁੱਪ ਆਪਣੀਆਂ ਕੈਸ਼ ਐਂਡ ਕੈਰੀ ਦੀਆਂ ਮਾਰਕੀਟਾਂ ਨਵੀਆਂ ਉਭਰ ਰਹੀਆਂ ਮੰਡੀਆਂ, ਜਿਵੇਂ ਸਰਬੀਆ ਅਤੇ ਮੌਨਟੈਨੇਗਰੋ, ਮੌਲਡੋਵਾ, ਹਿੰਦੁਸਤਾਨ ਅਤੇ ਪਾਕਿਸਤਾਨ, ਵਿੱਚ ਖੋਲ੍ਹ ਰਿਹਾ ਹੈ।

ਉਪਰਲੀ ਗੱਲ ਤੋਂ ਇਹ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਅਜੋਕਾ ਅੰਤਰਰਾਸ਼ਟਰੀ ਵਪਾਰ ਆਜ਼ਾਦ ਮੰਡੀ ਦੇ ਪ੍ਰਬੰਧ ਵਜੋਂ ਕੰਮ ਨਹੀਂ ਕਰ ਰਿਹਾ ਸਗੋਂ ਕੁਝ ਕੁ ਕਾਰਪੋਰੇਸ਼ਨਾਂ ਦੇ ਗ਼ਲਬੇ ਹੇਠ ਕੰਮ ਕਰ ਰਿਹਾ। ਬੇਸ਼ੱਕ ਇਸ ਲੇਖ ਵਿੱਚ ਅਸੀਂ ਖੇਤੀ ਨਾਲ ਸੰਬੰਧਿਤ ਵਪਾਰ ਦੇ ਕੁਝ ਖੇਤਰਾਂ ਬਾਰੇ ਹੀ ਗੱਲ ਕੀਤੀ ਹੈ, ਪਰ ਹਾਲਾਤ ਦੂਸਰੇ ਸਨਅਤੀ ਖੇਤਰ ਵਿੱਚ ਇਸ ਤਰ੍ਹਾਂ ਦੇ ਹੀ ਹਨ। ਹੁਣ ਅਸੀਂ ਇਹ ਦੇਖਣਾ ਹੈ ਕਿ ਵਿਸ਼ਵ ਵਪਾਰ ਉੱਪਰ ਮੁੱਠੀ ਭਰ ਕਾਰਪੋਰੇਸ਼ਨਾਂ ਦੇ ਗ਼ਲਬੇ ਦੇ ਕੀ ਅਸਰ ਪੈਂਦੇ ਹਨ।

**ਇਸ ਗ਼ਲਬੇ ਦੇ ਨਤੀਜੇ:** ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਚੀਜ਼ ਦੇ ਵਿਸ਼ਵ ਵਪਾਰ ਉੱਪਰ ਮੁੱਠੀ ਭਰ ਕਾਰਪੋਰੇਸ਼ਨਾਂ ਦਾ ਗ਼ਲਬਾ, ਇਕ ਖ਼ੀਦਦਾਰ ਅਤੇ ਵਿਕਰੇਤਾ ਵਜੋਂ ਉਹਨਾਂ ਦੇ ਹੱਥ ਵਿੱਚ ਬਹੁਤ ਵੱਡੀ ਤਾਕਤ ਦੇ ਦਿੰਦਾ ਹੈ। ਚੀਜ਼ਾਂ ਨੂੰ ਖ਼ੀਦਣ ਅਤੇ ਵੇਚਣ ਲਈ ਇਹ ਕਾਰਪੋਰੇਸ਼ਨਾਂ ਆਪਣੀ ਮਰਜ਼ੀ ਦੀ ਕੀਮਤ ਤੈਅ ਕਰਦੀਆਂ ਹਨ। ਕਈ ਹਾਲਤਾਂ ਵਿੱਚ ਖੇਤੀ ਦੀ ਪੈਦਾਵਾਰ ਖ਼ੀਦਣ ਸਮੇਂ ਇਹ ਕਾਰਪੋਰੇਸ਼ਨਾਂ **ਉਹ ਕੀਮਤ ਨਿਸ਼ਚਿਤ ਕਰਦੀਆਂ ਹਨ ਜੋ ਉਤਪਾਦਨ ਕਰਨ ਉੱਤੇ ਆਏ ਖਰਚੇ ਨਾਲੋਂ ਵੀ ਘੱਟ ਹੁੰਦੀ ਹੈ।** ਇਸ ਦੀ ਇਕ ਉਦਾਹਰਨ ਹਿੰਦੁਸਤਾਨ ਵਿੱਚ ਚਾਹ ਦੇ ਵਪਾਰ ਨਾਲ ਸੰਬੰਧਿਤ ਹੈ ਜੋ ਐਕਸ਼ਨ ਏਡ ਦੀ ਉਪਰੋਕਤ ਰਿਪੋਰਟ ਵਿੱਚ ਦਰਜ ਕੀਤੀ ਗਈ ਹੈ। ਇਸ ਰਿਪੋਰਟ ਅਨੁਸਾਰ ਸੰਨ 1998 ਅਤੇ 2004 ਵਿਚਕਾਰ ਹਿੰਦੁਸਤਾਨ ਵਿੱਚ ਚਾਹ ਦੀ ਨੀਲਾਮੀ ਕੀਮਤ ਵਿੱਚ 33 ਫੀਸਦੀ ਦੀ ਕਮੀ ਹੋਈ ਸੀ। ਸੰਨ 1998 ਵਿੱਚ ਚਾਹੀ ਦੀ ਨਿਲਾਮੀ ਕੀਮਤ 69 ਰੁਪਏ ਪ੍ਰਤੀ ਕਿਲੋਗਰਾਮ ਸੀ ਅਤੇ ਸੰਨ 2004 ਵਿੱਚ ਇਹ ਕੀਮਤ 46 ਰੁਪਏ ਰਹਿ ਗਈ। ਚਾਹ ਦੀਆਂ ਇਹ ਨਿਲਾਮੀ ਕੀਮਤਾਂ ਚਾਹ ਦੀ ਉਤਪਾਦਨ ਦੀ ਕੀਮਤ (ਜਿਹੜੀ 2004 ਵਿੱਚ 75 ਰੁਪਏ ਦੇ ਨੇੜੇ ਮੰਨੀ ਗਈ ਸੀ) ਤੋਂ ਕਿਤੇ ਘੱਟ ਸਨ। ਬੇਸ਼ੱਕ ਚਾਹ ਦੀ ਕੀਮਤ ਵਿੱਚ ਇਸ ਗਿਰਾਵਟ ਦੇ ਕਈ ਕਾਰਨ - ਜਿਵੇਂ ਵਾਧੂ ਪੈਦਾਵਾਰ, ਚਾਹ ਦੀ ਮਾੜੀ ਕੁਆਲਟੀ ਆਦਿ - ਦੱਸੇ ਜਾਂਦੇ ਹਨ, ਫਿਰ ਵੀ ਇਕ ਰਿਪੋਰਟ ਮੁਤਾਬਕ ਕੀਮਤ ਦੀ ਗਿਰਾਵਟ ਵਿੱਚ ਚਾਹ ਖ਼ੀਦਣ ਵਾਲੀਆਂ ਵੱਡੀਆਂ ਕੰਪਨੀਆਂ ਦਾ ਵੀ ਵੱਡਾ ਹੱਥ ਹੈ। ਚਾਹ ਉਗਾਉਣ ਵਾਲਿਆਂ ਅਤੇ ਉਹਨਾਂ ਦੀਆਂ ਯੂਨੀਅਨਾਂ ਦਾ ਕਹਿਣਾ ਹੈ ਕਿ ਨਿਲਾਮੀ ਵਾਲੀਆਂ ਥਾਂਵਾਂ ਉੱਤੇ "ਕਾਰਪੋਰੇਸ਼ਨਾਂ ਲਈ ਕੰਮ ਕਰਦੇ ਵੱਡੇ ਖਿਡਾਰੀ ਮੁਕਾਬਲਾ ਘਟਾਉਣ ਲਈ ਚਾਹ ਦੇ ਛੋਟੇ ਬਰੋਕਰਾਂ ਨੂੰ ਨਿਲਾਮੀ ਵਾਲੀਆਂ ਥਾਂਵਾਂ ਤੋਂ ਦੂਰ ਰੱਖਦੇ ਹਨ। ਇਹ ਇਕ ਕਾਰਨ ਹੈ ਕਿ ਭਾਵੇਂ ਪ੍ਰਚੂਨ ਵਿਕਰੀ ਸਮੇਂ ਚਾਹ ਦੇ ਇਕ ਕਿਲੋਗ੍ਰਾਮ ਦੀ ਕੀਮਤ 160 ਰੁਪਏ ਹੈ, ਪਰ ਨਿਲਾਮੀ ਸਮੇਂ ਚਾਹ ਦੇ ਇਕ ਕਿਲੋਗ੍ਰਾਮ ਦੀ ਕੀਮਤ 50 ਰੁਪਏ ਹੁੰਦੀ ਹੈ।"

ਚਾਹ ਦੀਆਂ ਕੀਮਤਾਂ ਵਿੱਚ ਆਈ ਇਹ ਗਿਰਾਵਟ ਚਾਹ ਉਗਾਉਣ ਵਾਲੇ ਛੋਟੇ ਕਿਸਾਨਾਂ ਅਤੇ ਚਾਹ ਦੇ ਬਾਗਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਲਈ ਬਹੁਤ ਮੁਸ਼ਕਿਲਾਂ ਖੜੀ ਕਰ ਰਹੀ ਹੈ। ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਹਿੰਦੁਸਤਾਨ ਵਿੱਚ 10 ਲੱਖ ਤੋਂ ਵੱਧ ਲੋਕ ਚਾਹ ਦੀ ਸਨਅਤ ਵਿੱਚ ਕੰਮ ਕਰਦੇ ਹਨ। ਇਸ ਕਿਸਮ ਦੀ ਸਥਿਤੀ ਵਿੱਚ ਉਹਨਾਂ ਲਈ ਸਖਤ ਕੰਮ ਕਰਕੇ ਆਪਣੇ ਢਿੱਡ ਭਰਨਾ ਵੀ ਮੁਸ਼ਕਿਲ ਹੋ ਰਿਹਾ ਹੈ। ਪਰ ਕਾਰਪੋਰੇਸ਼ਨਾਂ ਉੱਪਰ ਇਸ ਸਥਿਤੀ ਦਾ ਕੋਈ ਨਾਂਹ-ਪੱਖੀ ਅਸਰ ਨਹੀਂ ਪੈ ਰਿਹਾ, ਸਗੋਂ ਉਹਨਾਂ ਦੇ ਮੁਨਾਫੇ ਵੱਧ ਰਹੇ ਹਨ। ਉਦਾਹਰਨ ਲਈ, ਜਦੋਂ ਕਿ ਚਾਹ ਦਾ ਉਤਪਾਦਨ ਕਰਨ ਵਾਲਿਆਂ ਨੂੰ ਚਾਹ ਦੀਆਂ ਕੀਮਤਾਂ ਘੱਟ ਮਿਲ ਰਹੀਆਂ ਸਨ, ਪਰ ਹਿੰਦੁਸਤਾਨ ਵਿੱਚ ਚਾਹ ਦੇ ਵਪਾਰ ਉੱਤੇ ਗ਼ਾਲਬ ਪਹਿਲੇ ਨੰਬਰ ਦੀ ਕੰਪਨੀ ਹਿੰਦੁਸਤਾਨ ਲਿਵਰ ਦੇ ਸ਼ੇਅਰ ਹੋਲਡਰਾਂ ਨੂੰ ਮਿਲਣ ਵਾਲੇ ਡਿਵੀਡੈਂਡਸ (ਲਾਭਅੰਸ਼) 1996 ਤੋਂ -2002/3 ਵਿਚਕਾਰ ਚਾਰ ਗੁਣਾਂ ਦੇ ਕਰੀਬ ਵੱਧ ਗਏ ਸਨ।

ਇਸ ਸੰਬੰਧ ਵਿੱਚ ਖੇਤੀ ਦੀ ਪੈਦਾਵਾਰ ਬਾਰੇ ਹੋਰ ਵਿਸਤ੍ਰਿਤ ਉਦਾਹਰਨਾਂ ਦੇਣ ਦੀ ਥਾਂ ਇਹ ਦੱਸ ਦੇਣਾ ਹੀ ਕਾਫੀ ਹੈ ਕਿ ਪਿਛਲੇ ਦੋ ਢਾਈ ਦਹਾਕਿਆਂ ਦੌਰਾਨ ਵਿਸ਼ਵ ਮਾਰਕੀਟ ਵਿੱਚ ਖੇਤੀ ਦੀਆਂ ਹੋਰ ਮਹੱਤਵਪੂਰਨ ਵਸਤਾਂ, ਕੌਫੀ, ਕੋਕਾ, ਚੌਲ, ਨਾਰੀਅਲ ਦਾ ਤੇਲ ਆਦਿ ਦੀਆਂ ਕਿਸਾਨਾਂ ਨੂੰ ਮਿਲਣ ਵਾਲੀਆਂ ਕੀਮਤਾਂ ਵਿੱਚ 50 ਫੀਸਦੀ ਦੀ ਕਮੀ ਆਈ ਹੈ। ਇਸ ਦੇ ਨਤੀਜੇ ਵਜੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਆਪਣੇ ਆਪ ਨੂੰ ਜ਼ਿੰਦਾ ਰੱਖਣਾ ਵੀ ਮੁਸ਼ਕਿਲ ਹੋ ਗਿਆ ਹੈ, ਪਰ ਇਹਨਾਂ

ਵਸਤਾਂ ਦਾ ਵਪਾਰ ਕਰ ਰਹੀਆਂ ਕਾਰਪੋਰੇਸ਼ਨਾਂ ਦੇ ਮੁਨਾਫਿਆਂ ਵਿੱਚ ਵਾਧਾ ਹੋਇਆ ਹੈ। ਐਕਸ਼ਨ ਏਡ ਦੀ ਉਪਰੋਕਤ ਰਿਪੋਰਟ ਵਿੱਚ ਵਰਲਡ ਬੈਂਕ ਦੇ ਇਕ ਅਧਿਅਨ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਕਿਸਾਨਾਂ ਨੂੰ ਮਿਲਣ ਵਾਲੀਆਂ ਕੀਮਤਾਂ ਅਤੇ ਪ੍ਰਚੂਨ ਦੀਆਂ ਕੀਮਤਾਂ ਵਿਚਕਾਰ ਦੇ ਫਰਕ ਕਾਰਨ ਖੇਤੀ ਦੀਆਂ ਵਸਤਾਂ ਦਾ ਨਿਰਯਾਤ ਕਰਨ ਵਾਲੇ ਦੇਸ਼ਾਂ ਨੂੰ ਹਰ ਸਾਲ 100 ਅਰਬ ਡਾਲਰ ਤੋਂ ਵੱਧ ਦਾ ਘਾਟਾ ਪਾ ਰਿਹਾ ਹੈ।

**ਖੇਤੀ ਵਿੱਚ ਲੋੜੀਂਦੀਆਂ ਵਸਤਾਂ ਦੀ ਵਿਕਰੀ ਕੀਮਤ ਨਿਸ਼ਚਿਤ ਕਰਨ ਸਮੇਂ** ਇਹਨਾਂ ਵਸਤਾਂ ਦੇ ਵਪਾਰ ਉੱਪਰ ਗ਼ਾਲਬ ਕਾਰਪੋਰੇਸ਼ਨਾਂ ਉਹਨਾਂ ਦੀ ਕੀਮਤ ਵੱਧ ਰੱਖਦੀਆਂ ਹਨ। ਉਦਾਹਰਨ ਲਈ ਸੰਨ 2002-3 ਦੌਰਾਨ ਮੌਨਸੈਂਟੋ ਕਾਰਪੋਰੇਸ਼ਨ ਵਲੋਂ ਹਿੰਦੁਸਤਾਨ ਦੇ ਆਂਧਰਾ ਪ੍ਰਦੇਸ਼ ਸੂਬੇ ਦੇ ਕਿਸਾਨਾਂ ਨੂੰ ਕਪਾਹ ਦੇ ਬੀਜਾਂ (ਬੀ ਟੀ ਕਾਟਨ) ਦਾ 450 ਗ੍ਰਾਮ ਦਾ ਇਕ ਪੈਕਟ 1600 ਰੁਪਏ ਦਾ ਵੇਚਿਆ ਗਿਆ ਸੀ। ਇਹਨਾਂ 1600 ਰੁਪਈਆਂ ਵਿੱਚੋਂ 1200 ਰੁਪਏ ਰੌਇਲਟੀ ਦੇ ਸਨ। ਉਸ ਹੀ ਸਮੇਂ ਦੌਰਾਨ ਕਪਾਹ ਦੇ ਰਵਾਇਤੀ ਬੀਜਾਂ ਦਾ ਪੈਕਟ 450-500 ਰੁਪਏ ਦਾ ਵਿਕ ਰਿਹਾ ਸੀ। ਪਰ ਮੌਨਸੈਂਟੋ ਵਲੋਂ ਵੇਚੇ ਬੀਜਾਂ ਦੇ ਝਾੜ ਅਤੇ ਰਵਾਇਤੀ ਬੀਜਾਂ ਦੇ ਝਾੜ ਵਿਚਕਾਰ ਕੋਈ ਏਡਾ ਵੱਡਾ ਫਰਕ ਨਹੀਂ ਸੀ। ਵਿਸ਼ਵੀਕਰਨ ਦੇ ਵਰਤਾਰੇ ਅਧੀਨ ਪੌਦਿਆਂ ਦੀਆਂ ਵੱਖ ਵੱਖ ਕਿਸਮਾਂ ਅਤੇ ਬੀਜਾਂ ਦੇ ਸੰਬੰਧ ਵਿੱਚ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਦੇ ਕਾਨੂੰਨ ਇਹਨਾਂ ਕਾਰਪੋਰੇਸ਼ਨਾਂ ਨੂੰ ਖੇਤੀ ਵਿੱਚ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਵੱਧ ਰੱਖਣ ਵਿੱਚ ਸਹਾਈ ਹੋ ਰਹੇ ਹਨ। ਖੇਤੀ ਦੀ ਪੈਦਾਵਾਰ ਦੀ ਘੱਟ ਕੀਮਤ ਅਤੇ ਖੇਤੀ ਵਿੱਚ ਲੋੜੀਂਦੀਆਂ ਵਸਤਾਂ ਦੀ ਵੱਧ ਕੀਮਤ ਦੁਨੀਆਂ ਦੇ ਕ੍ਰੋੜਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਮਾਰੂ ਸਥਿਤੀਆਂ ਪੈਦਾ ਕਰ ਰਹੀ ਹੈ। ਬਹੁਤੇ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਆਪਣੇ ਆਪ ਨੂੰ ਮਸਾਂ ਹੀ ਜ਼ਿੰਦਾ ਰੱਖ ਰਹੇ ਹਨ ਅਤੇ ਕੁਝ ਇਕ ਖੁਦਕਸ਼ੀਆਂ ਕਰ ਰਹੇ ਹਨ। ਮੰਡੀ ਦੇ ਨਿਯਮ ਅਨੁਸਾਰ ਹੋਣਾ ਤਾਂ ਇਹ ਚਾਹੀਦਾ ਹੈ ਕਿ ਜੇ ਖੇਤੀ ਵਿੱਚ ਲੋੜੀਂਦੀਆਂ ਵਸਤਾਂ ਵੇਚਣ ਵਾਲੇ ਇਹਨਾਂ ਵਸਤਾਂ ਦੀਆਂ ਕੀਮਤਾਂ ਵੱਧ ਰੱਖਦੇ ਹਨ ਤਾਂ ਉਹਨਾਂ ਦੇ ਖ੍ਰੀਦਦਾਰ ਕਿਸੇ ਦੂਸਰੇ ਤੋਂ ਇਹ ਵਸਤਾਂ ਖ੍ਰੀਦ ਲੈਣ। ਪਰ ਮੌਜੂਦਾ ਸਥਿਤੀਆਂ ਵਿੱਚ ਅਜਿਹਾ ਹੋਣਾ ਮੁਮਕਿਨ ਨਹੀਂ। ਇਕ ਪਾਸੇ ਖ੍ਰੀਦਦਾਰਾਂ ਵਿੱਚ ਕ੍ਰੋੜਾਂ ਕਿਸਾਨ ਸ਼ਾਮਲ ਹਨ ਅਤੇ ਦੂਸਰੇ ਪਾਸੇ ਵੇਚਣ ਵਾਲਿਆਂ ਵਿੱਚ ਸਿਰਫ ਮੁੱਠੀ ਭਰ ਕਾਰਪੋਰੇਸ਼ਨਾਂ। ਇਸ ਲਈ ਕ੍ਰੋੜਾਂ ਕਿਸਾਨਾਂ ਲਈ "ਜਾਏਂ ਤੋਂ ਜਾਏਂ ਕਹਾਂ" ਵਾਲੀ ਸਥਿਤੀ ਬਣੀ ਹੋਈ ਹੈ। ਪਰ ਖੇਤੀ ਵਿੱਚ ਲੋੜੀਂਦੀਆਂ ਵਸਤਾਂ ਵੇਚਣ ਵਾਲੀਆਂ ਕਾਰਪੋਰੇਸ਼ਨਾਂ ਲਈ ਦੋਵੇਂ ਹੱਥਾਂ ਵਿੱਚ ਲੱਡੂ ਹੋਣ ਵਰਗੀ ਸਥਿਤੀ ਬਣੀ ਹੋਈ ਹੈ।

ਇਸ ਤੋਂ ਬਿਨਾਂ ਖੇਤੀ ਨਾਲ ਸੰਬੰਧਿਤ ਕਾਰੋਬਾਰ ਉੱਪਰ ਮੁੱਠੀ ਭਰ ਕਾਰਪੋਰੇਸ਼ਨਾਂ ਦੇ ਗ਼ਲਬੇ ਕਾਰਨ ਕਾਰਪੋਰੇਸ਼ਨਾਂ ਅਤੇ ਆਮ ਲੋਕਾਂ (ਕਿਸਾਨਾਂ, ਖੇਤ ਮਜ਼ਦੂਰਾਂ) ਵਿਚਕਾਰ ਤਾਕਤ ਦਾ ਬਹੁਤ ਵੱਡਾ ਅਸਾਂਵਾਂਪਣ ਪੈਦਾ ਹੋ ਗਿਆ ਹੈ। ਆਪਣੇ ਆਰਥਿਕ ਗ਼ਲਬੇ ਦਾ ਫਾਇਦਾ ਉਠਾ ਕੇ ਕਾਰਪੋਰੇਸ਼ਨਾਂ ਸਿਆਸੀ ਤੌਰ ਉੱਤੇ ਵੀ ਭਾਰੂ ਹੋ ਗਈਆਂ ਹਨ। ਨਤੀਜੇ ਵਜੋਂ ਬਹੁਤੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਂਵਾਂ ਖੇਤੀ ਬਾਰੇ ਕਾਨੂੰਨ ਬਣਾਉਣ ਸਮੇਂ ਕਾਰਪੋਰੇਸ਼ਨਾਂ ਦੇ ਹਿਤਾਂ ਨੂੰ ਪਹਿਲ ਦਿੰਦੀਆਂ ਹਨ ਅਤੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿਤਾਂ ਨੂੰ ਅਣਗੌਲਿਆਂ ਕਰ ਦਿੰਦੀਆਂ ਹਨ। ਇਸ ਦੇ ਨਾਲ ਹੀ ਜਦੋਂ ਕਿਤੇ ਕਿਸੇ ਕਾਰਪੋਰੇਸ਼ਨ ਵਲੋਂ ਆਮ ਲੋਕਾਂ ਦੇ ਹੱਕਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਆਮ ਲੋਕਾਂ ਵਲੋਂ ਇਹਨਾਂ ਉਲੰਘਣਾਵਾਂ ਦੇ ਇਵਜ਼ ਵਿੱਚ ਇਨਸਾਫ ਪ੍ਰਾਪਤ ਕਰਨਾ ਬਹੁਤ ਔਖਾ ਹੋ ਗਿਆ ਹੈ। ਇਸ ਸੰਬੰਧ ਵਿੱਚ ਉਦਾਹਰਨ ਲਈ, ਯੂਨੀਅਨ ਕਾਰਬਾਈਡ ਦੇ ਭੂਪਾਲ ਵਿਚਲੇ ਖਾਦ ਅਤੇ ਕੀੜੇਮਾਰ ਦਵਾਈਆਂ ਬਣਾਉਣ ਵਾਲੇ ਪਲਾਂਟ ਵਿੱਚ 1984 ਵਿੱਚ ਹੋਈ ਗੈਸ ਲੀਕ ਨੂੰ ਲਿਆ ਜਾ ਸਕਦਾ ਹੈ। ਇਸ ਗੈਸ ਲੀਕ ਕਾਰਨ ਹਜ਼ਾਰਾਂ ਲੋਕ ਮਾਰੇ ਗਏ ਸਨ ਅਤੇ ਹੋਰ ਬਹੁਤ ਸਾਰੇ ਘਾਤਕ ਬੀਮਾਰੀਆਂ ਦਾ ਸ਼ਿਕਾਰ ਹੋਏ ਸਨ। ਦੋ ਦਹਾਕੇ ਬੀਤ ਜਾਣ ਬਾਅਦ ਵੀ ਭੂਪਾਲ ਦੇ ਇਹਨਾਂ ਲੋਕਾਂ ਨੂੰ ਪੂਰਾ ਇਨਸਾਫ ਨਹੀਂ ਮਿਲ ਸਕਿਆ। ਜਦੋਂ ਕਿ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਨੂੰ ਡੋਅ ਕਾਰਪੋਰੇਸ਼ਨ ਨੇ ਖ੍ਰੀਦ ਲਿਆ ਸੀ ਅਤੇ ਡੋਅ ਪੂਰੇ ਜ਼ੋਰ ਸ਼ੋਰ ਨਾਲ ਦੁਨੀਆਂ ਵਿੱਚ ਆਪਣਾ ਕਾਰੋਬਾਰ ਚਲਾ ਰਹੀ ਹੈ।

**ਸਿੱਟਾ:** ਅੰਤ ਵਿੱਚ ਇਹ ਗੱਲ ਬਹੁਤ ਸਪਸ਼ਟਤਾ ਨਾਲ ਕਹੀ ਜਾ ਸਕਦੀ ਹੈ ਕਿ ਅੱਜ ਦਾ ਵਿਸ਼ਵ ਵਪਾਰ ਪ੍ਰਬੰਧ ਆਜ਼ਾਦ ਮੰਡੀ ਦਾ ਪ੍ਰਬੰਧ ਨਹੀਂ ਸਗੋਂ ਕੁਝ ਇਕ ਕਾਰਪੋਰੇਸ਼ਨਾਂ ਦੇ ਗ਼ਲਬੇ ਵਾਲਾ ਪ੍ਰਬੰਧ ਹੈ। ਇਸ ਪ੍ਰਬੰਧ ਨੂੰ ਆਮ ਲੋਕਾਂ ਵਿੱਚ ਹਰਮਨ ਪਿਆਰਾ

ਕਰਨ ਲਈ ਇਸ ਨੂੰ "ਆਜ਼ਾਦ ਮੰਡੀ" ਦੇ ਨਾਂ ਨਾਲ ਪ੍ਰਚਾਰਿਆ ਜਾ ਰਿਹਾ। ਇਸ ਪ੍ਰਬੰਧ ਦੀ ਸਿਫਤ ਕਰਦਿਆਂ ਇਹ ਗੱਲ ਕਹੀ ਜਾਂਦੀ ਹੈ ਕਿ ਇਹ ਪ੍ਰਬੰਧ ਮੁਕਾਬਲੇ ਦਾ ਪ੍ਰਬੰਧ ਹੈ ਅਤੇ ਮੁਕਾਬਲਾ ਤਰੱਕੀ ਕਰਨ ਲਈ ਚੰਗੀ ਗੱਲ ਹੈ। ਪਰ ਅਸਲੀਅਤ ਇਹ ਹੈ ਕਿ ਮੁੱਠੀ ਭਰ ਕਾਰਪੋਰੇਸ਼ਨਾਂ ਦੇ ਗ਼ਲਬੇ ਵਿੱਚ ਆਏ ਪ੍ਰਬੰਧ ਵਿੱਚ ਕਾਰਪੋਰੇਸ਼ਨਾਂ ਵਿਚਕਾਰ ਮੁਕਾਬਲਾ ਬਹੁਤ ਸੀਮਤ ਹੈ। ਹਾਂ ਜੇ ਕੋਈ ਮੁਕਾਬਲਾ ਹੈ ਤਾਂ ਉਹ ਉਹਨਾਂ ਲੱਖਾਂ-ਕ੍ਰੋੜਾਂ ਲੋਕਾਂ ਵਿਚਕਾਰ ਹੈ ਜੋ ਇਹਨਾਂ ਕਾਰਪੋਰੇਸ਼ਨਾਂ ਲਈ ਵਸਤਾਂ ਤਿਆਰ ਕਰਦੇ ਹਨ, ਇਹਨਾਂ ਕਾਰਪੋਰੇਸ਼ਨਾਂ ਨੂੰ ਵਸਤਾਂ ਵੇਚਦੇ ਹਨ। ਇਸ ਮੁਕਾਬਲੇ ਕਾਰਨ ਉਹ ਆਪਣੀਆਂ ਵਸਤਾਂ ਅਤੇ ਮਜ਼ਦੂਰੀ ਨੂੰ ਸਸਤੇ ਭਾਅ ਵੇਚਣ ਲਈ ਮਜ਼ਬੂਰ ਹੁੰਦੇ ਹਨ। ਨਤੀਜੇ ਵਜੋਂ ਮੁੱਠੀ ਭਰ ਕਾਰਪੋਰੇਸ਼ਨਾਂ ਦੀ ਖੁਸ਼ਹਾਲੀ ਵਿੱਚ ਵਾਧਾ ਹੋ ਰਿਹਾ ਹੈ ਅਤੇ ਲੱਖਾਂ-ਕ੍ਰੋੜਾਂ ਆਮ ਲੋਕਾਂ ਲਈ ਜ਼ਿੰਦਗੀ ਜਿਉਣਾ ਮੁਸ਼ਕਿਲ ਬਣ ਰਿਹਾ ਹੈ।

***


**ਪੰਜਾਬੀ ਲੈਂਗੁਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀ)**

**ਵਲੋਂ ਛੇਵਾਂ ਸਲਾਨਾ**

## ਅੰਤਰਰਾਸ਼ਟਰੀ ਮਾਂ-ਬੋਲੀ ਦਿਨ

# ਕਨੇਡਾ ਵਿੱਚ ਪੰਜਾਬੀ ਬੋਲੀ ਦੇ 110 ਵਰ੍ਹੇ

**24 ਫਰਵਰੀ 2008; ਸਵੇਰੇ 10 ਤੋਂ ਸ਼ਾਮ ਦੇ 5 ਵਜੇ ਤੱਕ**

**hvylI rYstorYNt 8220 - 120 strIt, srI**

***ਪ੍ਰੋਗਰਾਮ***

ਸਵੇਰੇ 10 ਵਜੇ : **ਜੀ ਆਇਆਂ ਨੂੰ**

10:30 ਤੋਂ 12 ਵਜੇ ਤੱਕ : **ਕਨੇਡਾ ਵਿੱਚ ਪੰਜਾਬੀ ਬੋਲੀ ਦੇ 110 ਵਰ੍ਹੇ**

***ਇਸ ਸੈਸ਼ਨ ਵਿੱਚ ਕਨੇਡਾ ਵਿੱਚ ਪੰਜਾਬੀ ਬੋਲੀ ਦੇ 110 ਵਰ੍ਹੇ ਦੇ ਇਤਿਹਾਸ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।***

**12 ਤੋਂ 1 ਵਜੇ ਤੱਕ : ਲੰਚ**

1 ਤੋਂ 3 ਵਜੇ ਤੱਕ: **ਕਨੇਡਾ ਵਿਚ ਪੰਜਾਬੀ ਦੇ ਵਿਕਾਸ ਵਿਚ ਪੰਜਾਬੀ ਵਪਾਰੀ ਭਾਈਚਾਰੇ ਦੀ ਭੂਮਿਕਾ**

***ਇਸ ਸੈਸ਼ਨ ਵਿੱਚ ਪੰਜਾਬੀ ਭਾਈਚਾਰੇ ਦੇ ਕੁਝ ਸਿਰਕੱਢ ਵਪਾਰੀ ਵਿਚਾਰ ਵਟਾਂਦਰਾ ਕਰਨਗੇ ਕਿ ਪੰਜਾਬੀ ਵਪਾਰੀ ਭਾਈਚਾਰਾ ਕਨੇਡਾ ਵਿੱਚ ਪੰਜਾਬੀ ਦੀ ਸਾਂਭ ਤੇ ਵਿਕਾਸ ਵਿੱਚ ਕਿਸ ਤਰ੍ਹਾਂ ਹੋਰ ਸਿੱਧਾ ਯੋਗਦਾਨ ਪਾ ਸਕਦਾ ਹੈ।***

3 ਤੋਂ 4:30 ਵਜੇ ਤੱਕ: **ਵਿਸ਼ਵ ਪੱਧਰ ਉੱਤੇ ਪੰਜਾਬੀ ਬੋਲੀ ਦਾ ਸਥਾਨ ਅਤੇ ਚੁਣੌਤੀਆਂ**

***ਇਸ ਸੈਸ਼ਨ ਵਿਚ ਪੰਜਾਬੀ ਦੇ ਉੱਘੇ ਵਿਦਵਾਨ ਡਾਕਟਰ ਰਘਬੀਰ ਸਿੰਘ ਸਿਰਜਣਾ, ਯੂ ਬੀ ਸੀ ਤੋਂ ਡਾਕਟਰ ਐਨ ਮਰਫੀ, ਕੁਝ ਪੰਜਾਬੀ ਅਧਿਆਪਕ, ਯੂ ਬੀ ਸੀ ਤੋਂ ਗੈਰ-ਪੰਜਾਬੀ ਪਿਛੋਕੜ ਦਾ ਪੰਜਾਬੀ ਵਿਦਿਆਰਥੀ ਅਤੇ ਹੋਰ ਵਿਅਕਤੀ ਹਿੱਸਾ ਲੈਣਗੇ।***

4:30 ਤੋਂ 5 ਵਜੇ ਤੱਕ: **ਦਿਨ ਦੇ ਸੈਸ਼ਨ ਦੀ ਸਮਾਪਤੀ**

***ਇਸ ਸੈਸ਼ਨ ਵਿਚ ਦਿਨ ਭਰ ਦੇ ਵਿਚਾਰ ਵਟਾਂਦਰੇ ਨੂੰ ਸਮੇਟਿਆ ਜਾਵੇਗਾ ਅਤੇ ਅਗਾਂਹ ਲਈ ਪ੍ਰੋਗਰਾਮ ਉਲੀਕੇ ਜਾਣਗੇ।***

**ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਸੰਪਰਕ:**

ਬਲਵੰਤ ਸੰਘੇੜਾ - 604-275-8977; ਸਾਧੂ ਬਿਨਿੰਗ - 604-437-9014

**ਪੰਜਾਬੀ ਲੈਂਗੁਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀ)**

# ਕੈਨੇਡਾ ਦਾ ਪੰਜਾਬੀ ਸਾਹਿਤ

(ਅਸੀ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦੀ ਸੂਚੀ ਲੜੀ ਵਾਰ ਵਤਨ ਦਿਆਂ ਅੰਕਾਂ ਵਿਚ ਛਾਪ ਰਹੇ ਹਾਂ। ਇਸ ਵਾਰ ਕਵਿਤਾਵਾਂ ਦੀਆਂ ਕਿਤਾਬਾਂ ਦੀ ਸੂਚੀ ਛਾਪੀ ਜਾ ਰਹੀ ਹੈ। ਕੋਸ਼ਸ਼ ਦੇ ਬਾਵਜੂਦ ਇਹ ਸੰਭਵ ਹੈ ਕਿ ਸਾਡੀ ਸੂਚੀ ਅਧੂਰੀ ਹੋਵੇ। ਕਿਰਪਾ ਕਰ ਕੇ ਆਪਣੀ ਜਾਂ ਕਿਸੇ ਹੋਰ ਲੇਖਕ ਦੀ ਇਸ ਸੂਚੀ ਵਿੱਚੋਂ ਰਹਿ ਗਈ ਪੁਸਤਕ ਬਾਰੇ ਸਾਨੂੰ ਜਾਣਕਾਰੀ ਭੇਜੋ। ਇਹ ਜਾਣਕਾਰੀ ਤੁਸੀਂ ਹਰਪ੍ਰੀਤ ਸੇਖਾ ਦੇ ਧਿਆਨ-ਹਿਤ ਭੇਜ ਸਕਦੇ ਹੋ। ਧੰਨਵਾਦ।)

## ਕਵਿਤਾਵਾਂ

**ਉਂਕਾਰਪ੍ਰੀਤ**
ਮਿੱਪਲ ਦੀ ਕੈਨਵਸ, ਕੁਕਨਸ ਪ੍ਰਕਾਸ਼ਨ, ਜਲੰਧਰ, 2005

**ਅਜਮੇਰ ਰੋਡੇ**
ਸੁਰਤੀ, ਥਰਡ ਆਈ ਪਬਲੀਕੇਸ਼ਨਜ਼, ਲੰਡਨ, ਕਨੇਡਾ, 1989
ਸ਼ੁਭ ਚਿੰਤਨ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1993
ਲੀਲ੍ਹਾ (ਨਵਤੇਜ ਭਾਰਤੀ ਨਾਲ), ਰੇਨਬਰਡ ਪ੍ਰੈਸ, ਲੰਡਨ, 1999

**ਅਮਨਪਾਲ ਸਾਰਾ**
ਦੋ ਮਾਵਾਂ ਦਾ ਪੁੱਤਰ, ਏਸ਼ੀਆ ਵਿਜ਼ਨਜ਼, 1999

**ਅੰਮ੍ਰਿਤ ਦੀਵਾਨਾ**
ਮਹਿਕ ਦੀ ਆਮਦ, 1987
ਸੰਵੇਦਨਾ, ਤ੍ਰਿਸ਼ੰਕੂ ਪ੍ਰਕਾਸ਼ਨ, ਲੁਧਿਆਣਾ, 2001

**ਇਕਬਾਲ ਅਰਪਣ**
ਸੁਨੱਖਾ ਦਰਦ, 1977
ਕਬਰ ਦਾ ਫੁੱਲ, 1980

**ਇਕਬਾਲ ਖਾਨ**
ਕਾਫ਼ਲੇ, ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ, 1992

**ਇਕਬਾਲ ਰਾਮੂਵਾਲੀਆ**
ਕੁਝ ਵੀ ਨਹੀਂ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1984
ਪਾਣੀ ਦਾ ਪਰਛਾਵਾਂ, ਨਵਯੁਗ ਪਬਲਿਸ਼ਰਜ਼, ਦਿੱਲੀ, 1991
ਕਵਿਤਾ ਮੈਨੂੰ ਲਿਖਦੀ ਹੈ, ਨਵਯੁਗ ਪਬਲਿਸ਼ਰਜ਼, ਦਿੱਲੀ, 1995

**ਇੰਦਰੇਸ਼**
ਕੋੜਾ ਸ਼ਰਬਤ, ਆਰਸੀ ਪਬਲਿਸ਼ਰਜ਼, ਦਿੱਲੀ, 1988
ਕਿਣਮਿਣ ਕਿਣਮਿਣ, (ਖੁਦ ਪ੍ਰਕਾਸ਼ਤ), 2000

**ਇੰਦਰਜੀਤ ਕੌਰ ਸਿੱਧੂ**
ਤਨ-ਮਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979
ਅਣਹੋਣੀ ਹੀ ਹੋਈ, (ਸਵੈ-ਪ੍ਰਕਾਸ਼ਿਤ) 1985

ਹੋਣੀ ਤੋਂ ਅਣਹੋਣੀ ਤੱਕ, (ਸਵੈ-ਪ੍ਰਕਾਸ਼ਿਤ) 1985
ਨੰਗੇ ਪੈਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1996
ਖਿਲਾਅ ਵਿੱਚ ਦਸਤਕ, ਅੱਖਰ ਪ੍ਰਕਾਸ਼ਨ, ਅੰਮ੍ਰਿਤਸਰ, 2006

**ਸਵਰਨ ਸਿੰਘ ਬੈਂਸ**
ਮਾਖ਼ਤੇ ਗਿਲੇ: ਰੂਹਾਨੀ ਸ਼ਾਇਰੀ, (ਸਵੈ-ਪ੍ਰਕਾਸ਼ਿਤ), 2000

**ਸਾਧੂ ਬਿਨਿੰਗ**
ਸੋਨੇ ਰੰਗੀ ਸੜਕ, ਚਾਵਲਾ ਪਬਲੀਕੇਸ਼ਨ, ਫਗਵਾੜਾ, 1976
ਰਿਸ਼ਤੇ ਦਰਿਆਵਾਂ ਦੇ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1990
ਵਤਨੋਂ ਦੂਰ ਨਹੀਂ, (ਦੋਭਾਸ਼ੀ ਕਾਵਿ ਸੰਗ੍ਰਹਿ) ਜ਼ਾਰ ਪੁਬਲੀਕੇਸ਼ਨਜ਼, ਟਰਾਂਟੋ, 1994
ਯਾਰ ਮੇਰਾ ਦਰਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2001

**ਸੁਖਪਾਲ**
ਚੁੱਪ ਚੁਪੀਤੇ ਚੇਤਰ ਚੜ੍ਹਿਆ, ਅੰਤਰਨਾਦ ਪ੍ਰਕਾਸ਼ਨ, ਪਟਿਆਲਾ, 2003
ਰਹੁਣ ਕਿਥਾਊ ਨਾਹਿ, 2007

**ਸੁਖਿੰਦਰ**
ਸ਼ਹਿਰ ਧੁੰਦ ਤੇ ਰੌਸ਼ਨੀਆਂ, 1974
ਤਿੰਨ ਕੋਣ (ਸਾਂਝੀ) 1979
ਲੱਕੜ ਦੀਆਂ ਮੱਛੀਆਂ, ਇਕੱਤੀ ਫਰਵਰੀ ਪ੍ਰਕਾਸ਼ਨ, ਦਿੱਲੀ, 1979
ਮਕਤਲ (ਕੋ-ਸੰਪਾ:) 1983
ਤੂਫਾਨ ਦੀਆਂ ਜੜ੍ਹਾਂ 'ਚ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1985
ਬਘਿਆੜਾਂ ਦੇ ਵੱਸ, (ਸੰਪਾ:) ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1987
ਬੁੱਢੇ ਘੋੜਿਆਂ ਦੀ ਆਤਮ ਕਥਾ, 1991
ਸਕਿਜ਼ੋਫਿਰੇਨੀਆ, ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ, 1993
ਇਹ ਖ਼ਤ ਕਿਸ ਨੂੰ ਲਿਖਾਂ, 1998
ਕੁੱਤਿਆਂ ਬਾਰੇ ਕਵਿਤਾਵਾਂ, 2006
ਪਰਦੂਸ਼ਤ ਹਵਾ, 2006

**ਸੁਖਵਿੰਦਰ ਕੌਰ**
ਰਾਤੀਂ ਚੜ੍ਹਿਆ ਸੂਰਜ, ਦੀਪਕ ਪਬਲਿਸ਼ਰਜ਼, ਜਲੰਧਰ, 1994

**ਸੁਰਜੀਤ ਕਲਸੀ**
ਪੌਣਾਂ ਨਾਲ ਗੁਫਤਗੂ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1979
ਔਰਤ, ਸ਼ਬਦ ਤੇ ਸ਼ਕਤੀ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ 1999
ਰੋਮ ਰੋਮ ਵਿਚ ਜਗਦੇ ਦੀਵੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2005
ਨਾਮ ਤਿਹਾਰੇ, ਅੱਖਰ (ਰੂਪੀ)ਪ੍ਰਕਾਸ਼ਨ, ਅੰਮ੍ਰਿਤਸਰ, 2006

**ਸੁਰਿੰਦਰ ਧੰਜਲ**
ਸੂਰਜਾਂ ਦੇ ਹਮਸਫਰ, 1972
ਤਿੰਨ ਕੋਣ (ਸਾਂਝੀ), ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1979
ਜ਼ਖ਼ਮਾਂ ਦੀ ਫ਼ਸਲ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, 1985

**ਸੁਸ਼ੀਲ ਕੌਰ**
ਮੋਮਬੱਤੀਆਂ, 1992
ਪਿੱਪਲ ਪੱਤੇ, ਸਮਰਾਟ ਪਾਕੇਟ ਬੁਕਸ, ਮੋਗਾ, 1993

**ਹਰਕੰਵਲਜੀਤ ਸਾਹਿਲ**
ਸ਼ਬਦ ਅਸ਼ਬਦ, ਮਿਸ਼ਾਲ ਪ੍ਰਕਾਸ਼ਨ, ਕੈਲਗਰੀ, 2001

**ਹਰਚੰਦ ਸਿੰਘ ਬਾਗੜੀ**
ਸੁਨਿਹਰੀ ਮਣਕੇ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1992
ਸੋਨੇ ਦਾ ਮਿਰਗ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1992
ਸਲੋਕਾਂ ਭਰੀ ਚੰਗੇਰ, ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ, 1999
ਬੁੱਕ ਮਿੱਟੀ ਦੀ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰਕੋਟਲਾ, 1999
ਸਮੇਂ ਦਾ ਸੱਚ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰਕੋਟਲਾ, 2003
ਸੁਨੇਹੇਂ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰਕੋਟਲਾ,2003
ਸੱਜਰੇ ਫੁੱਲ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰਕੋਟਲਾ, 2006

**ਹਰਜੀਤ ਦੌਧਰੀਆ**
ਸੱਚੇ ਮਾਰਗ ਚਲਦਿਆਂ, 1977
ਹੈ ਭੀ ਸੱਚ ਹੋਸੀ ਭੀ ਸੱਚ, 1984
ਆਪਣਾ ਪਿੰਡ ਪਰਦੇਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002

**ਹਰਦੇਵ ਸਿੰਘ ਵੜੈਚ**
ਸ਼ਹੀਦ ਦਾ ਬੁੱਤ, ਕਲਾਲੇਖ ਪ੍ਰਕਾਸ਼ਨ, ਜਲੰਧਰ, 2003

**ਹਰਭਜਨ ਮਾਂਗਟ**
ਚੁੱਪ ਦੀ ਦਹਿਲੀਜ਼
ਮਨ ਦੀ ਛਾਵੇਂ
ਹਾਦਸੇ ਤੇ ਜ਼ਿੰਦਗੀ
ਰਾਖੇ

**ਹਰੀ ਸਿੰਘ ਤਤਲਾ**
ਦਰਦਾਂ ਦੀ ਲੋਅ, 2003
ਚੁੱਪ ਦੇ ਹੰਝੂ, 2007

**ਹਰੀਪਾਲ**
ਬੰਦ ਘਰਾਂ ਦੇ ਵਾਸੀ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2004

**ਕਸ਼ਮੀਰਾ ਸਿੰਘ ਚਮਨ**
ਕਣਕਾਂ ਰੰਗ ਵਟਾਏ, ਨਾਨਕ ਸਿੰਘ ਪੁਸਤਕਮਾਲਾ, 1974
ਨਾਲ ਪਿਆਰੇ ਨੇਹੁੰ, ਚਮਨ ਪਬਲੀਕੇਸ਼ਨ, ਕੋਟ ਫਤੂਹੀ, 1975
ਚਾਨਣ ਕਣੀਆਂ, ਨਾਨਕ ਸਿੰਘ ਪੁਸਤਕਮਾਲਾ, 1975
ਅੰਮ੍ਰਿਤ ਬੂੰਦਾ, ਨਾਨਕ ਸਿੰਘ ਪੁਸਤਕਮਾਲਾ, 1975

ਸੂਰਜ, ਨਾਨਕ ਸਿੰਘ ਪੁਸਤਕਮਾਤਲਾ, ਪ੍ਰੀਤ ਨਗਰ, 1977

**ਕੇਸਰ ਸਿੰਘ ਨੀਰ**
ਕਸਕਾਂ, 1960
ਗਮ ਨਹੀਂ, 1981
ਕਿਰਣਾਂ ਦੇ ਬੋਲ, 1989
ਅਣਵਗੇ ਅਥਰੂ, 1996

**ਕੁਲਵਿੰਦਰ ਖਹਿਰਾ**
ਪੀੜ ਦੀ ਪਰਵਾਜ਼, ਸੁਰਤਾਲ ਪ੍ਰਕਾਸ਼ਨ, ਜਲੰਧਰ, 2001

**ਗਿਆਨੀ ਕੇਸਰ ਸਿੰਘ**
ਅਜ਼ਾਦੀ ਦੀ ਕਵਿਤਾ

**ਗਿਆਨ ਸਿੰਘ ਕੋਟਲੀ**
ਨਾਨਕ ਦੁਨੀਆਂ ਕੈਸੀ ਹੋਈ, ਕੁਕਨੁਸ ਪ੍ਰਕਾਸ਼ਨ, ਜਲੰਧਰ, 2003
ਨਾਨਾਕ ਸ਼ਾਇਰ ਇਵ ਕਹਿਆ, ਕਲਾਲੇਖ ਪ੍ਰਕਾਸ਼ਨ, ਜਲੰਧਰ, 2004

**ਗਿੱਲ ਮੋਰਾਂਵਾਲੀ**
ਹੰਝੂ ਹਾਉਕੇ, ਕਿਰਤੀ ਪਬਲਿਸ਼ਰਜ਼, ਜਲੰਧਰ, 1964
ਮੈ-ਖਾਨਾ, ਕਿਰਤੀ ਪਬਲਿਸ਼ਰਜ਼, ਜਲੰਧਰ, 1965
ਲਲਕਾਰ, ਕਿਰਤੀ ਪਬਲਿਸ਼ਰਜ਼, ਜਲੰਧਰ, 1965
ਜਾਗ ਪਏ ਹਿੰਦ ਦੇ ਜਵਾਨ, ਕਿਰਤੀ ਪਬਲਿਸ਼ਰਜ਼, ਜਲੰਧਰ,1966
ਕੈਫ-ਇ-ਗ਼ਜ਼ਲ, ਕਿਰਤੀ ਪਬਲਿਸ਼ਰਜ਼, ਜਲੰਧਰ , 1966
ਗੀਤ ਮਣੀ, ਹਜ਼ੂਰੀਆ ਐਂਡ ਸੰਨਜ਼, ਜਲੰਧਰ,1967
ਅਸਵਾਤ-ਇ-ਗਜ਼ਲ, ਸੀਮਾ ਪ੍ਰਕਾਸ਼ਨ, ਜਲੰਧਰ, 1973
ਆਰ ਚਾਨਣ ਪਾਰ ਚਾਨਣ, ਸੀਮਾ ਪ੍ਰਕਾਸ਼ਨ, ਜਲੰਧਰ, 1973
ਚੰਬੇ ਦੀ ਡਲੀ, ਆਰਸੀ ਪਬਲਿਸ਼ਰਜ਼, ਦਿੱਲੀ, 1975
ਜਿੰਦ ਬਲੇ ਅਧਮੋਈ, ਸੀਮਾ ਪ੍ਰਕਾਸ਼ਨ, ਜਲੰਧਰ,1976
ਬੰਜਰ ਧਰਤੀ, ਸੀਮਾ ਪ੍ਰਕਾਸ਼ਨ, ਜਲੰਧਰ,1976
ਅਰਕ-ਇ-ਗਜਲ਼, ਸੀਮਾ ਪ੍ਰਕਾਸ਼ਨ, ਜਲੰਧਰ,1977
ਮਿੱਟੀ ਦੀ ਸੁਗੰਧ, ਆਰਸੀ ਪਬਲਿਸ਼ਰਜ਼, ਦਿੱਲੀ, 1978
ਗਜ਼ਲਮਣੀ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1995
ਤਨਵੀਰ-ਇ-ਗ਼ਜਲ਼, ਨਵਯੁਗ ਪਬਲਿਸ਼ਰਜ਼, ਦਿੱਲੀ, 1996
ਕਾਵਿ ਟੁਕੜੀਆਂ, ਨਵਯੁਗ ਪਬਲਿਸ਼ਰਜ਼, ਦਿੱਲੀ, 1998
ਮੌਸਮ ਦਾ ਸੰਤਾਪ, ਨਵਯੁਗ ਪਬਲਿਸ਼ਰਜ਼, ਦਿੱਲੀ, 2004
ਸ਼ਰਾਰੇ, ਨਵਯੁਗ ਪਬਲਿਸ਼ਰਜ਼, ਦਿੱਲੀ, 2005
ਸੋਜ-ਇ-ਨਿਹਾਂ, ਵਰਤਮਾਨ ਪ੍ਰਕਾਸ਼ਨ, ਦਿੱਲੀ, 2006
ਹਾਸਲ-ਇ-ਜਨੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006
ਗ਼ਜ਼ਲ਼ਾਂ ਦਾ ਪਰਾਗਾ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007
ਬਾਬਲ ਜਾਈ ਕੀ ਕਰੇ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007

**ਗੁਰਚਰਨ ਸਿੰਘ ਸਰਨਾ**
ਫੁੱਲ ਨਵੀਂ ਬਹਾਰ ਦੇ, (ਸਵੈ-ਪ੍ਰਕਾਸ਼ਿਤ), 1999

**ਗੁਰਚਰਨ ਰਾਮਪੁਰੀ**
ਕਣਕਾਂ ਦੀ ਖੁਸ਼ਬੋ,ਨਵਯੁਗ ਪਬਲਿਸ਼ਰਜ਼, ਦਿੱਲੀ,1953
ਕੌਲ-ਕਰਾਰ,ਰੂਰਲ ਬੁੱਕ ਕੰਪਨੀ, ਲੁਧਿਆਣਾ,1960
ਕਿਰਣਾਂ ਦਾ ਆਲ੍ਹਣਾ,ਬਿਸ਼ਨ ਚੰਦ ਐਂਡ ਸੰਨਜ਼, ਦਿੱਲੀ,1963
ਅੰਨ੍ਹੀ ਗਲੀ,ਨਵਯੁਗ ਪਬਲਿਸ਼ਜ਼, ਦਿੱਲੀ, 1972
ਕੰਚਨੀ,ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ1980
ਕਤਲਗਾਹ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ, 1980
ਅਗਨਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1993
ਅੱਜ ਤੋਂ ਆਰੰਭ ਤੱਕ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001
ਦੋਹਾਵਲੀ, ਨੈਸ਼ਨਲ ਬੁੱਕ ਸ਼ਾਪ, ਦਿੱਲੀ,2003

**ਗੁਰਦਰਸ਼ਨ ਬਾਦਲ**
ਕਿਰਚਾਂ, ਏਸ਼ੀਆ ਵਿਯਨਜ਼ ਪ੍ਰਕਾਸ਼ਨ ਲੁਧਿਆਣਾ, 2000

**ਗੁਰਦਿਆਲ ਸਿੰਘ ਕੰਵਲ**
ਮੀਲ ਪੱਥਰ, ਦੀਪਕ ਪਬਲਿਸ਼ਰਜ਼, ਜਲੰਧਰ, 1978
ਕੱਚ ਕੰਕਰਾਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1981
ਮੂੰਹ ਬੋਲਦਾ ਸੂਰਜ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ. 2004

**ਗੁਰਦਿਆਲ ਸਿੰਘ ਦਿਆਲ**
ਅਲੂਣੀ ਸਿੱਲ, ਮੇਪਲ ਲੀਫ ਰਾਈਟਰਜ਼ ਫਾਉਂਡੇਸ਼ਨ, ਐਡਮੰਟਨ, 2001

**ਗੁਰਦੇਵ ਸਿੰਘ ਮਾਨ**
ਜੱਟੀ ਦੇਸ ਪੰਜਾਬ ਦੀ
ਮਾਨ ਸਰੋਵਰ
ਸੂਲ ਸੁਰਾਹੀ
ਮਹਿਫਲ ਮਿੱਤਰਾਂ ਦੀ
ਹੀਰ ਰਾਂਝਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮਿਰਤਸਰ, 2003

**ਚਰਨ ਸਿੰਘ**
ਤੀਸਰੀ ਅੱਖ, ਮਿਥਕ ਪ੍ਰਕਾਸ਼ਨ, ਜਲੰਧਰ, 1982
ਮਿੱਟੀ 'ਚ ਉਕਰੇ ਅੱਖਰ, ਨਵਯੁਗ ਪਬਲਿਸ਼ਰਜ਼, ਦਿੱਲੀ, 1984
ਸੂਨੈਅ ਬੋਧ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987
ਆਪੇ ਬੋਲ ਸਰੋਤ, ਪਰਵਾਜ਼ ਪ੍ਰਕਾਸ਼ਨ, ਲੁਧਿਆਣਾ, 1998

**ਨਦੀਮ ਪਰਮਾਰ**
ਰੁਪਹਿਲੀ ਛਾਂ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1995
ਪੱਤੀ-ਪੱਤੀ, ਜਲੰਧਰ, 1996
ਬਿੰਦੂ ਤੋਂ ਉਰੇ, ਨਵਯੁਗ ਪਬਲਿਸ਼ਰਜ਼, ਦਿੱਲੀ, 2001
ਨਦੀਮ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2005

**ਜਸਵੰਤ ਸਿੰਘ ਮਾਂਗਟ**
ਚਾਨਣ ਦੇ ਪੰਛੀ, ਮਹਿੰਦਰਾ ਆਰਟ ਪ੍ਰੈਸ, ਲੁਧਿਆਣਾ, 1991

**ਜਰਨੈਲ ਸਿੰਘ**
ਭੁੱਖ ਝਨਾਂ ਦੀ ਗਾਥਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989

**ਜੀ.ਐਸ.ਸ਼ੇਰਗਿੱਲ**
ਨਰਕ ਯਾਤਰਾ, ਲਾਹੌਰ ਬੁੱਕ ਸ਼ਾਪ ਲੁਧਿਆਣਾ,2004

**ਜੁਗਿੰਦਰ ਸ਼ਮਸ਼ੇਰ**
ਕੁਝ ਕਵਿਤਾਵਾਂ, ਨਵਯੁਗ ਪਬਲਿਸ਼ਰਜ਼, ਦਿੱਲੀ, 1992

**ਤਰਲੋਚਨ ਸਿੰਘ ਸੈਂਬੀ**
ਝੁਮਕੇ ਲੈਣ ਹੁਲਾਰੇ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2005

**ਦਰਸ਼ਨ ਖਹਿਰਾ**
ਯਾਦਾਂ ਦਾ ਸਫਰ, ਕਾਫਲੇ ਪ੍ਰਕਾਸ਼ਨ, ਚੰਡੀਗੜ, 1998
ਮਨੁੱਖ ਦੀ ਵਾਰ, ਕਾਫਲੇ ਪ੍ਰਕਾਸ਼ਨ, ਚੰਡੀਗੜ, 1998

**ਦਰਸ਼ਨ ਗਿੱਲ**
ਰੂਪ ਅਰੂਪ, ਦ੍ਰਿਸ਼ਟੀ ਪ੍ਰਕਾਸ਼ਨ, ਜਲੰਧਰ, 1976
ਜੰਗਲ ਦੀ ਅੱਗ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1976
ਖ਼ਲੀਜ਼, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1978
ਆਪਣੇ ਸਨਮੁੱਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1980
ਕਾਲਾ ਸੂਰਜ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1984
ਅੱਗ ਦਾ ਸਫ਼ਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1992
ਹਾਦਸਿਆਂ ਦੇ ਹਾਸਿਲ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1996
ਪੌਣਾਂ ਦੇ ਰੰਗ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,2001
ਨਜ਼ਮ ਦੀ ਤਲਾਸ਼ ਵਿੱਚ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2005
ਨਜ਼ਮ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2005

**ਨਸ਼ੱਤਰ ਗਿੱਲ**
ਪੱਛਮੀ ਰਾਤ ਦੀ ਅੱਖ
ਬੰਦਾ ਗੁੰਮ ਹੈ

**ਨਵਤੇਜ ਭਾਰਤੀ**
ਲੀਲ੍ਹਾ (ਅਜਮੇਰ ਰੋਡੇ ਨਾਲ), ਰੇਨਬਰਡ ਪ੍ਰੈਸ, ਲੰਡਨ, 1999

**ਨਿਰੰਜਣ ਸਿੰਘ ਮਾਨ (ਪ੍ਰੋ)**
ਮੁਹਾਂਦਰਾ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2003

**ਪਾਲ ਢਿੱਲੋਂ**
ਉੱਡਦੀਆਂ ਫੁਲਕਾਰੀਆਂ, ਦੀਪਕ ਪਬਲਿਸ਼ਰਜ਼, ਜਲੰਧਰ, 1998
ਜੰਗਲ, ਪਹਾੜ, ਝੀਲਾਂ, ਨਵਯੁਗ ਪਬਲਿਸ਼ਰਜ਼, ਦਿੱਲੀ, 2002

ਬਰਫ਼ਾਂ ਲੱਦੇ ਰੁੱਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004
ਖੁਸ਼ੀ, ਖੁਸ਼ਬੂ, ਖ਼ੁਮਾਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005

**ਪੰਜਾਬੀ ਲੇਖਕ ਮੰਚ**
ਮਨ ਪਰਦੇਸੀ ਜੇ ਥੀਐ (ਸੰਪਾ.), ਪੰਜਾਬੀ ਲੇਖਕ ਮੰਚ, ਵੈਨਕੂਵਰ, 1993

**ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ**
ਕੈਨੇਡਾ ਦੀ ਪੰਜਾਬੀ ਕਵਿਤਾ (ਸੰਪਾ.), ਨਾਨਕ ਸਿੰਘ ਪੁਸਤਕਮਾਲਾ, 1980

**ਪ੍ਰੀਤਮ ਸਿੰਘ ਧੰਜਲ**
ਮਿਲਨ
ਸੁਚੇਤ ਸੁਪਨੇ, ਸੰਦੀਪ ਪਬਲਿਸ਼ਰਜ਼, ਚੰਡੀਗੜ, 1989
ਤੁਲਸੀ ਦੇ ਪੱਤਰ
ਸਤਿਯੰਮ ਸ਼ਿਵਮ ਸੁੰਦਰਮ
ਨਿਰਪ

**ਭੁਪਿੰਦਰ ਦੁਲੇ**
ਅਹਿਸਾਸ ਦੀ ਪੀੜ, ਸੁਰਤਾਲ ਪ੍ਰਕਾਸ਼ਨ, ਜਲੰਧਰ 2000

**ਮਨਜੀਤ ਮੀਤ**
ਰੰਗ-ਏ-ਸਿਕਸ਼ਤ, ਲਾਹੌਰ ਬੁੱਕ ਸ਼ਾਪ , ਲੁਧਿਆਣਾ, 1982
ਨਿਖੰਭੜੇ, ਨੈਸ਼ਨਲ ਬੁੱਕ ਸ਼ਾਪ, ਦਿੱਲੀ,1988
ਸਵਾਲੀਆ ਨਿਸ਼ਾਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990
ਲੱਕੜ ਦੇ ਘੋੜੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2001

**ਮੰਗਾ ਬਾਸੀ**
ਬਰਫ਼ ਦਾ ਮਾਰੂਥਲ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992
ਮੈਂ ਤੇ ਕਵਿਤਾ, ਕੁਕਨੁਸ ਪ੍ਰਕਾਸ਼ਨ ਜਲੰਧਰ, 2003

**ਮਹਿੰਦਰ ਸੂਮਲ**
ਖੱਟਣ ਗਏ ਪ੍ਰਦੇਸ, ਲੋਕ ਕਲਾ ਕੇਂਦਰ, ਵੈਨਕੂਵਰ, 1985
ਧੂੰਏਂ 'ਚ ਛੁਪੀ ਅੱਗ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992
ਦੁੱਖ ਪ੍ਰਦੇਸਾਂ ਦੇ, ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ, 1994
ਨੀਂ ਤੂੰ ਕੀ ਖੱਟਿਆ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2005
ਭਗਤ ਸਿੰਗ ਦੀ ਸੋਚ ਵਾਇਓ, ਚੇਤਨਾ ਪ੍ਰਕਾਸ਼ਨ, 2007

**ਮਿੱਤਰ ਰਾਸ਼ਾ**
ਅਕਾਸਮਾਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1976
ਅੱਖਰਾਂ ਦੀ ਬੁੱਕਲ, ਦੀਪਕ ਪਬਲਿਸ਼ਰਜ਼, ਜਲੰਧਰ, 1983
ਚੁੱਪ ਦੇ ਬੰਜਰ, ਦੀਪਕ ਪਬਲਿਸ਼ਰਜ਼, ਜਲੰਧਰ, 1983
ਕੰਚਰ ਚੰਦਰ, ਦੀਪਕ ਪਬਲਿਸ਼ਰਜ਼, ਜਲੰਧਰ, 1990

**ਮਿੰਨੀ ਗਰੇਵਾਲ**

ਫੁੱਲ ਪੱਤੀਆਂ,  ਮਨਪ੍ਰੀਤ ਪ੍ਰਕਾਸ਼ਨ, ਦਿੱਲੀ

**ਮੋਹਣ ਗਿੱਲ**
ਗਿਰਝਾਂ ਦੀ ਹੜਤਾਲ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1995

**ਰਵਿੰਦਰ ਸਿੰਘ ਗਿੱਲ**
ਚਾਨਣ ਦੀ ਭਾਲ, ਆਲਟਾਇਪ ਗਰਾਫਿਕਸ ਪਬਲੀਕੇਸ਼ਨ, ਟਰਾਂਟੋ, 1988
ਮੁਹੱਬਤ, ਏਸ਼ੀਆ ਪ੍ਰਕਾਸ਼ਨ, ਟਰਾਂਟੋ, 1991

**ਰਵਿੰਦਰ ਰਵੀ**
ਦਿਲ ਦਰਿਆ ਸਮੁੰਦਰੋਂ ਡੂੰਘੇ, ਧਨਪਤ ਰਾਏ ਐਂਡ ਸੰਨਜ, ਜਲੰਧਰ, 1961
ਬੁੱਕਲ ਦੇ ਵਿੱਚ ਚੋਰ, ਹਿੰਦ ਪਬਲਿਸ਼ਰਜ਼, ਜਲੰਧਰ, 1963
ਬਿੰਦੂ, ਦੌਲਤ ਰਾਮ ਸਹਿਦੇਵ ਐਂਡ ਸੰਨਜ਼, ਜਲੰਧਰ, 1965
ਮੌਨ ਹਾਦਸੇ, ਰਾਜ ਰੂਪ ਪ੍ਰਕਾਸ਼ਨ, ਜਲੰਦਰ,1967
ਦਿਲ ਟਰਾਂਸਪਲਾਂਟ ਤੋਂ ਬਾਅਦ, ਨਿਊ ਬੁੱਕ ਕੰਪਨੀ, ਜਲੰਧਰ, 1969
ਸ਼ਹਿਰ ਜੰਗਲੀ ਹੈ, ਨਿਊ ਬੁੱਕ ਕੰਪਨੀ, ਜਲੰਧਰ, 1970
ਮੇਰੇ ਮੌਸਮ ਦੀ ਵਾਰੀ, ਨਿਊ ਬੁੱਕ ਕੰਪਨੀ, ਜਲੰਧਰ, 1972
ਜਲ ਭਰਮ ਜਲ, ਕੇ. ਲਾਲ ਐਂਡ ਕੰਪਨੀ, ਜਲੰਧਰ, 1976
ਚਿੱਟੇ ਕਾਲੇ ਧੱਬੇ, ਕੇ. ਲਾਲ ਐਂਡ ਕੰਪਨੀ, ਜਲੰਧਰ, 1978
ਸੀਮਾਂ ਆਕਾਸ਼, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980
ਸ਼ੀਸ਼ੇ 'ਤੇ ਦਸਤਕ, ਨਵਯੁਗ ਪਬਲਿਸ਼ਰਜ਼, ਦਿੱਲੀ, 1983
ਆਪਣੇ ਖਿਲਾਫ਼, ਨਵਯੁਗ ਪਬਲਿਸ਼ਰਜ਼, ਦਿੱਲੀ, 1986
ਸੂਰਜ ਤੇਰਾ ਮੇਰਾ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1989
ਗੈਂਢਾਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1993
ਸ਼ਬਦੋਂ ਪਾਰ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1999
ਪੱਤਰ ਤੇ ਦਰਿਆ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2003
ਛਾਵਾਂ ਤੇ ਪਰਛਾਵੇਂ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007

**ਰਾਜਪਾਲ ਬੋਪਾਰਾਏ**
ਹਾਸ਼ੀਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ

**ਲੱਖ ਕਰਨਾਲਵੀ**
ਰੱਤ ਦੇ ਦੀਵੇ, ਜੈਨ ਪਬਲੀਕੇਸ਼ਨ, ਸਰਹਿੰਦ
ਚਾਰ ਚਿਰਾਗ, ਦੀਪਕ ਪਬਲੀਕੇਸ਼ਨ, ਜਲੰਧਰ, 1992
ਅੱਗ ਦਾ ਸ਼ਤੀਰ, ਦੀਪਕ ਪਬਲੀਕੇਸ਼ਨ, ਜਲੰਧਰ,1997
ਸ਼ਬਦਾਂ ਦੇ ਓਹਲੇ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2001
ਕੱਚੇ ਪੱਕੇ ਰੰਗ, ਉਡਾਨ ਪਬਲੀਕੇਸ਼ਨ,2005
ਜਲ ਥਲ ਮਹੀਅਲ, ਉਡਾਨ ਪਬਲੀਕੇਸ਼ਨ,2005

**ਸ਼ਮਸ਼ੇਰ ਸਿੰਘ ਸੰਧੂ**
ਗਾ ਜ਼ਿੰਦਗੀ ਦੇ ਗੀਤ ਤੂੰ (ਗਜ਼ਲ ਸੰਗ੍ਰਹਿ), ਡਿਸਕਾਊਂਟ ਪ੍ਰਿੰਟਿੰਗ, ਕੈਲਗਰੀ, 2003
ਜੋਤ ਸਾਹਸ ਦੀ ਜਗਾ (ਕਾਵਿ ਸੰਗ੍ਰਹਿ), ਡਿਸਕਾਊਂਟ ਪ੍ਰਿੰਟਿੰਗ, ਕੈਲਗਰੀ, 2005
ਬਣ ਸ਼ੁਆ ਤੂੰ (ਗਜ਼ਲ ਸੰਗ੍ਰਹਿ), ਡਿਸਕਾਊਂਟ ਪ੍ਰਿੰਟਿੰਗ, ਕੈਲਗਰੀ, 2006

ਰੌਸ਼ਨੀ ਦੀ ਭਾਂਲ (ਗਜ਼ਲ ਸੰਗ੍ਰਹਿ), ਡਿਸਕਾਊਂਟ ਪ੍ਰਿੰਟਿੰਗ, ਕੈਲਗਰੀ, 2007

***